

Driver Needed, Owner op. needed
ਡਰਾਈਵਰਾਂ ਦੀ ਲੋੜ
ਓਨਰ ਅਪਰੇਟਰਾਂ ਦੀ ਲੋੜ
209-479-0242



ਹਫਤਾਵਾਰੀ

# ਦੇਸ਼ ਦੁਆਬਾ

VOL - 5 ISSUE - 46
February 22, 2017
Postal Address
5101 Doe Hollow Pl, Antelope, CA-95843
www.deshdoaba.com
www.ambedkartimes.com



Golden State Truck Sales Inc.
ਟਰੱਕ-ਟਰੇਲਰ
ਖਰੀਦਣ ਅਤੇ ਵੇਚਣ ਲਈ ਮਿਲੋ
ਸਸਤੀਆਂ ਵਿਆਜ ਦਰਾਂ ਤੇ ਟਰੱਕ
ਦਾ ਲੋਨ ਲੈਣ ਲਈ
ਅਸੀਂ ਤੁਹਾਡੀ ਮਦਦ ਕਰਾਂਗੇ



Call : Dharminder Singh
Cell : 530-870-6600
Email: myfuturetruck@gmail.com



ਮੁੱਖ ਸੰਪਾਦਕ : ਪ੍ਰੇਮ ਕੁਮਾਰ ਚੁੰਬਰ ਸੰਪਰਕ : 916-947-8920 ਫੈਕਸ : 916-238-1393 E-mail : deshdoaba@yahoo.com ਸੰਪਾਦਕ : ਤਰਸੇਮ ਜਲੰਧਰੀ





ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ ਵਿਖੇ ਪ੍ਰਬੰਧਕ ਕਮੇਟੀ ਅਤੇ ਸਮੂਹ ਸੰਗਤ ਨੇ ਸ੍ਰੀ ਗੁਰੂ ਰਵਿਦਾਸ ਜੀ ਦਾ 640ਵਾਂ ਪ੍ਰਕਾਸ਼ ਦਿਹਾੜਾ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਇਆ। **ਤਸਵੀਰਾਂ ਅਤੇ ਰਿਪੋਰਟ ਦੇਖੋ ਸਫਾ 11,12 ਅਤੇ 13 'ਤੇ।**



ਸ੍ਰੀ ਗੁਰੂ ਰਵਿਦਾਸ ਟੈਂਪਲ ਨਿਊਯਾਰਕ ਵਿਖੇ ਸ੍ਰੀ ਗੁਰੂ ਰਵਿਦਾਸ ਜੀ ਦਾ 640ਵਾਂ ਪ੍ਰਕਾਸ਼ ਦਿਹਾੜਾ ਮਨਾਉਂਦੇ ਸਮੇਂ ਨਿਸ਼ਾਨ ਸਾਹਿਬ ਦੀ ਸੇਵਾ ਦੀ ਰਸਮ ਨਿਭਾਉਂਦੇ ਹੋਏ ਸ੍ਰੀ ਗੁਰੂ ਰਵਿਦਾਸ ਸਭਾ ਆਫ ਨਿਊਯਾਰਕ ਦੇ ਪ੍ਰਬੰਧਕ, ਸੰਗਤਾਂ ਅਤੇ ਭਾਈ ਸਿੰਘ। **(ਰਿਪੋਰਟ ਤੇ ਤਸਵੀਰਾਂ ਦੇਖੋ ਸਫਾ 14 ਤੇ)**

## ਪੰਜਾਬ ਵਿਚ 'ਆਪ' ਜਾਂ 'ਕਾਂਗਰਸ' ਦੀ ਸਰਕਾਰ ਦੇ ਸੰਕੇਤ

**ਚੰਡੀਗੜ੍ਹ–** ਚੋਣਾਂ ਦੌਰਾਨ ਵੋਟਰਾਂ ਵੱਲੋਂ ਨਿਭਾਈ ਖਾਮੋਸ਼ ਭੂਮਿਕਾ ਕਾਰਨ ਸਿਆਸੀ ਤੌਰ 'ਤੇ ਭਾਵੇਂ ਭੰਬਲਭੂਸੇ ਵਾਲੀ ਸਥਿਤੀ ਬਣੀ ਹੋਈ ਹੈ ਪਰ ਸੀਨੀਅਰ ਆਈਏਐਸ ਤੇ ਆਈਪੀਐਸ ਅਧਿਕਾਰੀਆਂ ਨੇ ਭਵਿੱਖ ਦੀ ਸਰਕਾਰ ਵਿੱਚ ਅਹੁਦੇ ਹਾਸਲ ਕਰਨ ਲਈ ਜੋੜ-ਤੋੜ ਦੀ ਰਾਜਨੀਤੀ ਸ਼ੁਰੂ ਕਰ ਦਿੱਤੀ ਹੈ। ਬਦਲੀਆਂ ਹੋਈਆਂ ਰਾਜਸੀ ਪ੍ਰਸਥਿਤੀਆਂ ਵਿੱਚ ਅਫ਼ਸਰਾਂ ਵੱਲੋਂ ਕਾਂਗਰਸ ਅਤੇ ਆਮ ਆਦਮੀ ਪਾਰਟੀ (ਆਪ) ਆਗੂਆਂ ਨਾਲ ਨੇੜਤਾ ਬਣਾਈ ਜਾ ਰਹੀ ਹੈ। 'ਆਪ' ਆਗੂਆਂ ਤੱਕ ਪਹੁੰਚ ਲਈ ਸਾਬਕਾ ਪੱਤਰਕਾਰਾਂ ਦੀ ਮਦਦ ਲਈ ਜਾ ਰਹੀ ਹੈ, ਜਦੋਂ ਕਿ ਕਾਂਗਰਸ ਤੱਕ ਅਫ਼ਸਰਾਂ ਦੀ ਪਹੁੰਚ ਸੁਖਾਲੀ ਕਰਨ ਲਈ ਡੀਜੀਪੀ ਰੈਂਕ ਦਾ ਇਕ ਅਧਿਕਾਰੀ ਕੇਂਦਰ ਬਿੰਦੂ ਬਣਿਆ ਹੋਇਆ ਹੈ।



ਪ੍ਰਾਪਤ ਜਾਣਕਾਰੀ ਅਨੁਸਾਰ ਦਰਜਨ ਦੇ ਕਰੀਬ ਆਈਜੀ, ਡੀਆਈਜੀ ਅਤੇ ਐਸਪੀ ਰੈਂਕ ਦੇ ਅਧਿਕਾਰੀਆਂ ਨੇ 'ਆਪ' ਤੱਕ ਪਹੁੰਚ ਬਣਾ ਲਈ ਹੈ। ਇਨ੍ਹਾਂ ਵਿੱਚ ਜ਼ਿਆਦਾਤਰ ਅਜਿਹੇ ਆਗੂ ਹਨ, ਜਿਨ੍ਹਾਂ ਬਾਦਲ ਸਰਕਾਰ ਨੂੰ ਖ਼ੁਸ਼ ਕਰਨ ਲਈ ਵਿਰੋ-ਧੀਆਂ 'ਤੇ ਪਰਚੇ ਦਰਜ ਕਰਨ ਵਿੱਚ ਕਸਰ ਨਹੀਂ ਸੀ ਛੱਡੀ। ਸਕੱਤਰੇਤ ਦੇ ਗਲਿਆਰਿਆਂ ਵਿੱਚ ਭਾਰੀ ਚਰਚਾ ਹੈ ਕਿ ਮੁੱਖ ਸਕੱਤਰ, ਮੁੱਖ ਮੰਤਰੀ ਦਾ ਪ੍ਰਮੁੱਖ ਸਕੱਤਰ ਅਤੇ ਡੀਜੀਪੀ ਰੈਂਕ ਲਈ ਅਧਿਕਾਰੀਆਂ ਵੱਲੋਂ ਸਿਰ ਤੋੜ ਯਤਨ ਕੀਤੇ ਜਾ ਰਹੇ ਹਨ। ਕਈ ਸੀਨੀਅਰ ਅਧਿਕਾਰੀਆਂ ਵੱਲੋਂ ਆਪਣੇ ਮੌਜੂਦਾ ਅਹੁਦੇ ਕਾਇਮ ਰੱਖਣ ਲਈ ਵੀ ਹੁਣੇ ਤੋਂ ਜ਼ੋਰ

**(ਬਾਕੀ ਸਫਾ 7 ਤੇ)**

## ਗ਼ੈਰਕਾਨੂੰਨੀ ਪਰਵਾਸੀਆਂ ਖ਼ਿਲਾਫ਼ ਸ਼ਿਕੰਜਾ

**ਵਾਸ਼ਿੰਗਟਨ (ਬਿਊਰੋ)–** ਅਮਰੀਕਾ ਦੇ ਗ੍ਰਹਿ ਸੁਰੱਖਿਆ ਵਿਭਾਗ (ਡੀਐਚਐਸ) ਨੇ ਅਜਿਹੀਆਂ ਵਿਆਪਕ ਸੇਧਾਂ ਦਾ ਖਰੜਾ ਤਿਆਰ ਕੀਤਾ ਹੈ, ਜਿਨ੍ਹਾਂ ਤਹਿਤ ਮੁਲਕ ਵਿੱਚ ਗ਼ੈਰਕਾਨੂੰਨੀ ਢੰਗ ਨਾਲ ਰਹਿ ਰਹੇ ਪਰਵਾਸੀਆਂ ਨੂੰ ਨਾ ਸਿਰਫ਼ ਬੰਦੀ ਬਣਾਇਆ ਜਾ ਸਕੇਗਾ, ਸਗੋਂ ਉਨ੍ਹਾਂ ਦੇ ਵਤਨ ਵਾਪਸ ਵੀ ਭੇਜਿਆ ਜਾ ਸਕੇਗਾ। ਜਾਣਕਾਰੀ ਮੁਤਾਬਕ ਘਰੇਲੂ ਸੁਰੱਖਿਆ ਮੰਤਰੀ ਜੌਹਨ ਕੈਲੀ ਨੇ ਇਸ ਸਬੰਧੀ ਦਸਤਾਵੇਜ਼ਾਂ ਉਤੇ ਸਹੀ ਪਾ ਦਿੱਤੀ ਹੈ।




ਫਾਇਲ ਚਿੱਤਰ

ਬੀਤੇ ਸ਼ੁੱਕਰਵਾਰ ਨੂੰ ਕੀਤੇ ਇਿਹਨਾਂ ਹੁਕਮਾਂ ਦਾ ਮਕਸਦ ਮੁਲਕ ਦੇ ਰਾਸ਼ਟਰਪਤੀ ਡੌਨਲਡ ਟਰੰਪ ਵੱਲੋਂ ਗ਼ੈਰਕਾਨੂੰਨੀ ਪਰਵਾਸੀਆਂ ਖ਼ਿਲਾਫ਼ ਕਾਰਵਾਈ ਲਈ ਜਾਰੀ ਹਦਾਇਤਾਂ ਨੂੰ ਅਮਲ ਵਿੱਚ ਲਿਆਉਣਾ ਹੈ। ਸ੍ਰੀ ਕੈਲੀ ਜਾਰੀ ਹੁਕਮਾਂ ਤਹਿਤ ਇਨ੍ਹਾਂ ਹੁਕਮਾਂ ਨੂੰ ਲਾਗੂ ਕਰਨ ਲਈ ਵਾਧੂ ਅਧਿਕਾਰੀ ਤਾਇਨਾਤ ਕੀਤੇ ਜਾਣਗੇ ਅਤੇ ਨਾਲ ਹੀ ਫ਼ੌਰੀ ਵਾਪਸ ਭੇਜੇ ਜਾਣ ਲਈ ਚੁਣੇ ਜਾਣ ਵਾਲੇ ਪਰਵਾਸੀਆਂ ਦੀ ਤਰਜੀਹੀ ਸੂਚੀ ਵਿੱਚ ਵਾਧਾ ਕੀਤਾ ਜਾਵੇਗਾ ਅਤੇ ਹੋਰ ਲੋੜੀਂਦੇ ਕਦਮ ਚੁੱਕੇ ਜਾਣਗੇ।

### ਜਨਰਲ ਮੈਕਮਾਸਟਰ ਨਵੇਂ ਸੁਰੱਖਿਆ ਸਲਾਹਕਾਰ

ਰਾਸ਼ਟਰਪਤੀ ਡੋਨਲਡ ਟਰੰਪ ਨੇ ਅਮਰੀਕੀ ਫ਼ੌਜ ਦੇ ਲੈਫਟੀ. ਜਨਰਲ ਹਰਬਰਟ ਰੇਅਮੰਡ ਮੈਕਮਾਸਟਰ ਦੀ ਆਪਣੇ ਨਵੇਂ ਕੌਮੀ ਸੁਰੱਖਿਆ ਸਲਾਹਕਾਰ ਵਜੋਂ ਚੋਣ ਕੀਤੀ ਹੈ। ਦੱਸਣਯੋਗ ਹੈ ਕਿ ਟਰੰਪ ਪ੍ਰਸ਼ਾਸਨ ਨੇ ਇਸ ਅਹੁਦੇ ਲਈ ਚੁਣੇ ਗਏ ਲੈਫ. ਜਨਰਲ ਮਾਈਕਲ ਫਲਿਨ ਨੂੰ ਮਹਿਜ਼ 24 ਦਿਨਾਂ ਬਾਅਦ ਅਹੁਦਾ ਛੱਡਣ ਲਈ ਮਜਬੂਰ ਕਰ ਦਿੱਤਾ ਸੀ ਜਦੋਂ ਕਿ ਦੂਜੇ ਨੇ ਆਪ ਹੀ ਇਸ ਅਹੁਦੇ ਤੋਂ ਇਨਕਾਰ ਕਰ ਦਿੱਤਾ ਸੀ। 54 ਸਾਲਾ ਮੈਕਮਾਸਟਰ ਫ਼ੌਜ ਸਮਰੱਥਾ ਇਕਜੁੱਟਤਾ ਕੇਂਦਰ (ਏਸੀਆਈਸੀ) ਦਾ ਮੁਖੀ ਹੈ।

ਫਲੋਰਿਡਾ 'ਚ ਆਪਣੀ ਰਿਹਾਇਸ਼ 'ਤੇ ਟਰੰਪ ਨੇ ਕਿਹਾ, 'ਮੈਂ ਐਲਾਨ ਕਰਨਾ ਚਾਹੁੰਦਾ ਹਾਂ ਕਿ ਜਨਰਲ ਐਚ ਆਰ ਮੈਕਮਾਸਟਰ ਕੌਮੀ ਸੁਰੱਖਿਆ ਸਲਾਹਕਾਰ ਬਣੇਗਾ। ਉਹ ਬੇਹੱਦ ਕੁਸ਼ਲ ਤੇ ਵੱਡੇ ਤਜਰਬੇ ਵਾਲਾ ਵਿਅਕਤੀ ਹੈ। ਫ਼ੌਜ 'ਚ ਉਸ ਦਾ ਸਾਰਿਆਂ ਵੱਲੋਂ ਆਦਰ ਕੀਤਾ ਜਾਂਦਾ ਹੈ ਅਤੇ ਅਸੀਂ ਉਸ ਦੀ ਚੋਣ ਕਰ ਕੇ ਮਾਣ ਮਹਿਸੂਸ ਕਰ ਰਹੇ ਹਾਂ।'




MANDEEP SANDHU

SANDHU IMMIGRATION CONSULTANT
ਇੰਮੀਗ੍ਰੇਸ਼ਨ ਸਬੰਧੀ ਆ ਰਹੀਆਂ ਮੁਸ਼ਕਿਲਾਂ ਲਈ, ਪਾਸਪੋਰਟ, ਸਿਆਸੀ ਸ਼ਰਨ, ਗਰੀਨ ਕਾਰਡ ਆਦਿ ਲਈ ਮਿਲੋ
Passports, Political Asylum, Visas, Green Cards, I-9 Notary, Immigration Forms, Citizenship, Spouse/Family Petitions, Study Visas
All Kinds of Immigration Forms/Petitions/Visa
U-Visa
WE OPEN 7-DAYS A WEEK
Note: I am not an Immigration Attorney. msandhu2014@gmail.com (CST# 2122162-50)
"We sell International and Domestic Airline Tickets on Low Airfares"
(209-373-3562) 3222 PENELOPE DR. STOCKTON, CA- 95212 (NEAR HWY 99 ON MORADA LANE)

ONE | REALTYONEGROUP AMERICAN
ਕਿਰਾਏ ਵਿਚ ਅਜਾਈਂ ਜਾ ਰਹੇ ਹਜ਼ਾਰਾਂ ਡਾਲਰਾਂ ਨੂੰ ਆਪਣੇ ਘਰ ਦੀ ਕਿਸ਼ਤ ਵਿਚ ਲਾਓ,
ਵਿਆਜ ਦੀਆਂ ਦਰਾਂ ਸਸਤੀਆਂ ਹੋਣ ਕਾਰਨ ਆਪਣਾ ਘਰ ਲੈਣ ਲਈ ਢੁਕਵਾਂ ਵਕਤ
ਜਗਦੇਵ ਸਿੰਘ 510-689-4625
CalBre # 01423409
42820 Albrae St., Fremont, CA 94538



SAROAY INVESTMENT REALTY
Ram Saroay
Broker/Realtor
Business License 031035
ramsaroay@hotmail.com



39039 Paseo Padre Parkway Suite # 205 Fremont, CA 94538
Office: (510) 742-8120, Cell; (510) 368-3983

ELITE REALTY SERVICES
7412 Elsie Ave Sacramento, CA 95828
Shaan Nijjar (916) 751-8852
Realtor® CalBRE 01980198
Shaan.Realtor@gmail.com www.SellSacValley.com
Office : (916) 681-5112 Fax : (916) 721-2373
ਰਿਹਾਇਸ਼ੀ ਜਾਂ ਵਪਾਰਕ ਸੰਪਤੀਆਂ ਵੇਚਣ ਅਤੇ ਖਰੀਦਣ ਲਈ ਸੰਪਰਕ ਕਰੋ ਜੀ



Buy/ Sell Real Estate Residential or Commercial

Amrik Chand (CPA)
Phone : 510-490-8200
Fax : 510-490-8202
Email : achand@pacbell.net



Income Tax Preparation
(Individual, Corporation & LLC)
Payroll Services & Bookkeeping Services
* We are in this business since 1989.
Your satisfaction is our goal.
* Please call us for Professional & reliable services at reasonable rates.
959 Corporate Way, Fremont, CA. 94539

ਹਰਿ ਸੋ ਹੀਰਾ ਛਾਡਿ ਕੈ ਕਰਹਿ ਆਨ ਕੀ ਆਸ॥
ਤੇ ਨਰ ਦੋਜਕ ਜਾਹਿਗੇ ਸਤਿ ਭਾਖੈ ਰਵਿਦਾਸ॥

# ਸ੍ਰੀ ਗੁਰੂ ਰਵਿਦਾਸ ਸਭਾ ਫਰਿਜ਼ਨੋ (ਕੈਲੇਫੋਰਨੀਆ)




ਗੁਰੂ ਪਿਆਰੀ ਸਾਧ ਸੰਗਤ ਜੀ

ਜਿਵੇਂ ਕਿ ਆਪ ਜੀ ਜਾਣਦੇ ਹੀ ਹੋ ਕਿ ਫਰਵਰੀ ਮਹੀਨੇ ਸਤਿਗੁਰੂ ਰਵਿਦਾਸ ਜੀ ਦਾ ਗੁਰਪੁਰਬ ਦਿਹਾੜਾ ਹੈ ਪਰ ਸ੍ਰੀ ਗੁਰੂ ਰਵਿਦਾਸ ਸਭਾ (ਸੈਂਟਰਲ ਵੈਲੀ) ਫਰਿਜ਼ਨੋ (ਕੈਲੇਫੋਰਨੀਆ) ਆਪ ਸਭ ਦੇ ਸਹਿਯੋਗ ਨਾਲ ਸਤਿਗੁਰੂ ਰਵਿਦਾਸ ਜੀ ਮਹਾਰਾਜ ਜੀ ਦਾ 640ਵਾਂ ਗੁਰਪੁਰਬ ਦਿਹਾੜਾ 5 ਮਾਰਚ 2017 ਦਿਨ ਐਤਵਾਰ ਨੂੰ ਸ਼ਰਧਾ ਪੂਰਵਕ ਮਨਾ ਰਹੀ ਹੈ।

## ਪ੍ਰੋਗਰਾਮਾਂ ਦਾ ਵੇਰਵਾ

* 3 ਮਾਰਚ ਦਿਨ ਸ਼ੁੱਕਰਵਾਰ ਨੂੰ ਸ੍ਰੀ ਅਖੰਡ ਪਾਠ ਸਾਹਿਬ ਪ੍ਰਾਰੰਭ ਹੋਣਗੇ
* 4 ਮਾਰਚ ਦਿਨ ਸ਼ਨਿਚਰਵਾਰ ਨੂੰ ਨਿਸ਼ਾਨ ਸਾਹਿਬ ਦੀ ਸੇਵਾ ਸ਼ਾਮ 5 ਵਜੇ ਹੋਵੇਗੀ ਇਸ ਉਪਰੰਤ ਸ਼ਾਮ 6 ਵਜੇ ਤੋਂ ਲੈ ਕੇ 8 ਵਜੇ ਤੱਕ ਦੀਵਾਨ ਸਜਣਗੇ।
* 5 ਮਾਰਚ ਦਿਨ ਐਤਵਾਰ ਨੂੰ ਸਵੇਰੇ 10 ਵਜੇ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪਾਏ ਜਾਣਗੇ

ਉਸ ਉਪਰੰਤ ਬਾਅਦ ਦੁਪਹਿਰ 3 ਵਜੇ ਤੱਕ ਦੀਵਾਨ ਸਜਣਗੇ, ਜਿਸ ਦੌਰਾਨ ਰਾਗੀ ਜਥੇ ਸ਼ਬਦ ਗਾਇਨ ਕਰਨਗੇ ਅਤੇ ਬੁਲਾਰੇ ਗੁਰੂ ਜੀ ਪ੍ਰਤੀ ਆਪੋ ਆਪਣੇ ਵਿਚਾਰ ਰੱਖਣਗੇ।

ਗੁਰੂ ਘਰ ਦੀ ਸਮੂਹ ਪ੍ਰਬੰਧਕ ਕਮੇਟੀ ਵੱਲੋਂ ਸਮੂਹ ਸਾਧ ਸੰਗਤ ਨੂੰ ਨਿਮਰਤਾ ਸਹਿਤ ਬੇਨਤੀ ਹੈ ਕਿ ਤਿੰਨੇ ਦਿਨ ਗੁਰੂ ਘਰ ਹਾਜਰੀਆਂ ਲਗਾ ਕੇ ਸਤਿਗੁਰੂ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ।

ਹੋਰ ਜਾਣਕਾਰੀ ਲਈ ਸੰਪਰਕ ਕਰੋ:
ਗੁਰੂ ਘਰ
559-486-3091

**ਸ੍ਰੀ ਗੁਰੂ ਰਵਿਦਾਸ ਸਭਾ (ਸੈਂਟਰਲ ਵੈਲੀ) ਫਰਿਜ਼ਨੋ (ਕੈਲੇਫੋਰਨੀਆ) 5025 S. CHERY AVE., FRESNO (CALIFORNIA) 93706**

## ਸਮੂਹ ਗੁਰੂ ਪਿਆਰੀ ਸਾਧ ਸੰਗਤ ਨੂੰ ਸਤਿਗੁਰੂ ਰਵਿਦਾਸ ਜੀ ਦੇ 640ਵੇਂ ਪ੍ਰਕਾਸ਼ ਦਿਹਾੜੇ ਦੀਆਂ ਲੱਖ-ਲੱਖ ਵਧਾਈਆਂ





ਸ੍ਰੀ ਗੁਰੂ ਰਵਿਦਾਸ ਸਭਾ ਬੇਅ-ਏਰੀਆ ਵੱਲੋਂ ਆਪਣਾ ਮਹੀਨਾਵਾਰ ਪ੍ਰੋਗਰਾਮ 26 ਫਰਵਰੀ ਨੂੰ ਨਿਊਆਰਕ ਕਮਿਊਨਿਟੀ ਸੈਂਟਰ 35501 ਸੀਡਰ ਬੁਲੇਵਾਰਡ, ਨਿਊਯਾਰਕ (ਕੈਲੇਫੋਰਨੀਆ) ਵਿਖੇ ਆਯੋਜਿਤ ਕੀਤਾ ਜਾ ਰਿਹਾ ਹੈ। ਪ੍ਰੋਗਰਾਮ ਦੀ ਸ਼ੁਰੂਆਤ ਸਵੇਰੇ 10 ਵਜੇ ਹੋਵੇਗੀ ਅਤੇ 2 ਵਜੇ ਦੁਪਹਿਰ ਤੱਕ ਚੱਲੇਗਾ।

ਸ੍ਰੀ ਗੁਰੂ ਰਵਿਦਾਸ ਸਭਾ ਬੇਅ-ਏਰੀਆ ਵੱਲੋਂ ਸਮੂਹ ਸਾਧ ਸੰਗਤ ਜੀ ਨੂੰ ਬੇਨਤੀ ਹੈ ਕਿ ਸ੍ਰੀ ਗੁਰੂ ਰਵਿਦਾਸ ਜੀ ਮਹਾਰਾਜ ਜੀ ਦੇ ਅਪ੍ਰੈਲ ਮਹੀਨੇ ਮਨਾਏ ਜਾ ਰਹੇ 640ਵੇਂ ਗੁਰਪੁਰਬ ਸਬੰਧੀ ਰੂਪ-ਰੇਖਾ ਤਿਆਰ ਕਰਨ ਲਈ ਸਮੂਹ ਕਮੇਟੀ ਮੈਂਬਰਾਂ ਨੂੰ ਸਹਿਯੋਗ ਦਿੱਤਾ ਜਾਵੇ ਜੀ।

ਬੇਨਤੀ ਕਰਤਾ
ਸਮੂਹ ਕਮੇਟੀ ਮੈਂਬਰ

| | | | |
|---|---|---|---|
| ਚੇਅਰਮੈਨ<br>ਹਰਮੇਸ਼ ਮਦਾਰਾ | ਪ੍ਰਧਾਨ<br>ਕੇਵਲ ਸਿੰਘ<br>ਸੀਨੀਅਰ ਮੀਤ ਪ੍ਰਧਾਨ | ਜਨਰਲ ਸਕੱਤਰ<br>ਸੰਤੋਖ ਸਰੋਇਆ | ਖਜਾਨਚੀ<br>ਸ਼ਿਵ ਸਿੱਧੂ |
| ਵਾਈਸ ਚੇਅਰਮੈਨ<br>ਵਿਨੋਦ ਚੁੰਬਰ | ਮੋਹਿੰਦਰ ਸਿੰਘ ਮਾਹੀ<br>ਮੀਤ ਪ੍ਰਧਾਨ<br>ਅਜਾਇਬ ਸਿੰਘ | ਸਹਾਇਕ ਸਕੱਤਰ<br>ਅਮਰਜੀਤ ਸਿੰਘ ਮਾਹੀ | ਸਹਾਇਕ ਖਜਾਨਚੀ<br>ਸੁਰਿੰਦਰ ਸੋਨੀ |

**ਸ੍ਰੀ ਗੁਰੂ ਰਵਿਦਾਸ ਸਭਾ ਬੇ-ਏਰੀਆ Newark Community Center 35501 Cedar Blvd., Newark CA 94560**

# ਸ਼੍ਰੋਮਣੀ ਕਮੇਟੀ ਵੱਲੋਂ ਬਿਹਾਰ ਦੇ ਮੁੱਖ ਮੰਤਰੀ ਨਿਤੀਸ਼ ਦਾ ਸਨਮਾਨ

## ਸ਼ਾਨ ਤੇ ਸ਼ਰਧਾ ਨਾਲ ਕਰਵਾਏ ਸਨ ਦਸਵੇਂ ਗੁਰੂ ਦੇ 350 ਸਾਲਾ ਪ੍ਰਕਾਸ਼ ਪੁਰਬ ਸਮਾਗਮ

**ਅੰਮ੍ਰਿਤਸਰ-** ਦਸਵੇਂ ਗੁਰੂ ਗੋਬਿੰਦ ਸਿੰਘ ਦਾ 350 ਸਾਲਾ ਪ੍ਰਕਾਸ਼ ਪੁਰਬ ਬਿਹਾਰ ਵਿਚ ਸ਼ਰਧਾ ਤੇ ਉਤਸ਼ਾਹ ਨਾਲ ਮਨਾਉਣ ਮਗਰੋਂ ਬਿਹਾਰ ਦੇ ਮੁੱਖ ਮੰਤਰੀ ਨਿਤੀਸ਼ ਕੁਮਾਰ ਨੇ ਹੋਰਨਾਂ ਅਧਿਕਾਰੀਆਂ ਸਮੇਤ ਸ਼ੁਕਰਾਨੇ ਵਜੋਂ ਸ੍ਰੀ ਹਰਿਮੰਦਰ ਸਾਹਿਬ ਵਿਖੇ ਮੱਥਾ ਟੇਕਿਆ। ਇਸ ਮੌਕੇ ਉਨ੍ਹਾਂ ਦੀਆਂ ਸੇਵਾਵਾਂ ਬਦਲੇ ਸ੍ਰੀ ਹਰਿਮੰਦਰ ਸਾਹਿਬ ਦੇ ਹੈੱਡ ਗ੍ਰੰਥੀ ਗਿਆਨੀ ਜਗਤਾਰ ਸਿੰਘ ਅਤੇ ਸ਼੍ਰੋਮਣੀ ਕਮੇਟੀ ਵਲੋਂ ਪ੍ਰਧਾਨ ਪ੍ਰੋ. ਕਿਰਪਾਲ ਸਿੰਘ ਬਡੂੰਗਰ ਨੇ ਉਨ੍ਹਾਂ ਦਾ ਸਨਮਾਨ ਕੀਤਾ।

ਸੁਲਤਾਨਪੁਰ ਲੋਧੀ ਸਥਿਤ ਗੁਰਦੁਆਰਾ ਬੇਰ ਸਾਹਿਬ ਵਿਖੇ ਮੱਥਾ ਟੇਕਣ ਮਗਰੋਂ ਸ਼ਾਮ ਨੂੰ ਸ੍ਰੀ ਹਰਿਮੰਦਰ ਸਾਹਿਬ ਪੁੱਜੇ ਬਿਹਾਰ ਦੇ ਮੁੱਖ ਮੰਤਰੀ ਨਿਤੀਸ਼ ਕੁਮਾਰ ਨੇ ਆਖਿਆ ਕਿ ਉਹ ਗੁਰੂ ਘਰ ਵਿਖੇ ਸ਼ੁਕਰਾਨੇ ਵਜੋਂ ਨਤਮਸਤਕ ਹੋਣ ਆਏ ਹਨ ਅਤੇ ਉਨ੍ਹਾਂ ਨੂੰ ਇਥੇ ਆ ਕੇ ਬਹੁਤ ਖੁਸ਼ੀ ਮਿਲੀ ਹੈ। ਉਨ੍ਹਾਂ ਕਿਹਾ ਕਿ ਉਨ੍ਹਾਂ ਨੇ ਪੰਜਾਬ ਵਿਚ ਵਾਤਾਵਰਣ ਸੰਭਾਲ ਲਈ ਕੀਤੇ ਜਾ ਰਹੇ ਕਾਰਜਾਂ ਦੀ ਜਾਣਕਾਰੀ ਲਈ ਅਤੇ ਇਸੇ ਤਰਜ਼ 'ਤੇ ਬਿਹਾਰ ਵਿਚ ਵੀ ਵਾਤਾਵਰਣ ਸੰਭਾਲ ਲਈ ਯਤਨ ਕੀਤਾ ਜਾਵੇਗਾ।

ਉਨ੍ਹਾਂ ਦੱਸਿਆ ਕਿ ਅੱਜ ਇਤਿਹਾਸਕ ਜਲਿਆਂਵਾਲਾ ਬਾਗ ਵਿਚ ਸ਼ਹੀਦੀ ਸਮਾਰਕ 'ਤੇ ਵੀ ਫੁਲ ਮਾਲਾ ਭੇਟ ਕਰਨ ਦਾ ਮੌਕਾ ਮਿਲਿਆ ਹੈ। ਉਹ ਪਹਿਲੀ ਵਾਰ ਸ਼ਹੀਦੀ ਸਮਾਰਕ 'ਤੇ ਆਏ ਹਨ, ਜਦੋਂਕਿ ਵਿਦਿਆਰਥੀ ਸਮੇਂ ਤੋਂ ਲੈ ਕੇ ਉਹ ਇਥੇ ਆਉਣਾ ਚਾਹੁੰਦੇ ਸਨ।

ਇਸ ਤੋਂ ਪਹਿਲਾਂ ਉਨ੍ਹਾਂ ਬੜੀ ਸ਼ਰਧਾ ਨਾਲ ਸ੍ਰੀ ਹਰਿਮੰਦਰ ਸਾਹਿਬ ਦੀ ਪਰਿਕਰਮਾ ਕੀਤੀ ਅਤੇ ਸੱਚਖੰਡ ਵਿਖੇ ਮੱਥਾ ਟੇਕਿਆ, ਜਿਥੇ ਹੈੱਡ ਗ੍ਰੰਥੀ ਗਿਆਨੀ ਜਗਤਾਰ ਸਿੰਘ ਨੇ ਉਨ੍ਹਾਂ ਨੂੰ ਸਿਰੋਪਾਓ ਅਤੇ ਫੁੱਲਾਂ ਦਾ ਗੁਲਦਸਤਾ ਭੇਟ ਕੀਤਾ। ਘੰਟਾ ਘਰ ਵਾਲੇ ਪਾਸੇ ਸ਼੍ਰੋਮਣੀ ਕਮੇਟੀ ਵਲੋਂ ਉਨ੍ਹਾਂ ਦੇ ਸਨਮਾਨ ਵਾਸਤੇ ਵਿਸ਼ੇਸ਼ ਪੰਡਾਲ ਬਣਾਇਆ ਗਿਆ ਸੀ, ਜਿਥੇ ਕਮੇਟੀ ਦੇ ਪ੍ਰਧਾਨ ਪ੍ਰੋ. ਕਿਰਪਾਲ ਸਿੰਘ ਬਡੂੰਗਰ ਤੇ ਹੋਰਨਾਂ ਮੈਂਬਰਾਂ ਵਲੋਂ ਨਿਤੀਸ਼ ਕੁਮਾਰ ਨੂੰ ਸ੍ਰੀ ਹਰਿਮੰਦਰ ਸਾਹਿਬ ਦਾ ਮਾਡਲ, ਸ੍ਰੀ ਸਾਹਿਬ, ਸਿਰੋਪਾਓ ਤੇ ਲੋਈ ਆਦਿ ਦੇ ਕੇ ਸਨਮਾਨਿਤ ਕੀਤਾ ਗਿਆ। ਇਸੇ ਤਰ੍ਹਾਂ ਉਨ੍ਹਾਂ ਨਾਲ ਆਏ ਅਧਿਕਾਰੀਆਂ ਨੂੰ ਵੀ ਵਿਸ਼ੇਸ਼ ਤੌਰ 'ਤੇ ਸਨਮਾਨਿਤ ਕੀਤਾ ਗਿਆ।



ਇਸ ਦੌਰਾਨ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਪ੍ਰੋ. ਕਿਰਪਾਲ ਸਿੰਘ ਬਡੂੰਗਰ ਨੇ ਬਿਹਾਰ ਦੇ ਮੁੱਖ ਮੰਤਰੀ ਨੂੰ ਆਖਿਆ ਕਿ ਸਿੱਖ ਜਗਤ ਉਨ੍ਹਾਂ ਨੂੰ ਪਟਨਾ ਸਾਹਿਬ ਵਿਖੇ ਨਿਭਾਈਆਂ ਸੇਵਾਵਾਂ ਬਦਲੇ ਵਿਸ਼ੇਸ਼ ਤੌਰ 'ਤੇ ਸਨਮਾਨਿਤ ਕਰਨਾ ਚਾਹੁੰਦਾ ਹੈ, ਇਸ ਲਈ ਉਹ ਆਪਣੇ ਰੁਝੇਵਿਆਂ ਵਿਚੋਂ ਸਮਾਂ ਦੇਣ। ਪ੍ਰੋ. ਬਡੂੰਗਰ ਨੇ ਦੱਸਿਆ ਸ਼੍ਰੋਮਣੀ ਕਮੇਟੀ ਹੋਲਾ ਮਹੱਲਾ ਜਾਂ ਖਾਲਸਾ ਸਾਜਨਾ ਦਿਵਸ ਮੌਕੇ ਵਿਸ਼ੇਸ਼ ਸਮਾਗਮ ਕਰਨਾ ਚਾਹੁੰਦੀ ਹੈ। ਮੁੱਖ ਮੰਤਰੀ ਨੇ ਆਖਿਆ ਕਿ ਉਹ ਇਸ ਸਬੰਧੀ ਸਮਾਂ ਨਿਸ਼ਚਿਤ ਕਰਕੇ ਸ਼੍ਰੋਮਣੀ ਕਮੇਟੀ ਨੂੰ ਸੂਚਿਤ ਕਰਨਗੇ।

ਪਰਿਕਰਮਾ ਵਿਚ ਮੀਡੀਆ ਅਤੇ ਸ਼੍ਰੋਮਣੀ ਕਮੇਟੀ ਟਾਸਕ ਫੋਰਸ ਵਿਚਾਲੇ ਹਲਕੀ ਖਿੱਚ ਧੂਹ ਵੀ ਹੋਈ। ਟਾਸਕ ਫੋਰਸ ਵਲੋਂ ਕਈ ਥਾਵਾਂ 'ਤੇ ਫੋਟੋਗਰਾਫਰਾਂ ਅਤੇ ਇਲੈਕਟ੍ਰੋਨਿਕ ਮੀਡੀਆ ਨੂੰ ਰੋਕਣ ਦਾ ਯਤਨ ਕੀਤਾ ਗਿਆ, ਜਿਸ ਕਾਰਨ ਦੋਵਾਂ ਧਿਰਾਂ ਵਿਚਾਲੇ ਤਕਰਾਰ ਵੀ ਹੋਈ। ਇਸ ਸਬੰਧੀ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਤੇ ਹੋਰਨਾਂ ਨੇ ਆਖਿਆ ਕਿ ਭਵਿੱਖ ਵਿਚ ਅਨੁਸ਼ਾਸਨ ਕਾਇਮ ਰੱਖਣ ਲਈ ਯਤਨ ਕੀਤਾ ਜਾਵੇਗਾ।

**ਨਿਤੀਸ਼ ਨੂੰ ਫੁੱਲਾਂ ਦਾ ਗੁਲਦਸਤਾ ਭੇਟ ਕਰਕੇ ਨਵਾਂ ਰੁਝਾਨ ਆਰੰਭਿਆ**

ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਅੱਜ ਬਿਹਾਰ ਦੇ ਮੁੱਖ ਮੰਤਰੀ ਨਿਤੀਸ਼ ਕੁਮਾਰ ਨੂੰ ਮੁੱਖ ਗ੍ਰੰਥੀ ਗਿਆਨੀ ਜਗਤਾਰ ਸਿੰਘ ਵਲੋਂ ਸਿਰੋਪਾਓ ਦੇ ਨਾਲ ਫੁੱਲਾਂ ਦਾ ਗੁਲਦਸਤਾ ਭੇਟ ਕਰਕੇ ਇਕ ਨਵੇਂ ਰੁਝਾਨ ਦੀ ਨੀਂਹ ਰੱਖੀ ਗਈ। ਮਿਲੇ ਵੇਰਵਿਆਂ ਮੁਤਾਬਕ ਹੁਣ ਤਕ ਸੱਚਖੰਡ ਵਿਖੇ ਮੱਥਾ ਟੇਕਣ ਆਈਆਂ ਵਿਸ਼ੇਸ਼ ਸ਼ਖ਼ਸੀਅਤਾਂ ਨੂੰ ਹਰ ਵਾਰ ਸਿਰੋਪਾਓ ਦੇ ਕੇ ਹੀ ਸਨਮਾਨਿਤ ਕੀਤਾ ਗਿਆ ਹੈ ਜਦੋਂਕਿ ਪ੍ਰਸ਼ਾਦਿ ਵਜੋਂ ਪਤਾਸੇ ਵੀ ਦਿੱਤੇ ਜਾਂਦੇ ਰਹੇ ਹਨ।

ਇਸੇ ਤਰ੍ਹਾਂ ਜਦੋਂ ਫੁੱਲਾਂ ਦੇ ਹਾਰ ਚੜ੍ਹਾਏ ਜਾਂਦੇ ਸਨ ਤਾਂ ਹਾਰ ਚੜ੍ਹਾਉਣ ਵਾਲੇ ਨੂੰ ਪ੍ਰਸ਼ਾਦਿ ਵਜੋਂ ਫੁੱਲਾਂ ਦਾ ਹਾਰ ਹੀ ਹੱਥ ਵਿਚ ਸੌਂਪਿਆ ਜਾਂਦਾ ਸੀ। ਪਰ ਹੁਣ ਫੁੱਲਾਂ ਦੇ ਹਾਰ ਚੜ੍ਹਾਉਣ ਦਾ ਰੁਝਾਨ ਖ਼ਤਮ ਹੋ ਚੁੱਕਾ ਹੈ। ਸ਼੍ਰੋਮਣੀ ਕਮੇਟੀ ਵਿਚ ਲੰਮਾ ਸਮਾਂ ਸਕੱਤਰ ਅਤੇ ਮੁੱਖ ਸਕੱਤਰ ਰਹੇ ਮਨਜੀਤ ਸਿੰਘ ਕਲਕੱਤਾ ਨੇ ਆਖਿਆ ਕਿ ਬਿਹਾਰ ਦੇ ਮੁੱਖ ਮੰਤਰੀ ਨਿਤੀਸ਼ ਕੁਮਾਰ ਨੂੰ ਸਿੱਖ ਕੌਮ ਵਲੋਂ ਸਨਮਾਨ ਦੇਣਾ ਬਣਦਾ ਹੈ ਪਰ ਸੱਚਖੰਡ ਵਿਖੇ ਨਵੇਂ ਰੁਝਾਨ ਅਤੇ ਨਵੀਆਂ ਪਿਰਤਾਂ ਤੋਂ ਬਚਣਾ ਚਾਹੀਦਾ ਹੈ।

# ਓਰਵਿਲ ਡੈਮ ਹੜ੍ਹ ਪੀੜਤਾਂ ਦੀ ਸੇਵਾ ਲਈ ਗੁਰੂ ਘਰ ਚੌਵੀ ਘੰਟੇ, ਸੱਤੇ ਦਿਨ ਖੁੱਲ੍ਹਾ


## ਓਰਵੈਲ ਡੈਮ ਦੇ ਟੁੱਟਣ ਦਾ ਖਤਰਾ ਇਕ ਘੰਟੇ ਵਿਚ ਇਲਾਕਾ ਖਾਲੀ ਕਰਨ ਦੇ ਹੁਕਮ

**ਸੈਕਰਾਮੈਂਟੋ (ਕੈਲੇਫੋਰਨੀਆ)** ਪਿਛਲੇ ਦਿਨੀ ਓਰਵੈਲ ਡੈਮ ਵਿਚੋਂ ਪਾਣੀ ਲੀਕ ਹੋਣ ਕਾਰਨ ਹੜ੍ਹ ਦਾ ਖਤਰਾ ਬਣ ਜਾਬ ਕਰਕੇ ਓਰਵੈਲ ਲਾਈਵ ਓਕਸ, ਯੂਬਾ ਸਿਟੀ ਮੈਰੀਸਵਿਲ ਅਤੇ ਹੋਰ ਆਸ ਪਾਸ ਦੇ ਇਲਾਕਿਆਂ ਨੂੰ ਖਾਲੀ ਕਰਕੇ ਇਕ ਘੰਟੇ ਵਿਚ ਸੁਰੱਖਿਅਤ ਜਗ੍ਹਾ ਤੇ ਜਾਣ ਲਈ ਸਰਕਾਰ ਨੇ ਹੁਕਮ ਦਿੱਤੇ ਹਨ। ਉਸ ਸਮੇਂ ਮੈਂ ਆਪਣੇ ਪਰਿਵਾਰ ਨਾਲ ਵੀਕਐਂਡ ਹੋਣ ਕਰਕੇ ਗਰੋਸਰੀ ਲੈਣ ਲਈ ਸਟੋਰ 'ਤੇ ਗਿਆ ਸੀ, ਜਦੋਂ ਮੈਨੂੰ ਸ੍ਰੀ ਅਸ਼ੋਕ ਕੁਮਾਰ ਅਤੇ ਰਮਿੰਦਰਪਾਲ ਦਾ ਫੋਨ ਆਇਆ ਕਿ ਸਾਡੇ ਤਾਂ ਕੁਝ ਹਾਲਾਤ ਇਸ ਤਰ੍ਹਾਂ ਦੇ ਬਣ ਗਏ ਹਨ ਕਿ ਅਸੀਂ ਘਰੋਂ ਜਿੰਨਾ ਸਮਾਨ ਹੱਥ ਲੱਗਾ, ਲੈ ਕੇ ਸੈਕਰਾਮੈਂਟੋ ਵੱਲ ਨੂੰ ਚੱਲ ਪਏ ਹਾਂ, ਸਾਡੇ ਨਾਲ ਹੋਰ ਵੀ ਬਹੁਤ ਪਰਿਵਾਰ ਹਨ। ਅਜੇ ਇਹ ਨਹੀਂ ਪਤਾ ਕਿ ਕਿੱਧਰ ਨੂੰ ਜਾਣਾ, ਕਿੱਥਾ ਜਾਣਾ ਹੈ। ਉਸੇ ਵਕਤ ਮੈਂ ਉਹਨਾਂ ਨੂੰ ਕਿਹਾ ਕਿ ਤੁਸੀਂ ਕੋਈ ਫਿਕਰ ਨਹੀਂ ਕਰਨਾ, ਸਾਡੇ ਗੁਰੂ ਘਰ ਸ੍ਰੀ ਗੁਰੂ ਰਵਿਦਾਸ ਟੈਂਪਲ ਰਿਓਲਿੰਡਾ ਸੰਗਤਾਂ ਲਈ 24 ਘੰਟੇ ਖੁੱਲ੍ਹਾ ਹੈ। ਅਸੀਂ ਹੋਰ ਵੀ ਇੰਤਜ਼ਾਮ ਕਰਦੇ ਹਾਂ। ਜਲਦੀ ਜਲਦੀ ਘਰ ਆ ਕੇ ਬਾਕੀ ਮੈਂਬਰਾਂ ਨਾਲ ਗੱਲਬਾਤ ਕੀਤੀ। ਸਾਰਿਆਂ ਨੇ ਕਿਹਾ ਕਿ ਰਾਜ ਸੂਦ ਬਹੁਤ ਵਧੀਆ ਕੀਤਾ ਜੋ ਸਾਨੂੰ ਦੱਸਿਆ। ਜਿਸ ਵੀ ਕਿਸੇ ਚੀਜ਼ ਦੀ ਜ਼ਰੂਰਤ ਹੈ ਸਾਨੂੰ ਦੱਸਿਆ ਜਾਵੇ। ਕਿਸੇ ਗੱਲ ਦਾ ਫਿਕਰ ਨਹੀਂ ਕਰਨਾ, ਤਨ, ਮਨ, ਧਨ ਨਾਲ ਤੁਹਾਡੇ ਨਾਲ ਹਾਂ। ਜਲਦੀ ਨਾਲ ਸ੍ਰੀ ਗੁਰੂ ਰਵਿਦਾਸ ਟੈਂਪਲ ਰਿਓਲਿੰਡਾ, ਸੈਕਰਾਮੈਂਟੋ ਪੁੱਜੇ।




ਸ੍ਰੀ ਗੁਰੂ ਰਵਿਦਾਸ ਟੈਂਪਲ 6221 16ਵੀਂ ਸਟ੍ਰੀਟ ਰਿਓ ਲਿੰਡਾ, ਕੈਲੇਫੋਰਨੀਆ 95673 (ਗੁਰੂ ਘਰ ਦਾ ਫੋਨ 916-992-1710)





ਸਾਡੇ ਆਉਣ ਤੱਕ ਇੰਦਰਜੀਤ ਪਡਬੱਗਾ, ਕੁਲਦੀਪ ਬੱਧਣ ਪਰਿਵਾਰਾਂ ਸਮੇਤ ਪੁੱਜ ਚੁੱਕੇ ਸਨ। ਸਾਰਿਆਂ ਨੇ ਬੈਠ ਕੇ ਗੁਰੂ ਘਰ ਦੇ ਗ੍ਰੰਥੀ ਭਾਈ ਜਸਪਾਲ ਸਿੰਘ, ਭਾਈ ਨਿਰਮਲ ਸਿੰਘ ਜੀ ਨਾਲ ਸਲਾਹ-ਮਸ਼ਵਰਾ ਕੀਤਾ। ਸਭ ਤੋਂ ਪਹਿਲਾਂ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅੱਗੇ ਭਾਈ ਜਸਪਾਲ ਸਿੰਘ ਜੀ ਨੇ ਸਰਬੱਤ ਦੇ ਭਲੇ ਲਈ ਅਰਦਾਸ ਕੀਤੀ, ਫਿਰ ਇੰਝ ਸੰਗਤਾਂ ਲਈ ਬੇਨਤੀ ਵਾਲੀ ਵੀਡੀਓ ਬਣਾ ਕੇ ਫੇਸਬੁੱਕ 'ਤੇ ਪਾਈ ਗਈ, ਜਿਸ ਕਾਰਨ ਸੇਵਾਦਾਰ ਧੜਾਧੜ ਗੁਰੂ ਘਰ ਆਉਣ ਲੱਗੇ। ਲਗਾਤਾਰ ਪੰਜਾਬੀ ਰੇਡੀਓ ਯੂਐਸਏ ਅਤੇ ਰੇਡੀਓ ਪੰਜਾਬ ਉਪਰ ਸੰਗਤਾਂ ਨੂੰ ਜਾਣੂ ਕਰਵਾਇਆ ਗਿਆ ਕਿ ਕੈਲੇਫੋਰਨੀਆ ਦੇ ਬਾਕੀ ਗੁਰੂ ਘਰਾਂ ਵਾਂਗ ਸ੍ਰੀ ਗੁਰੂ ਰਵਿਦਾਸ ਟੈਂਪਲ ਰਿਓਲਿੰਡਾ ਵੀ 24 ਘੰਟੇ ਸੰਗਤਾਂ ਲਈ ਖੁੱਲ੍ਹਾ ਹੈ। ਇੱਥੇ ਰਹਿਣ-ਸਹਿਣ, ਲੰਗਰ ਪਾਣੀ ਦੇ ਇੰਤਜ਼ਾਮ ਹੋ ਚੁੱਕੇ ਹਨ। ਕਿਸੇ ਵੇਲੇ ਵੀ ਸੰਗਤਾਂ ਗੁਰੂ ਘਰ ਆ ਸਕਦੀਆਂ ਹਨ। ਜਿੱਥੇ ਇਕ ਘੰਟਾ ਜਾਂ 45 ਮਿੰਟ ਦੀ ਡਰਾਈਵ ਹੋਈ ਹੈ, ਉਥੇ ਸੰਗਤਾਂ ਨੂੰ ਗੁਰੂ ਘਰ ਤੱਕ ਆਉਣ ਲਈ 6-7 ਘੰਟੇ ਲੱਗ ਗਏ। ਰਿਓਲਿੰਡਾ ਗੁਰੂ ਘਰ ਵੱਲੋਂ ਸੇਵਾਦਾਰਾਂ ਦੇ ਕਹਿਣ ਤੇ ਬੇਨਤੀ ਕੀਤੀ ਗਈ ਕਿ ਜੇਕਰ ਕਿਸੇ ਨੂੰ ਰਾਈਡ ਦੀ ਜ਼ਰੂਰਤ ਹੋਵੇ, ਗੁਰੂ ਘਰ ਕਾਲ ਕਰਨ, ਸੇਵਾਦਾਰ ਆਪ ਸੰਗਤਾਂ ਨੂੰ ਘਰੋਂ ਸੁਰੱਖਿਅਤ ਲੈ ਕੇ ਆਉਣਗੇ। ਬਹੁਤ ਸਾਰੇ ਕਮੇਟੀ ਮੈਂਬਰ ਸ੍ਰੀ ਰਮੇਸ਼ ਬੰਗੜ ਦੀ ਅਗਵਾਈ ਵਿਚ ਗੁਰੂ ਘਰ ਵਿਖੇ ਆਪਣੀਆਂ ਡਿਊਟੀਆਂ ਸੰਭਾਲ ਚੁੱਕੇ ਸਨ। ਕਈ ਕਮੇਟੀ ਮੈਂਬਰ ਅਤੇ ਸੰਗਤਾਂ ਨਾਲ ਰਾਬਤਾ ਕਾਇਮ ਕਰਕੇ ਇਹ ਫੈਸਲਾ ਕੀਤਾ ਗਿਆ ਕਿ ਜੇਕਰ ਕਿਸੇ ਦੀ ਰਿਸ਼ਤੇਦਾਰੀ ਜਾਂ ਜਾਣ-ਪਹਚਾਣ ਹੈ, ਉਹਨਾਂ ਨੂੰ ਗੁਰੂ ਘਰ ਤੋਂ ਲਿਜਾ ਕੇ ਆਪਣੇ ਘਰਾਂ 'ਚ ਠਹਿਰਾਇਆ ਜਾਵੇ। ਗੁਰੂ ਘਰ ਵਾਂਗ ਹੀ ਸੇਵਾ ਕੀਤੀ ਜਾਵੇ ਤਾਂ ਕਿ ਗੁਰੂ ਘਰ ਵਿਚ ਵੱਧ ਤੋਂ ਵੱਧ ਲੋਕਾਂ ਨੂੰ ਥਾਂ ਦਿੱਤੀ ਜਾ ਸਕੇ। ਗੁਰੂ ਘਰ ਵਿਚ 40-50 ਪਰਿਵਾਰ ਪੁੱਜੇ, ਜਿਹਨਾਂ ਵਿਚ ਅਮੈਰਿਕਨ ਇੰਗਲਿਸ਼ਮੈਨ, ਏਸ਼ੀਅਨ ਅਤੇ ਇੰਡੀਅਨ ਸਨ। ਗੁਰੂ ਘਰ ਵਿਚ ਲੋਕ ਆਪਣੇ ਪਾਲਤੂ ਜਿਵੇਂ ਕੁੱਤੇ, ਬਿੱਲੇ, ਬਿੱਲੀਆਂ ਵੀ ਲਿਆਏ, ਜਿਹਨਾਂ ਦੇ ਰਹਿਣ ਦਾ ਵੱਖਰਾ ਸੁਰੱਖਿਅਤ ਪ੍ਰਬੰਧ ਕੀਤਾ ਗਿਆ।

ਸਾਰੀ ਰਾਤ ਗੁਰੂ ਕੇ ਲੰਗਰਾਂ ਦੀ ਸੇਵਾ ਚਲਦੀ ਰਹੀ। ਸੰਗਤਾਂ ਨੂੰ ਗਰਮਾ-ਗਰਮ ਲੰਗਰ, ਚਾਹ-ਦੁੱਧ, ਪਾਣੀ, ਜੂਸ ਨਾਲ ਸੇਵਾ ਕੀਤੀ ਗਈ। ਸ੍ਰੀ ਗੁਰੂ ਰਵਿਦਾਸ ਕਿਡਸ ਕਮੇਟੀ ਅਤੇ ਸ੍ਰੀ ਗੁਰੂ ਰਵਿਦਾਸ ਨੌਜਵਾਨ ਸਭਾ ਦੇ ਮੈਂਬਰਾਂ ਨੇ ਆਪਣੀਆਂ ਗੱਡੀਆਂ ਗੈਸ ਨਾਲ ਫੁੱਲ ਕਰਾ ਕੇ ਉਹਨਾਂ ਨੂੰ ਸਟੈਂਡਬਾਈ ਕੀਤਾ ਤਾਂ ਕਿ ਕਿਸੇ ਵੀ ਕਾਲ ਆਉਣ ਤੇ ਸੰਗਤਾਂ ਨੂੰ ਸੁਰੱਖਿਅਤ ਗੁਰੂ ਘਰ ਲਿਆਂਦਾ ਜਾ ਸਕੇ। ਇਹਨਾਂ ਨੌਜਵਾਨਾਂ ਨੇ ਸੰਗਤਾਂ ਦੀ ਸਕਿਊਰਿਟੀ ਦਾ ਵੀ ਸਾਰੀ ਰਾਤ ਜਾਗ ਕੇ ਪ੍ਰਬੰਧ ਕੀਤਾ। ਲਗਾਤਾਰ ਦਿਨ ਚੜ੍ਹਨ ਤੱਕ ਸੰਗਤਾਂ ਗੁਰੂ ਘਰ ਠਹਿਰਨ ਲਈ ਆ ਰਹੀਆਂ ਸਨ। ਇਕ ਅਲੌਕਿਕ ਨਜ਼ਾਰਾ ਪਹਿਲੀ ਵਾਰ ਵੇਖਣ ਨੂੰ ਮਿਲਿਆ ਕਿ ਜਿੱਥੇ ਭਾਈ ਸਾਹਿਬ ਨਿਰਮਲ ਸਿੰਘ, ਭਾਈ ਸਾਹਿਬ ਭਾਈ ਜਸਪਾਲ ਸਿੰਘ ਸੰਗਤਾਂ ਨਾਲ ਸਵੇਰ ਵੇਲੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਕਰ ਰਹੇ ਸਨ, ਉਥੇ ਗੁਰੂ ਕਾ ਦਰਬਾਰ ਸਾਹਿਬ ਸੰਗਤਾਂ ਦੇ ਨਾਲ ਖਚਾਖਚ ਭਰਿਆ ਪਿਆ ਸੀ, ਜਿੱਥੇ ਸੰਗਤਾਂ ਸੌਂ ਰਹੀਆਂ ਸਨ। ਗੁਰੂ ਘਰ ਦੇ ਅਸਲੀ ਮਕਸਦ ਦਾ ਅਹਿਸਾਸ ਹੋ ਰਿਹਾ ਸੀ ਕਿ ਨਿਆਸਰਿਆਂ ਦਾ ਆਸਰਾ, ਨਿਓਟਿਆਂ ਦੀ ਓਟ, ਕਿਵੇਂ ਸੰਗਤਾਂ ਆਰਾਮ ਨਾਲ ਬੇਫਿਕਰ ਹੋ ਕੇ ਸੌਂ ਰਹੀਆਂ ਸਨ। ਕੁਝ ਪਾਠ ਸੁਣ ਰਹੇ ਸਨ। ਇਹ ਹੈ ਗੁਰੂ ਦੇ ਦਰਬਾਰ ਦੀ ਮਹਾਨਤਾ ਜੋ ਵੀ ਆਏ ਰਾਜੀ ਜਾਵੇ। ਭਾਈ ਸਾਹਿਬ ਜੀ ਨੇ ਦੇਗ ਤਿਆਰ ਕਰਕੇ ਅਤੇ ਸੰਗਤਾਂ ਨੇ ਸਵੇਰ ਦੇ ਚਾਹ ਪਾਣੀ ਦੀਆਂ ਸੇਵਾਵਾਂ ਕੀਤੀਆਂ। ਯੂਐਸਏ ਦੇ ਨਿਊਜ਼ ਪੇਪਰਾਂ ਅਤੇ ਟੀ ਵੀ ਚੈਨਲ ਅਤੇ ਹੋਰ ਮੀਡੀਆ ਨੇ ਕਵਰ ਕੀਤਾ। ਰਾਤ ਦੇ ਤੜਕੇ 2 ਵਜੇ ਅਲਜਜ਼ੀਰਾ ਟੀ ਵੀ ਸ੍ਰੀ ਗੁਰੂ ਰਵਿਦਾਸ ਟੈਂਪਲ ਰਿਓਲਿੰਡਾ ਸੰਪਰਕ ਕੀਤਾ। ਸ੍ਰੀ ਗੁਰੂ ਰਵਿਦਾਸ ਸਭਾ ਦੇ ਹੋਣਹਾਰ ਨੌਜਵਾਨ ਸ੍ਰੀ ਅਜੇ ਪਡਬੱਗਾ ਨੇ ਸਾਰੀ ਰਿਪੋਰਟ ਲਾਈਵ ਟੀ ਵੀ ਉਪਰ ਦਿੱਤੀ, ਜਿੱਥੇ ਪੂਰੀ ਦੁਨੀਆਂ ਸਾਡੇ ਨੌਜਵਾਨ ਨੂੰ ਸੁਣ ਰਹੀ ਸੀ। ਅਦਾਰਾ 'ਦੇਸ਼ ਦੁਆਬਾ' ਅਤੇ 'ਅੰਬੇਦਕਰ ਟਾਈਮਜ਼' ਦੇ ਸੰਪਾਦਕ ਨੇ ਗੁਰੂ ਘਰ ਦੇ ਪ੍ਰਬੰਧਕਾਂ ਤੇ ਚੇਅਰਮੈਨ ਬਲਵਿੰਦਰ ਰੱਲ੍ਹ ਨਾਲ ਸੰਪਰਕ ਕੀਤਾ। ਟੀ ਵੀ ਵਾਲੇ ਵੀ ਹੈਰਾਨ ਸਨ ਕਿ ਕਿਵੇਂ ਬੱਚੇ ਵੀ ਸਾਰੀ ਰਾਤ ਜਾਗ ਕੇ ਸੇਵਾ ਕਰ ਰਹੇ ਹਨ। ਦਿਨ ਚੜ੍ਹਦੇ ਨੂੰ ਹੋਰ ਵੀ ਵੀਡੀਓ ਬਣਾ ਕੇ ਫੇਸਬੁੱਕ ਤੇ ਪਾਈਆਂ ਗਈਆਂ। ਸੰਗਤਾਂ ਨੇ ਸੁਨੇਹਾ ਸੁਣ ਕੇ ਬੱਚਿਆਂ ਦੇ ਫੂਡ, ਸੀਰੀਅਲ, ਕੁੱਕੀਆਂ, ਡੋਨਟਸ, ਕੰਬਲ, ਬਿਸਤਰੇ, ਰਜਾਈਆਂ, ਚੱਪਲਾਂ, ਤੌਲੀਏ, ਟੁੱਥ ਬੁਰਸ਼, ਪੇਸਟ, ਸਾਬਣ-ਤੇਲ, ਲੋਸ਼ਨ, ਡਾਇਪਰ, ਬੱਚਿਆਂ ਲਈ ਵਾਈਪਸ, ਬੱਚਿਆਂ ਨੂੰ ਦੁੱਧ ਪਿਲਾਉਣ ਵਾਲੀਆਂ ਬੋਤਲਾਂ, ਦਵਾਈਆਂ, ਪਾਣੀ ਅਤੇ ਹੋਰ ਸਮਾਨ ਲਿਆਂਦਾ। ਸੰਗਤਾਂ ਗੁਰੂ ਘਰ ਆਉਣ ਤੋਂ ਪਹਿਲਾਂ ਕਾਲ ਕਰਕੇ ਪੁੱਛ ਰਹੀਆਂ ਸਨ ਕਿ ਕੀ ਸੇਵਾ ਕੀਤੀ ਜਾਵੇ। ਸੰਗਤਾਂ ਨੇ ਤਨ, ਮਨ, ਧਨ ਨਾਲ ਸੇਵਾ ਕੀਤੀ। ਇੱਥੋਂ ਤੱਕ ਗੋਰੇ ਲੋਕ ਵੀ ਆਪਣੀਆਂ ਭੇਟਾਵਾਂ ਲੈ ਕੇ ਗੁਰੂ ਘਰ ਪੁੱਜੇ। ਕੁੱਤਿਆਂ, ਬਿੱਲਿਆਂ ਦਾ ਵੱਖਰਾ ਫੂਡ ਲਿਆਂਦਾ ਗਿਆ। ਸ੍ਰੀ ਗੋਪਾਲ ਜੀ ਨੇ ਆਪਣੇ ਪੀਜ਼ਾ ਸਟੋਰ ਤੋਂ ਲਗਾਤਾਰ ਪੀਜ਼ੇ ਗੁਰੂ ਘਰ ਭੇਜਣੇ ਜਾਰੀ ਰੱਖੇ। ਸੰਗਤਾਂ ਵੀ 4-5 ਦਿਨ ਵੱਖ-ਵੱਖ ਫਾਸਟ ਫੂਡ ਨਾਲ ਸੰਗਤਾਂ ਦੀ ਸੇਵਾ ਕਰਦੀਆਂ ਰਹੀਆਂ। ਜਿੱਥੇ ਸੰਗਤਾਂ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ 640ਵੇਂ ਮਹਾਨ ਗੁਰਪੁਰਬ ਅਤੇ 17ਵੇਂ ਮਹਾਨ ਨਗਰ ਕੀਰਤਨ ਜੋ 12 ਮਾਰਚ ਨੂੰ ਹੋ ਰਹੇ ਹਨ, ਉਹਨਾਂ ਦੀਆਂ ਵਧਾਈਆਂ ਦੇ ਰਹੀਆਂ ਸਨ, ਉਥੇ ਇਸ ਮਹਾਨ ਕਾਰਜ ਜੋ ਮਨੁੱਖਤਾ ਲਈ ਕੀਤਾ ਗਿਆ, ਦੀਆਂ ਵੀ ਮੁਬਾਰਕਾਂ ਦੇ ਰਹੇ ਸਨ। ਗੁਰੂ ਰਵਿਦਾਸ ਮਹਾਰਾਜ ਜੀ ਦਾ ਫੁਰਮਾਨ ਹੈ "ਸਾਧ ਸੰਗਤ ਮਿਲ ਰਹੀਏ ਮਾਧਉ ਜੈਸੈ ਮਧੁਪ ਮਖੀਰਾ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਵੀ ਫੁਰਮਾਇਆ ਕਿ 'ਮਾਨਸ ਕੀ ਜਾਤਿ ਸਬੈ ਏਕੇ ਪਹਿਚਾਨਬੋ।' ਘਾਲਿ ਕਰੇ ਕੁਛ ਹਥੋਂ ਦੇਹਿ, ਨਾਨਕ ਰਾਹਿ ਪਛਾਣੇ ਸੇ। ਇਨ੍ਹਾਂ ਦਿਨਾਂ ਵਿਚ ਤਾਂ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਵੱਲੋਂ ਕੀਤੀ ਗਈ ਕਲਪਨਾ 'ਬੇਗਮਪੁਰੇ ( ਦੇ ਦਰਸ਼ਨ ਹੋ ਰਹੇ ਸਨ। ਅਜੇ ਵੀ ਇਹ ਕੁਝ ਲਿਖਣ ਤੱਕ ਖਤਰਾ ਟਲਿਆ ਨਹੀਂ ਹੈ।

ਕਿਸੇ ਵੇਲੇ ਵੀ ਫਿਰ ਦੁਬਾਰਾ ਹਾਲਾਤ ਬਦਲ ਸਕਦੇ ਹਨ। ਸਾਰੀਆਂ ਸੰਗਤਾਂ ਦੇ ਚਰਨਾਂ ਵਿਚ ਬੇਨਤੀ ਹੈ ਕਿ ਕਦੇ ਵੀ ਤੁਸੀਂ ਚਾਹੋ ਸ੍ਰੀ ਗੁਰੂ ਰਵਿਦਾਸ ਟੈਂਪਲ ਰਿਓਲਿੰਡਾ ਸੈਕਰਾਮੈਂਟੋ ਕੈਲੇਫੋਰਨੀਆ ਫੋਨ ਨੰਬਰ 916-992- 1710 ਤੇ ਕਾਲ ਕਰੋ। ਹਮੇਸ਼ਾ ਗੁਰੂ ਘਰ ਦੇ ਦਰਵਾਜ਼ੇ ਸੰਗਤਾਂ ਲਈ 24 ਘੰਟੇ, ਸੱਤੇ ਦਿਨ ਖੁੱਲ੍ਹੇ ਹਨ ਜੀ। ਗੁਰੂ ਦੀਆਂ ਲਾਡਲੀਆਂ ਫੌਜਾਂ ਸੇਵਾ ਲਈ ਹਾਜ਼ਰ ਹਨ ਜੀ।

**ਰਾਜ ਕੁਮਾਰ ਸੂਦ**
**ਸੈਕਟਰੀ, ਸ੍ਰੀ ਗੁਰੂ ਰਵਿਦਾਸ ਟੈਂਪਲ, ਰਿਓਲਿੰਡਾ, ਸੈਕਰਾਮੈਂਟੋ**

# ਮੀਡੀਆ ਦਾ ਝੂਠ ਬੇਨਕਾਬ ਕਰਨ ਦਾ ਐਲਾਨ

ਰਾਸ਼ਟਰਪਤੀ ਡੋਨਲਡ ਟਰੰਪ ਨੇ ਕਾਰਜਭਾਰ ਸੰਭਾਲਣ ਦੇ ਇਕ ਮਹੀਨੇ ਤੋਂ ਵੀ ਘੱਟ ਸਮੇਂ ਬਾਅਦ ਪ੍ਰਚਾਰ ਵਾਲੇ ਰੌਅ ਵਿੱਚ ਪਰਤਦਿਆਂ ਕਿਹਾ ਕਿ ਉਹ ਅਮਰੀਕਾ ਵਾਸੀਆਂ ਨਾਲ 'ਫ਼ਰਜ਼ੀ ਨਿਊਜ਼ ਫਿਲਟਰ ਬਗ਼ੈਰ' ਗੱਲ ਕਰਨਾ ਚਾਹੁੰਦੇ ਹਨ। ਉਨ੍ਹਾਂ ਨੇ 'ਬੇਈਮਾਨ ਮੀਡੀਆ' ਦਾ ਚਿਹਰਾ ਨੰਗਾ ਕਰਨ ਦਾ ਅਹਿਦ ਲਿਆ। ਫਲੋਰਿਡਾ ਵਿੱਚ ਰੈਲੀ ਦੌਰਾਨ ਰਾਸ਼ਟਰਪਤੀ ਚੋਣ ਮੁਹਿੰਮ ਵਾਲੇ ਰੰਗ ਵਿੱਚ ਪਰਤਦਿਆਂ ਟਰੰਪ ਨੇ ਆਪਣੇ ਹੁਣ ਤਕ ਦੇ ਕਾਰਜਕਾਲ ਦੀਆਂ ਪ੍ਰਾਪਤੀਆਂ ਦਾ ਬਚਾਅ ਵੀ ਕੀਤਾ।



ਭਖੇ ਹੋਏ ਟਰੰਪ ਨੇ ਅਹਿਦ ਲਿਆ ਕਿ ਉਹ ਮੀਡੀਆ ਨੂੰ 'ਝੂਠ ਬੋਲਣ ਦੇ ਸਿੱਟਿਆਂ ਤੋਂ' ਬਚਣ ਨਹੀਂ ਦੇਣਗੇ। ਉਨ੍ਹਾਂ ਕਿਹਾ, 'ਮੈਂ ਉਹ ਸਭ ਕਰਾਂਗਾ ਜੋ ਕਰ ਸਕਦਾ ਹਾਂ ਤਾਂ ਕਿ ਉਹ ਝੂਠ ਬੋਲ ਕੇ ਬਚ ਨਾ ਸਕਣ।' ਉਨ੍ਹਾਂ ਦੋਸ਼ ਲਾਇਆ ਕਿ ਮੀਡੀਆ ਦਾ ਆਪਣਾ ਹੀ ਏਜੰਡਾ ਹੈ। 'ਉਨ੍ਹਾਂ ਦਾ ਏਜੰਡਾ ਤੁਹਾਡਾ ਏਜੰਡਾ ਨਹੀਂ ਹੈ।' ਉਨ੍ਹਾਂ ਵ੍ਹਾਈਟ ਹਾਊਸ ਵਿੱਚ ਮੱਤਭੇਦ ਹੋਣ ਦੇ ਦੋਸ਼ਾਂ ਨੂੰ ਰੱਦ ਕਰਦਿਆਂ ਆਪਣੇ ਸਮਰਥਕਾਂ ਨੂੰ ਭਰੋਸਾ ਦਿੱਤਾ ਕਿ ਉਨ੍ਹਾਂ ਦੇ ਪ੍ਰਸ਼ਾਸਨ ਵਿੱਚ ਸਭ ਠੀਕ ਹੈ। ਇਹ ਰੈਲੀ ਟਰੰਪ ਦੀ 2020 ਦੀ ਮੁੜ-ਚੋਣ ਬਾਰੇ ਕਮੇਟੀ ਵੱਲੋਂ ਕਰਾਈ ਗਈ ਸੀ। ਮਾਹਿਰਾਂ ਮੁਤਾਬਕ ਮੌਜੂਦਾ ਸਿਆਸਤ 'ਚ ਕਦੇ ਵੀ ਨਾ ਸਮਾਪਤ ਹੋਣ ਵਾਲੀ ਮੁਹਿੰਮ ਦੀ ਇਹ ਤਾਜ਼ਾ ਉਦਾਹਰਣ ਹੈ। ਟਰੰਪ ਨੇ ਕਿਹਾ, 'ਉਹ (ਮੀਡੀਆ) ਸੱਚ ਪੇਸ਼ ਨਹੀਂ ਕਰਨਾ ਚਾਹੁੰਦੇ। ਪਰ ਸਾਰੇ ਝੂਠਾਂ, ਗਲਤ ਮਤਲਬ ਕੱਢਣ ਤੇ ਝੂਠੀਆਂ ਖ਼ਬਰਾਂ ਦੇ ਬਾਵਜੂਦ ਮੀਡੀਆ ਮੈਨੂੰ ਚੋਣਾਂ ਵਿੱਚ ਹਰਾ ਨਹੀਂ ਸਕਿਆ। ਅਸੀਂ ਉਨ੍ਹਾਂ ਦਾ ਝੂਠ ਲੋਕਾਂ ਸਾਹਮਣੇ ਲਿਆਉਂਦੇ ਰਹਾਂਗੇ ਅਤੇ ਸਭ ਤੋਂ ਅਹਿਮ ਅਸੀਂ ਲਗਾਤਾਰ ਜਿੱਤਾਂ ਦਰਜ ਕਰਦੇ ਜਾਵਾਂਗੇ।'

ਟਰੰਪ ਨੇ ਕਿਹਾ ਕਿ ਉਨ੍ਹਾਂ ਨੇ ਰੱਖਿਆ ਮੰਤਰੀ ਜਿਮ ਮੈਟਿਸ ਦੀ ਅਗਵਾਈ ਵਾਲੇ ਰੱਖਿਆ ਭਾਈਚਾਰੇ ਨੂੰ ਆਈਐਸ ਨੂੰ ਮੁੱਢੋਂ ਖ਼ਤਮ ਕਰਨ ਅਤੇ ਯੂਐਸ ਫ਼ੌਜ ਨੂੰ ਨਵੇਂ ਸਿਰੇ ਤੋਂ ਖੜ੍ਹੀ ਕਰਨ ਲਈ ਯੋਜਨਾ ਬਣਾਉਣ ਦਾ ਆਦੇਸ਼ ਦਿੱਤਾ ਹੈ। ਉਨ੍ਹਾਂ ਕਿਹਾ ਕਿ ਉਹ ਸੀਰੀਆ ਤੇ ਹੋਰ ਥਾਵਾਂ ਉਤੇ ਸੁਰੱਖਿਅਤ ਜ਼ੋਨ ਬਣਾਉਣਾ ਚਾਹੁੰਦੇ ਹਨ ਜਿਥੇ ਪਰਵਾਸੀ ਠਹਿਰਨ ਅਤੇ ਸੁਰੱਖਿਅਤ ਰਹਿ ਸਕਣ। ਪੰਜ ਮਿਡਲ ਸਕੂਲ ਵਿਦਿਆਰਥੀਆਂ 'ਤੇ ਕੱਲ੍ਹ ਟਰੰਪ ਦੇ ਕਾਫ਼ਲੇ 'ਤੇ ਕੋਈ ਵਸਤ ਸੁੱਟਣ ਉਤੇ ਦੋਸ਼ ਲੱਗੇ ਹਨ। ਪਾਮ ਬੀਚ ਕਾਊਂਟੀ ਸਟੇਟਸ ਅਟਾਰਨੀ ਦਫ਼ਤਰ ਮੁਤਾਬਕ ਇਨ੍ਹਾਂ ਖ਼ਿਲਾਫ਼ ਕਾਰਵਾਈ ਹੋਵੇਗੀ।

# ਕਰਮਨ ਗੁਰੂਘਰ ਵਿਖੇ ਗੁਰਮਤਿ ਸਮਾਗਮ ਹੋਏ





**ਫਰਿਜ਼ਨੋ, ਕੈਲੀਫੋਰਨੀਆ (ਕੁਲਵੰਤ ਧਾਲੀਆਂ/ ਨੀਟਾ ਮਾਛੀਕੇ):** ਗੁਰਦੁਆਰਾ ਅਨੰਦਗੜ ਸਾਹਿਬ ਕਰਮਨ ਵਿਖੇ ਵਿਸ਼ੇਸ਼ ਗੁਰਮਤਿ ਸਮਾਗਮ ਕਰਵਾਏ ਗਏ। ਅਖੰਡ ਪਾਠ ਸਾਹਿਬ ਦੇ ਭੋਗ ਉਪਰੰਤ ਜਿੰਨ੍ਹਾਂ ਦੀ ਸੁਰੂਆਤ ਗੁਰੂਘਰ ਦੇ ਹਜ਼ੂਰੀ ਰਾਗੀ ਭਾਈ ਸੋਢੀ ਸਿੰਘ ਅਤੇ ਸਾਥੀਆਂ ਨੇ ਗੁਰਬਾਣੀ ਕੀਰਤਨ ਨਾਲ ਕੀਤੀ। ਇਸ ਉਪਰੰਤ ਗੁਰੂ ਨਾਨਕ ਸਿੱਖ ਟੈਂਪਲ ਸਨਵਾਕੀਨ ਤੋਂ ਪਹੁੰਚੇ ਭਾਈ ਰਣਜੀਤ ਸਿੰਘ ਅਤੇ ਸਾਥੀਆਂ ਨੇ ਕੀਰਤਨ ਰਾਹੀ ਹਾਜਰੀ ਭਰੀ। ਇਸੇ ਸਮੇਂ ਕਰਮਨ ਦੇ ਸਥਾਨਕ ਪੰਜਾਬੀ ਸਕੂਲ ਦੇ ਬੱਚਿਆ ਵੱਲੋਂ ਵੱਖ-ਵੱਖ ਗਰੁੱਪਾਂ ਵੱਚ ਗੁਰਬਾਣੀ ਕੀਰਤਨ ਕੀਤਾਂ ਗਆ ਅਤੇ ਗੁਰੂਘਰ ਦੇ ਬਾਹਰ ਲਾਏ ਬੂਥ ਰਾਹੀ ਸੰਗਤਾਂ ਨਾਲ ਪ੍ਰਾਪਤੀਆਂ ਦੀ ਸਾਂਝ ਪਾਈ। ਇਸੇ ਸਮੇਂ ਗੁਰਮਤਿ ਪ੍ਰਚਾਰ ਮਿਸ਼ਨ ਨਾਲ ਜੁੜੇ ਨੌਜਵਾਨ ਬੱਚੇ ਭਾਈ ਸੁਰਜਨ ਸਿੰਘ ਵੱਲੋਂ ਨਵੀਂ ਪੀੜੀ ਨੂੰ ਗੁਰਿਸੱਖੀ ਨਾਲ ਜੋੜਨ ਲਈ ਨਿਰੋਲ ਕਥਾ ਕੀਤੀ ਗਈ। ਇਸ ਉਪਰੰਤ ਪ੍ਰਸਿੱਧ ਕਵੀ ਸ. ਪਿਸ਼ੋਰਾ ਸਿੰਘ ਢਿੱਲੋਂ ਨੇ ਕਵਿਤਾ ਅਤੇ ਕੁਲਵੰਤ ਸਿੰਘ ਖੈਹਿਰਾ ਨੇ ਗੀਤ ਰਾਹੀ ਹਾਜ਼ਰੀ ਭਰੀ। ਸ. ਗੁਰਬਿੰਦਰ ਸਿੰਘ ਧਾਲੀਵਾਲ ਨੇ ਸਮੂੰਹ ਸੰਗਤਾਂ ਦਾ ਧੰਨਵਾਦ ਕੀਤਾ। ਇਸ ਸਮੇਂ ਸਟੇਜ ਸਕੱਤਰ ਦੀ ਸੇਵਾ ਗੁਰਪ੍ਰੀਤ ਸਿੰਘ ਜਾਨੀ ਨੇ ਨਿਭਾਈ। ਸਮੱਚੇ ਪ੍ਰੋਗਰਾਮਾਂ ਦੀ ਸੇਵਾ ਰਾਜ ਧਾਲੀਵਾਲ ਅਤੇ ਪਰਿਵਾਰ ਵੱਲੋਂ ਕਰਵਾਈ ਗਈ ਸੀ। ਸਮੁੱਚੇ ਪ੍ਰੋਗਰਾਮ ਦੌਰਾਨ ਗੁਰੂ ਕਾ ਲੰਗਰ ਅਤੁੱਟ ਵਰਤਿਆਂ।

# ਉੱਤਰ ਪ੍ਰਦੇਸ਼: ਤੀਜੇ ਪੜਾਅ ਵਿੱਚ 61% ਵੋਟਾਂ ਪਈਆਂ

## ਬਸਪਾ ਸੂਤਰਾਂ ਮੁਤਾਬਕ ਬਸਪਾ ਨੂੰ ਤੀਜੇ ਪੜਾਅ ਵਿਚ ਵੀ ਬੜ੍ਹਤ

**ਲਖਨਊ–** ਉੱਤਰ ਪ੍ਰਦੇਸ਼ ਦੇ ਸੱਤ ਪੜਾਵੀ ਵਿਧਾਨ ਸਭਾ ਚੋਣ ਦੰਗਲ ਦਾ ਤੀਜਾ ਦੌਰ ਅੱਜ ਅਮਨ-ਅਮਾਨ ਨਾਲ ਨੇਪਰੇ ਚੜ੍ਹ ਗਿਆ। ਅੱਜ 61.16 ਫੀਸਦੀ ਮਤਦਾਨ ਰਿਕਾਰਡ ਕੀਤਾ ਗਿਆ। ਅੱਜ ਮਤਦਾਨ ਵਾਲੇ ਯਾਦਵਾਂ ਦੇ ਗੜ੍ਹ ਦੇ 69 ਵਿਧਾਨ ਸਭਾ ਹਲਕੇ ਸੱਤਾਧਾਰੀ ਸਮਾਜਵਾਦੀ ਪਾਰਟੀ ਲਈ ਕਾਫ਼ੀ ਅਹਿਮ ਮੰਨੇ ਜਾਂਦੇ ਹਨ। ਉੱਤਰ ਪ੍ਰਦੇਸ਼ ਦੇ ਮੁੱਖ ਚੋਣ ਅਧਿਕਾਰੀ ਟੀ. ਵੈਂਕਟੇਸ਼ ਨੇ ਕਿਹਾ ਕਿ ਸ਼ਾਮ ਪੰਜ ਵਜੇ ਤੱਕ 61.16 ਫ਼ੀਸਦੀ ਮਤਦਾਨ ਹੋਇਆ। ਉਨ੍ਹਾਂ ਕਿਹਾ ਕਿ ਸਾਰੇ 25,603 ਪੋਲਿੰਗ ਬੂਥਾਂ ਉਤੇ ਸਖ਼ਤ ਸੁਰੱਖਿਆ ਪ੍ਰਬੰਧ ਕੀਤੇ ਗਏ ਸਨ। ਪਹਿਲੇ ਗੇੜ ਵਿੱਚ 64.2 ਅਤੇ ਦੂਜੇ ਗੇੜ ਵਿੱਚ 65 ਫੀਸਦੀ ਵੋਟਿੰਗ ਹੋਈ। 2012 ਵਿਧਾਨ ਸਭਾ ਤੇ 2014 ਦੀਆਂ ਲੋਕ ਸਭਾ ਚੋਣਾਂ ਵਿੱਚ ਇਨ੍ਹਾਂ ਹਲਕਿਆਂ ਵਿੱਚ ਕ੍ਰਮਵਾਰ 59.96 ਅਤੇ 58.43 ਫੀਸਦੀ ਵੋਟਿੰਗ ਹੋਈ ਸੀ। ਇਸ ਦੌਰਾਨ ਸਾਬਕਾ ਲੋਕ ਨਿਰਮਾਣ ਮੰਤਰੀ ਤੇ ਸਮਾਜਵਾਦੀ ਪਾਰਟੀ ਦੇ ਸਾਬਕਾ ਮੁਖੀ ਸ਼ਿਵਪਾਲ ਸਿੰਘ ਯਾਦਵ ਉਦੋਂ ਵਾਲ ਵਾਲ ਬਚ ਗਏ, ਜਦੋਂ ਉਨ੍ਹਾਂ ਦੇ ਕਾਫ਼ਲੇ ਉਤੇ ਅਣਪਛਾਤੇ ਵਿਅਕਤੀਆਂ ਨੇ ਪਥਰਾਅ ਕੀਤਾ। ਇਹ ਘਟਨਾ ਜਸਵੰਤਨਗਰ ਦੇ ਪਿੰਡ ਕਟੀਆਪੁਰ ਵਿੱਚ ਵਾਪਰੀ।



**ਚੌਥੇ ਗੇੜ ਦੀਆਂ ਚੋਣਾਂ ਲਈ ਪ੍ਰਚਾਰ ਬੰਦ**

ਉੱਤਰ ਪ੍ਰਦੇਸ਼ ਦੇ 12 ਜ਼ਿਲ੍ਹਿਆਂ ਵਿੱਚ ਵੀਰਵਾਰ ਨੂੰ ਹੋਣ ਜਾ ਰਹੀਆਂ ਚੌਥੇ ਗੇੜ ਦੀਆਂ ਅਸੈਂਬਲੀ ਚੋਣਾਂ ਲਈ ਅੱਜ ਸ਼ਾਮ ਪ੍ਰਚਾਰ ਬੰਦ ਕਰ ਦਿੱਤਾ ਗਿਆ ਹੈ।

53 ਸੀਟਾਂ ਲਈ ਹੋ ਰਹੀਆਂ ਇਨ੍ਹਾਂ ਚੋਣਾਂ ਲਈ ਪ੍ਰਧਾਨ ਮੰਤਰੀ ਨਰਿੰਦਰ ਮੋਦੀ, ਮੁੱਖ ਮੰਤਰੀ ਅਖਿਲੇਸ਼ ਯਾਦਵ ਤੇ ਬਸਪਾ ਸੁਪਰੀਮੋ ਮਾਇਆਵਤੀ ਨੇ ਆਪੋ ਆਪਣੀਆਂ ਪਾਰਟੀਆਂ ਲਈ ਧੂੰਆਂਧਾਰ ਚੋਣ ਪ੍ਰਚਾਰ ਕੀਤਾ ਸੀ। ਇਨ੍ਹਾਂ ਚੋਣਾਂ ਵਿੱਚ 1.84 ਕਰੋੜ ਵੋਟਰ 680 ਉਮੀਦਵਾਰਾਂ ਦੇ ਭਵਿੱਖ ਦਾ ਫ਼ੈਸਲਾ ਕਰਨਗੇ। ਇਨ੍ਹਾਂ ਵਿੱਚ 84000 ਔਰਤ ਵੋਟਰ ਸ਼ਾਮਲ ਹਨ।

# ਪੰਜਾਬੀ ਮਾਂ ਬੋਲੀ ਦੇ ਹੱਕ ਵਿੱਚ ਰੋਸ ਮਾਰਚ ਅਤੇ ਗ੍ਰਿਫ਼ਤਾਰੀਆਂ

**ਚੰਡੀਗੜ੍ਹ–** ਕੌਮਾਂਤਰੀ ਮਾਂ ਬੋਲੀ ਦਿਵਸ ਮੌਕੇ ਚੰਡੀਗੜ੍ਹ ਪੰਜਾਬੀ ਮੰਚ ਦੇ ਸੱਦੇ 'ਤੇ ਵੱਖ ਵੱਖ ਵਰਗਾਂ ਦੇ ਪੰਜਾਬੀ ਹਿਤੈਸ਼ੀਆਂ ਨੇ ਪੰਜਾਬ ਰਾਜ ਭਵਨ ਵੱਲ ਰੋਸ ਮਾਰਚ ਕਰਕੇ ਗ੍ਰਿਫ਼ਤਾਰੀਆਂ ਦਿੱਤੀਆਂ। ਗ੍ਰਿਫ਼ਤਾਰੀਆਂ ਦੇਣ ਵਾਲਿਆਂ 'ਚ ਮਹਿਲਾਵਾਂ, ਬਜ਼ੁਰਗ, ਲੇਖਕ ਤੇ ਵਿਦਿਆਰਥੀ ਸ਼ਾਮਲ ਸਨ। ਪੰਜਾਬੀ ਮੰਚ ਦੇ ਪ੍ਰਧਾਨ ਡਾ. ਸੁਖਦੇਵ ਸਿੰਘ ਸਿਰਸਾ ਤੇ ਜਨਰਲ ਸਕੱਤਰ ਕਾਮਰੇਡ ਦੇਵੀ ਦਿਆਲ ਸ਼ਰਮਾ, ਚੰਡੀਗੜ੍ਹ ਗੁਰਦੁਆਰਾ ਸੰਗਠਨ ਦੇ ਚੇਅਰਮੈਨ ਅਜਾਇਬ ਸਿੰਘ, ਜਥੇਦਾਰ ਤਾਰਾ ਸਿੰਘ, ਪੇਂਡੂ ਸੰਘਰਸ਼ ਕਮੇਟੀ ਦੇ ਸਰਪ੍ਰਸਤ ਬਾਬਾ ਸਾਧੂ ਸਿੰਘ ਸਾਰੰਗਪੁਰ ਤੇ ਬਾਬਾ ਗੁਰਦਿਆਲ ਸਿੰਘ ਖੁੱਡਾ ਅਲੀਸ਼ੇਰ ਤੇ ਜਨਰਲ ਸਕੱਤਰ ਜੋਗਿੰਦਰ ਸਿੰਘ ਬੁੜੈਲ, ਜਥੇਦਾਰ ਗੁਰਨਾਮ ਸਿੰਘ ਸਿੱਧੂ, ਪਿੰਡ ਹੱਲੋਮਾਜਰਾ ਦੇ ਸਾਬਕਾ ਸਰਪੰਚ ਸੁਖਜੀਤ ਸਿੰਘ ਅਤੇ ਮੁਹਾਲੀ ਦੇ ਕੌਂਸਲਰ ਸਤਬੀਰ ਸਿੰਘ ਧਨੋਆ ਆਦਿ ਦੀ ਅਗਵਾਈ ਹੇਠ ਵਿਸ਼ਾਲ ਰੈਲੀ ਕੀਤੀ ਗਈ।

ਰਾਜ ਭਵਨ ਵੱਲੋਂ ਵਫ਼ਦ ਨੂੰ ਗੱਲਬਾਤ ਲਈ ਸੱਦਾ ਦਿੱਤਾ ਗਿਆ ਪਰ ਮੰਚ ਨੇ ਇਹ ਸੱਦਾ ਠੁਕਰਾ ਕੇ ਹਰ ਹੀਲੇ ਮਾਰਚ ਕਰਨ ਦਾ ਐਲਾਨ ਕੀਤਾ, ਜਿਸ ਕਾਰਨ ਪੁਲਿਸ ਨੇ ਮਸਜਿਦ ਗਰਾਊਂਡ ਨੂੰ ਚੁਫੇਰਿਓਂ ਘੇਰ ਲਿਆ। ਪੰਜਾਬੀ ਹਿਤੈਸ਼ੀਆਂ ਨੇ ਰੋਸ ਮਾਰਚ ਸ਼ੁਰੂ ਕਰ ਦਿੱਤਾ ਅਤੇ ਪੁਲਿਸ ਨੇ ਉਨ੍ਹਾਂ ਨੂੰ ਨਾਕੇ ਲਾ ਕੇ ਰੋਕ ਲਿਆ। ਪੁਲੀਸ ਨੇ ਜਲ ਤੋਪਾਂ ਬੀੜ ਲਈਆਂ ਅਤੇ ਕੁੱਝ ਸਮਾਂ ਪ੍ਰਦਰਸ਼ਨਕਾਰੀਆਂ ਤੇ ਪੁਲੀਸ ਵਿਚਾਲੇ ਗਰਮਾ ਗਰਮੀ ਵੀ ਹੋਈ। ਪ੍ਰਦਰਸ਼ਨਕਾਰੀਆਂ ਨੇ ਸੜਕ ਜਾਮ ਕਰਕੇ ਸਮੂਹਿਕ ਗ੍ਰਿਫ਼ਤਾਰੀਆਂ ਦੇਣ ਦਾ ਐਲਾਨ ਕੀਤਾ ਤਾਂ ਪੁਲੀਸ ਅਧਿਕਾਰੀਆਂ ਨੇ ਤੁਰੰਤ ਬੱਸਾਂ ਮੰਗਵਾ ਲਈਆਂ। ਇਸ ਮੌਕੇ 500 ਦੇ ਕਰੀਬ ਲੋਕ ਗ੍ਰਿਫਤਾਰੀ ਲਈ ਅੱਗੇ ਆਏ ਪਰ ਪੁਲੀਸ ਕੋਲ ਬੱਸਾਂ ਘੱਟ ਹੋਣ ਕਾਰਨ ਕੇਵਲ 105 ਜਣੇ ਹੀ ਗ੍ਰਿਫ਼ਤਾਰ ਕੀਤੇ ਗਏ। ਪੁਲੀਸ ਨੇ ਇਨ੍ਹਾਂ ਨੂੰ ਮਨੀਮਾਜਰਾ ਦੇ ਥਾਣੇ ਵਿੱਚ ਬੰਦ ਕਰ ਦਿੱਤਾ। ਪ੍ਰਦਰਸ਼ਨਕਾਰੀਆਂ ਨੇ ਥਾਣੇ 'ਚ ਧਰਨਾ ਮਾਰ ਦਿੱਤਾ। ਪੁਲੀਸ ਨੇ ਸ਼ਾਮ ਵੇਲੇ ਐਸਡੀਐਮ ਮੂਹਰੇ ਪੇਸ਼ ਕਰ ਕੇ ਪ੍ਰਦਰਸ਼ਨਕਾਰੀਆਂ ਨੂੰ ਰਿਹਾਅ ਕਰ ਦਿੱਤਾ। ਗ੍ਰਿ- ਫਤਾਰੀਆਂ ਦੇਣ ਵਾਲਿਆਂ ਵਿੱਚ ਕੇਂਦਰੀ ਪੰਜਾਬੀ ਲੇਖਕ ਸਭਾ ਦੇ ਪ੍ਰਧਾਨ ਡਾ. ਸਰਬਜੀਤ ਸਿੰਘ, ਦੀਪਕ ਸ਼ਰਮਾ, ਡਾ. ਸੁਰਿੰਦਰ ਗਿੱਲ, ਡਾ. ਅਨੂਪ ਸਿੰਘ, ਕਸ਼ਮੀਰ ਕੌਰ ਸੰਧੂ, ਦਵਿੰਦਪ੍ਰੀਤ ਕੌਰ, ਅਮਰਜੀਤ ਕੌਰ ਹਿਰਦੇ, ਜਗਦੀਪ ਕੌਰ ਕੁਰਾਲੀ, ਡਾ. ਗੁਲਜ਼ਾਰ ਸਿੰਘ ਪੰਧੇਰ, ਡਾ. ਕਰਮਜੀਤ ਸਿੰਘ ਕੁਰੂਕਸ਼ੇਤਰ, ਬਲਕਾਰ ਗਿੱਲ, ਸੁਖਦਰਸ਼ਨ ਨੱਤ, ਮੱਖਣ ਕੁਹਾੜ, ਸੁਲੱਖਣ ਸਰਹੱਦੀ, ਚੰਡੀਗੜ੍ਹ ਲੇਖਕ ਸਭਾ ਦੇ ਪ੍ਰਧਾਨ ਸ੍ਰੀ ਰਾਮ ਅਰਸ਼, ਸਿੱਖ ਫੈਡਰੇਸ਼ਨ ਦੇ ਕਰਨੈਲ ਸਿੰਘ ਪੀਰਮੁਹੰਮਦ, ਸੀਪੀਆਈ ਐਮਐਲ ਲਿਬਰੇਸ਼ਨ ਦੇ ਕੰਵਲਜੀਤ ਸਿੰਘ, ਬਲਜੀਤ ਸਿੰਘ ਖਾਲਸਾ, ਇੰਦਰਜੀਤ ਸਿੰਘ ਗਰੇਵਾਲ, ਸੀਪੀਆਈ ਚੰਡੀਗੜ੍ਹ ਦੇ ਸਕੱਤਰ ਰਾਜ ਕੁਮਾਰ ਅਤੇ ਸੀਪੀਆਈ ਪੰਜਾਬ ਦੇ ਸਾਬਕਾ ਸਕੱਤਰ ਭੁਪਿੰਦਰ ਸਾਂਬਰ, ਨੰਬਰਦਾਰ ਯੂਨੀਅਨ ਦੇ ਪ੍ਰਧਾਨ ਰਾਜਿੰਦਰ ਸਿੰਘ ਬਡਹੇੜੀ ਸ਼ਾਮਲ ਸਨ।



ਪਹਿਲਾਂ ਰੈਲੀ ਦੌਰਾਨ ਬੁਲਾਰਿਆਂ ਨੇ ਦੋਸ਼ ਲਾਇਆ ਕਿ ਯੂਟੀ ਪ੍ਰਸ਼ਾਸਨ ਵੱਲੋਂ ਚੰਡੀਗੜ੍ਹ ਦੇ ਤਕਰੀਬਨ 12 ਲੱਖ ਵਸਨੀਕਾਂ ਉਤੇ ਅੰਗਰੇਜ਼ੀ ਥੋਪ ਕੇ ਮਾਂ ਬੋਲੀ ਦਾ ਕਤਲ ਕੀਤਾ ਜਾ ਰਿਹਾ ਹੈ ਅਤੇ ਭਾਰਤੀ ਸੰਵਿਧਾਨ ਦੀਆਂ ਧੱਜੀਆਂ ਉਡਾਈਆਂ ਜਾ ਰਹੀਆਂ ਹਨ ਕਿਉਂਕਿ ਸੰਵਿਧਾਨ ਅਨੁਸਾਰ ਦੇਸ਼ ਦੇ ਕਿਸੇ ਵੀ ਸੂਬੇ ਦੀ ਸਰਕਾਰੀ ਭਾਸ਼ਾ ਉਥੋਂ ਦੇ ਬਾਸ਼ਿੰਦਿਆਂ ਦੀ ਮਾਂ ਬੋਲੀ ਹੀ ਨਿਰਧਾਰਤ ਕੀਤੀ ਜਾ ਸਕਦੀ ਹੈ। ਉਨ੍ਹਾਂ ਦੁੱਖ ਜ਼ਾਹਿਰ ਕੀਤਾ ਕਿ ਹੁਕਮਰਾਨਾਂ ਨੇ 28 ਪੰਜਾਬੀ ਪਿੰਡਾਂ ਨੂੰ ਉਜਾੜ ਕੇ ਪੰਜਾਬ ਦੀ ਰਾਜਧਾਨੀ ਵਜੋਂ ਉਸਾਰੇ ਚੰਡੀਗੜ੍ਹ ਨੂੰ ਅੱਜ ਤੱਕ ਪੰਜਾਬ ਹਵਾਲੇ ਨਹੀਂ ਕੀਤਾ ਅਤੇ ਪੰਜਾਬੀਆਂ ਦੀ ਮਾਂ ਬੋਲੀ ਨੂੰ ਵੀ ਪੂਰੀ ਤਰ੍ਹਾਂ ਪ੍ਰਸ਼ਾਸਨ ਵਿੱਚੋਂ ਨਿਕਾਲਾ ਦੇ ਕੇ ਸਾਰੇ ਕਾਇਦੇ ਕਾਨੂੰਨ ਛਿੱਕੇ ਟੰਗੇ ਜਾ ਰਹੇ ਹਨ। ਉਨ੍ਹਾਂ ਪੰਜਾਬ ਦੇ ਰਾਜਪਾਲ ਤੇ ਯੂਟੀ ਦੇ ਪ੍ਰਸ਼ਾਸਕ ਵੀ.ਪੀ. ਸਿੰਘ ਬਦਨੌਰ ਨੂੰ ਸਵਾਲ ਕੀਤਾ ਕਿ ਜਦੋਂ ਚੰਡੀਗੜ੍ਹ ਦੇ 12 ਲੱਖ 'ਚੋਂ ਇਕ ਵੀ ਵਸਨੀਕ ਦੀ ਮਾਂ ਬੋਲੀ ਅੰਗਰੇਜ਼ੀ ਨਹੀਂ ਹੈ ਤਾਂ ਫਿਰ ਇਸ ਨੂੰ ਸਰਕਾਰੀ ਭਾਸ਼ਾ ਦਾ ਦਰਜਾ ਕਿਵੇਂ ਦਿੱਤਾ ਹੈ? ਰੈਲੀ ਵਿੱਚ ਸੀਨੀਅਰ ਲੇਖਕ ਗੁਲਜ਼ਾਰ ਸਿੰਘ ਸੰਧੂ, ਮੋਹਨ ਭੰਡਾਰੀ, ਡਾ: ਆਤਮਜੀਤ, ਮਲਕੀਅਤ ਕੌਰ ਬਸਰਾ, ਡਾ. ਲਾਭ ਸਿੰਘ ਖੀਵਾ ਤੇ ਨਾਇਬ ਸਿੰਘ ਦਾਊਮਾਜਰਾ ਆਦਿ ਸ਼ਾਮਲ ਸਨ।

## ਹਥਿਆਰਾਂ ਦਾ ਕੌਮਾਂਤਰੀ ਵਪਾਰ ਸਿਖ਼ਰ 'ਤੇ

ਸਟਾਕਹੋਮ- ਮੱਧ ਪੂਰਬ ਅਤੇ ਏਸ਼ੀਆ ਵਿੱਚ ਮੰਗ ਵਧਣ ਕਾਰਨ ਆਲਮੀ ਪੱਧਰ 'ਤੇ ਹਥਿਆਰਾਂ ਦਾ ਵਪਾਰ ਸੀਤ ਯੁੱਧ ਬਾਅਦ ਪਿਛਲੇ ਪੰਜ ਸਾਲਾਂ ਦੌਰਾਨ ਸਿਖ਼ਰ ਉਤੇ ਪੁੱਜ ਗਿਆ ਹੈ। ਸਟਾਕਹੋਮ ਇੰਟਰਨੈਸ਼ਨਲ ਪੀਸ ਰੀਸਰਚ ਇੰਸਟੀਚਿਊਟ ਮੁਤਾਬਕ ਸਾਲ 2012-2016 ਦਰਮਿਆਨ ਵਿਸ਼ਵ ਪੱਧਰ 'ਤੇ ਦਰਾਮਦ ਹੋਏ ਹਥਿਆਰਾਂ ਵਿੱਚੋਂ 43 ਫ਼ੀਸਦ ਏਸ਼ੀਆ ਤੇ ਓਸ਼ਨੀਆ ਮੁਲਕਾਂ ਵੱਲੋਂ ਕੀਤੇ ਗਏ ਹਨ, ਜੋ 2007-2011 ਦਰਮਿਆਨ ਦਰਾਮਦ ਹੋਏ ਹਥਿਆਰਾਂ ਦੇ ਮੁਕਾਬਲੇ 7.7 ਫ਼ੀਸਦ ਵੱਧ ਹਨ। ਇਸ ਸੰਸਥਾ ਵੱਲੋਂ ਕੱਲ੍ਹ ਜਾਰੀ ਕੀਤੇ ਬਿਆਨ ਮੁਤਾਬਕ ਸੀਤ ਯੁੱਧ ਦੀ ਸਮਾਪਤੀ ਬਾਅਦ ਕਿਸੇ ਵੀ ਪੰਜ ਸਾਲਾਂ ਦੇ ਸਮੇਂ ਦੌਰਾਨ 2012-16 ਦੌਰਾਨ ਸਭ ਤੋਂ ਵੱਧ ਪ੍ਰਮੁੱਖ ਹਥਿਆਰਾਂ ਦਾ ਵਪਾਰ ਹੋਇਆ ਹੈ। ਏਸ਼ੀਆ ਤੇ ਓਸ਼ਨੀਆ ਦਾ ਕੌਮਾਂਤਰੀ ਦਰਾਮਦ ਵਿੱਚ ਹਿੱਸਾ ਸਾਲ 2007 ਤੇ 2011 (44 ਫ਼ੀਸਦ) ਨਾਲੋਂ ਜ਼ਿਆਦਾ ਹੈ।

# ਕਾਲਾ ਧਨ ਜਮ੍ਹਾਂ ਕਰਾਉਣ ਵਾਲਿਆਂ ਖ਼ਿਲਾਫ਼ ਕਾਰਵਾਈ ਤੈਅ

ਨਵੀਂ ਦਿੱਲੀ- ਸਿੱਧੇ ਟੈਕਸ ਨਾਲ ਸਬੰਧਤ ਕੇਂਦਰੀ ਬੋਰਡ (ਸੀਬੀਡੀਟੀ) ਨੇ ਕਿਹਾ ਕਿ ਕਿਸੇ ਵੀ ਸ਼ੱਕੀ ਬੈਂਕ ਖਾਤਾਧਾਰਕ ਜਿਸ 'ਤੇ ਕਾਲੇ ਧਨ ਨੂੰ ਖਪਾਉਣ ਅਤੇ ਕੰਪਨੀ ਮਾਮਲਿਆਂ ਦਾ ਸ਼ੱਕ ਹੋਵੇਗਾ ਨੂੰ 'ਅਪਰੇਸ਼ਨ ਕਲੀਨ ਮਨੀ' ਮੁਹਿੰਮ ਤਹਿਤ ਜਾਂਚ ਤੋਂ ਛੋਟ ਨਹੀਂ ਦਿੱਤੀ ਜਾਵੇਗੀ ਭਾਵੇਂ ਉਸ ਦੇ ਖਾਤੇ ਵਿੱਚ ਜਮ੍ਹਾਂ ਪੂੰਜੀ ਘੱਟ ਹੀ ਕਿਉਂ ਨਾ ਹੋਵੇ।

ਵਿਭਾਗ ਦੀ ਨੀਤੀ ਬਣਾਉਣ ਵਾਲੇ ਵਿਭਾਗ ਨੇ ਇਸ ਸਬੰਧੀ ਵਿਸ਼ੇਸ਼ ਹਦਾਇਤਾਂ ਜਾਰੀ ਕੀਤੀਆਂ ਹਨ, ਜਿਸ ਤਹਿਤ ਜਮ੍ਹਾਂ ਨਕਦੀ ਦੇ ਜਾਇਜ਼ ਅਤੇ ਨਾਜਾਇਜ਼ ਹੋਣ ਦੀ ਪਛਾਣ ਕੀਤੀ ਜਾਵੇਗੀ। ਵਿਭਾਗ ਨੇ ਇਨ੍ਹਾਂ ਨੇਮਾਂ ਤਹਿਤ 18 ਲੱਖ ਲੋਕਾਂ ਨਾਲ ਰਾਬਤਾ ਕਾਇਮ ਕੀਤਾ ਹੈ।

ਵਿਭਾਗ ਨੇ ਕਿਹਾ ਹੈ ਕਿ ਜੇਕਰ ਕਿਸੇ ਸ਼ੱਕੀ ਬੈਂਕ ਖਾਤੇ ਵਿੱਚ ਕਾਲੇ ਧਨ ਨੂੰ ਖਪਾਉਣ ਦੇ ਸਬੂਤ, ਟੈਕਸ ਛੋਟ ਵਿੱਚ ਗੜਬੜ, ਫਰਜ਼ੀ ਕੰਪਨੀਆਂ ਬਣਾਉਣ ਅਤੇ ਪੈਸੇ ਦੀ ਨਿਰਧਾਰਤ ਸੀਮਾ ਲਈ ਬਣਾਏ ਨਿਯਮ ਲਾਗੂ ਨਹੀਂ ਹੋਣਗੇ ਤਾਂ ਉਸ ਤੋਂ ਪੁਛਗਿਛ ਕੀਤੀ ਜਾਵੇਗੀ। ਵਿਭਾਗ ਨੇ ਸਪਸ਼ਟ ਕੀਤਾ ਹੈ ਕਿ ਜੇਕਰ ਕਿਸੇ ਵਿਅਕਤੀ ਦੀ ਵਪਾਰਕ ਆਮਦਨ ਨਹੀਂ ਹੈ ਤੇ ਉਸ ਕੋਲ ਢਾਈ ਲੱਖ ਰੁਪਏ ਦੀ ਜਮ੍ਹਾਂ ਪੂੰਜੀ ਹੈ ਤਾਂ ਉਸ ਤੋਂ ਕੋਈ ਪੁੱਛਗਿਛ ਨਹੀਂ ਕੀਤੀ ਜਾਵੇਗੀ। ਨਿਰਧਾਰਤ ਸੀਮਾ ਤੋਂ ਜਮ੍ਹਾਂ ਵਧ ਪੈਸੇ 'ਤੇ ਪੁੱਛਗਿਛ ਕੀਤੀ ਜਾਵੇਗੀ।

ਵਿਭਾਗ ਵੱਲੋਂ ਜਾਰੀ ਹਦਾਇਤਾਂ ਵਿੱਚ ਇਹ ਵੀ ਕਿਹਾ ਗਿਆ ਹੈ ਕਿ ਜਿਹੜਾ ਵਿਅਕਤੀ ਵਪਾਰਕ ਗਤੀਵਿਧੀਆਂ ਵਿੱਚ ਸ਼ਾਮਲ ਹੈ ਅਤੇ ਅਕਾਊਂਟ ਬੁੱਕ ਵਿੱਚ ਲੈਣ ਦੇਣ ਦਰਜ ਕਰਦਾ ਹੈ ਤਾਂ ਉਸ ਨੂੰ ਹੋਰ ਜਾਣਕਾਰੀ ਦੇਣ ਦੀ ਲੋੜ ਨਹੀਂ ਹੈ ਬਸ਼ਰਤੇ ਉਸ ਦੀ ਕੁਲ ਪੂੰਜੀ ਤੇ ਬੱਚਤ ਰਾਸ਼ੀ ਸਮਾਪਤ ਬਕਾਇਆ ਤੋਂ ਵੱਧ ਨਾ ਹੋਵੇ ਤੇ 2016-17 ਦੀ ਰਿਟਰਨ ਦੇ ਅਸਾਸਿਆਂ ਨਾਲ ਮੇਲ ਖਾਂਦੀ ਹੋਵੇ।

# ਭਾਰਤ ਨੇ ਰਚਿਆ ਇਤਿਹਾਸ, ਇਕੋ ਵੇਲੇ 104 ਉਪਗ੍ਰਹਿ ਦਾਗ਼ੇ

**ਸ੍ਰੀਹਰੀਕੋਟਾ (ਆਂਧਰਾ ਪ੍ਰਦੇਸ਼)–** ਭਾਰਤ ਨੇ ਇਕੋ ਸਮੇਂ 104 ਉਪਗ੍ਰਹਿ ਦਾਗ ਕੇ ਅਤੇ ਇਨ੍ਹਾਂ ਨੂੰ ਆਪਣੇ ਗ੍ਰਹਿ ਪੰਧ ਉਤੇ ਪਾ ਕੇ ਇਤਿਹਾਸ ਸਿਰਜ ਦਿੱਤਾ। ਇਸਰੋ ਨੇ ਆਪਣੇ 'ਪੋਲਰ ਸੈਟੇਲਾਈਟ ਲਾਂਚ ਵਹੀਕਲ' ਦੀ 38ਵੀਂ ਸਫ਼ਲ ਉਡਾਣ ਦੌਰਾਨ ਭਾਰਤ ਦੇ ਮੌਸਮ ਉਤੇ ਨਜ਼ਰ ਰੱਖਣ ਵਾਲੇ ਕਾਰਟੋਸੈਟ-2 ਸੀਰੀਜ਼ ਦੇ ਉਪਗ੍ਰਹਿ ਅਤੇ 103 ਨੈਨੋ ਉਪਗ੍ਰਹਿਆਂ ਨੂੰ 30 ਮਿੰਟਾਂ ਦੇ ਵਕਫ਼ੇ ਵਿੱਚ ਗ੍ਰਹਿ ਪੰਧ ਉਤੇ ਪਾਇਆ। ਇਨ੍ਹਾਂ ਵਿੱਚੋਂ ਸਿਰਫ਼ 3 ਉਪਗ੍ਰਹਿ ਭਾਰਤ ਦੇ ਹਨ, ਜਦੋਂ ਕਿ ਬਾਕੀ ਸਾਰੇ ਦੂਜੇ ਦੇਸ਼ਾਂ ਦੇ ਹਨ।


ਅਰਬਾਂ ਡਾਲਰਾਂ ਦੀ ਉਪਗ੍ਰਹਿ ਦਾਗਣ ਵਾਲੀ ਸਨਅਤ ਵਿੱਚ ਭਾਰਤ ਨੂੰ ਹੁਣ ਵੱਡਾ ਹਿੱਸਾ ਮਿਲ ਸਕਦਾ ਹੈ ਕਿਉਂਕਿ ਭਾਰਤੀ ਪੁਲਾੜ ਖੋਜ ਸੰਸਥਾ (ਇਸਰੋ) ਨੇ ਰੂਸ ਦੀ ਪੁਲਾੜ ਏਜੰਸੀ ਵੱਲੋਂ 2014 ਵਿੱਚ ਇਕੋ ਉਡਾਣ ਦੌਰਾਨ 37 ਉਪਗ੍ਰਹਿ ਦਾਗਣ ਦੇ ਰਿਕਾਰਡ ਨੂੰ ਮਾਤ ਪਾ ਦਿੱਤੀ। ਇਸ ਤੋਂ ਪਹਿਲਾਂ ਇਸਰੋ ਨੇ 2015 ਵਿੱਚ ਇਕੋ ਵੇਲੇ 20 ਉਪਗ੍ਰਹਿ ਦਾਗੇ ਸਨ। ਅੱਜ ਦਾਗੇ ਉਪਗ੍ਰਹਿਆਂ ਵਿੱਚੋਂ ਜ਼ਿਆਦਾਤਰ ਧਰਤੀ ਦੀਆਂ ਤਸਵੀਰਾਂ ਲੈਣ ਨਾਲ ਸਬੰਧਤ ਹਨ। ਇਨ੍ਹਾਂ ਵਿੱਚ 96 ਨੈਨੋ ਉਪਗ੍ਰਹਿ ਦੋ ਅਮਰੀਕੀ ਕੰਪਨੀਆਂ ਦੇ ਹਨ, ਜਦੋਂ ਕਿ ਇਸਰਾਈਲ, ਕਜ਼ਾਕਿਸਤਾਨ, ਨੀਦਰਲੈਂਡ, ਸਵਿਟਜ਼ਰਲੈਂਡ ਅਤੇ ਸੰਯੁਕਤ ਅਰਬ ਅਮੀਰਾਤ ਦਾ ਇਕ ਇਕ ਉਪਗ੍ਰਹਿ ਹੈ।



ਜਿਉਂ ਹੀ ਇਸਰੋ ਚੇਅਰਮੈਨ ਏਐਸ ਕਿਰਨ ਕੁਮਾਰ ਨੇ ਐਲਾਨ ਕੀਤਾ ਕਿ ਸਾਰੇ ਉਪਗ੍ਰਹਿਆਂ ਨੂੰ ਯੋਜਨਾ ਮੁਤਾਬਕ ਪੁਲਾੜ ਪੰਧ ਉਤੇ ਪਾ ਦਿੱਤਾ ਗਿਆ ਤਾਂ ਇੱਥੇ ਵਿਗਿਆਨੀ ਖ਼ੁਸ਼ੀ ਵਿੱਚ ਝੂਮ ਉੱਠੇ। ਉਨ੍ਹਾਂ ਇਸਰੋ ਦੀ ਟੀਮ ਨੂੰ ਇਸ ਮਾਅਰਕੇ ਲਈ ਵਧਾਈ ਦਿੱਤੀ। ਰਾਸ਼ਟਰਪਤੀ ਪ੍ਰਣਬ ਮੁਖਰਜੀ, ਪ੍ਰਧਾਨ ਮੰਤਰੀ ਨਰਿੰਦਰ ਮੋਦੀ, ਉਪ ਰਾਸ਼ਟਰਪਤੀ ਹਾਮਿਦ ਅਨਸਾਰੀ, ਕਾਂਗਰਸ ਪ੍ਰਧਾਨ ਸੋਨੀਆ ਗਾਂਧੀ ਅਤੇ ਉੱਘੇ ਪੁਲਾੜ ਵਿਗਿਆਨੀ ਮਾਧਵਨ ਨਾਇਰ ਨੇ ਵੀ ਇਸਰੋ ਨੂੰ ਮੁਬਾਰਕਬਾਦ ਦਿੱਤੀ ਹੈ।

# ਸ. ਹਰਚੰਦ ਸਿੰਘ ਸਿੱਧੂ ਦੇ ਅਕਾਲ ਚਲਾਣੇ 'ਤੇ ਸਿੱਧੂ ਪਰਿਵਾਰ ਪੋਟਰਵਿਲ ਨੂੰ ਭਾਰੀ ਸਦਮਾ

**ਫਰਿਜ਼ਨੋ (ਕੁਲਵੰਤ ਧਾਲੀਆਂ / ਨੀਟਾ ਮਾਛੀਕੇ):** ਬੀਤੇ ਦਿਨੀ ਸ਼ਹਿਰ ਪੋਟਰਵਿਲ, ਕੈਲੀਫੋਰਨੀਆਂ ਨਿਵਾਸੀ ਸ. ਹਰਚੰਦ ਸਿੰਘ ਸਿੱਧੂ ਅਕਾਲ ਚਲਾਣਾ ਕਰ ਗਏ। ਇੰਨਾਂ ਦਾ ਪਿਛਲਾ ਪਿੰਡ ਪੰਜਾਬ ਵਿੱਚ ਭਗਤਾ ਭਾਈਕਾ ਸੀ ਅਤੇ ਪਿਛਲੇ 20 ਸਾਲਾ ਤੋਂ ਅਮਰੀਕਾ ਰਹਿ ਰਹੇ ਸਨ। ਉਹ ਇਲਾਕੇ ਦੀ ਜਾਣੀ-ਪਹਿਚਾਣੀ ਸਖਸ਼ੀਅਤ ਸਨ। ਇਸ ਸਮੇਂ ਉਨ੍ਹਾਂ ਦੀ ਉਮਰ ੮੪ ਸਾਲ ਸੀ। ਇੰਨ੍ਹਾਂ ਦਾ ਅੰਤਮ ਸੰਸ਼ਕਾਰ ਅਤੇ ਸਰਧਾਜ਼ਲੀਆਂ 25 ਫਰਬਰੀ 2017, ਦਿਨ ਸ਼ਨੀਵਾਰ ਨੂੰ 'ਸ਼ਾਂਤ ਭਵਨ ਪੰਜਾਬੀ ਫਿਊਨਰਲ ਹੋਮ' ਫਰਿਜ਼ਨੋ ਵਿਖੇ 11 ਵਜ਼ੇ ਤੋਂ 1 ਵਜ਼ੇ ਹੋਣਗੀਆਂ। ਇਸ ਉਪਰੰਤ ਉਨ੍ਹਾਂ ਦੀ ਆਤਮਕ ਸ਼ਾਂਤੀ ਲਈ ਰੱਖੇ ਗਏ ਪਾਠ ਦਾ ਭੋਗ ਅਤੇ ਅੰਤਮ ਅਰਦਾਸ 'ਗੁਰਦੁਆਰਾ ਸਿੱਖ ਪੈਸ਼ੀਫਿਕ ਕੌਸ਼ਟ' ਸਿਲਮਾ ਵਿਖੇ ਹੋਵੇਗੀ। ਇਸ ਦੁੱਖ ਦੀ ਘੜੀ ਵਿੱਚ ਪਰਿਵਾਰ ਨਾਲ ਦੁੱਖ ਸਾਝਾ ਕਰਨ ਅਤੇ ਹੋਰ ਜਾਣਕਾਰੀ ਲਈ ਉਨ੍ਹਾਂ ਦੇ ਸਪੁੱਤਰ ਦੀਪ ਸਿੱਧੂ ਨਾਲ ਫੋਨ (559) 333-1910 'ਤੇ ਸੰਪਰਕ ਕੀਤਾ ਜਾ ਸਕਦਾ ਹੈ।



# ਅਕਾਲੀ ਦਲ ਤੇ ਸ਼੍ਰੋਮਣੀ ਕਮੇਟੀ ਨੇ ਵਰ੍ਹੇਗੰਢ ਸਮਾਗਮਾਂ ਤੋਂ ਕੀਤਾ ਕਿਨਾਰਾ

**ਜੈਤੋ–** ਸ਼੍ਰੋਮਣੀ ਅਕਾਲੀ ਦਲ ਅਤੇ ਉਸ ਦੀ ਅਧੀਨਗੀ ਵਾਲੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਰਹਿਨੁਮਾਵਾਂ ਨੇ ਅੱਜ ਜੈਤੋ ਮੋਰਚੇ ਦੇ ਸ਼ਹੀਦਾਂ ਦੀ ਯਾਦ 'ਚ ਹੋਏ ਧਾਰਮਿਕ ਸਮਾਰੋਹ ਵੱਲ ਪਿੱਠ ਕਰ ਲਈ। ਇਤਿਹਾਸਕ ਯਾਦਗਾਰਾਂ ਦੇ ਉਸਰੱਈਏ ਅਤੇ ਸਿੱਖਾਂ ਦੇ ਵਾਹਦ ਨੇਤਾਵਾਂ ਵਜੋਂ ਹਿੱਕਾਂ ਥਾਪੜਣ ਵਾਲੇ ਸ਼ਖ਼ਸ ਮੋਰਚੇ ਦੇ ਵਰੇਗੰਢ ਸਮਾਗਮ 'ਚੋਂ ਲੋਪ ਰਹੇ। ਸਥਾਨਕ ਐਸ ਜੀ ਪੀ ਸੀ ਮੈਂਬਰ ਸੁਖਦੇਵ ਸਿੰਘ ਬਾਠ ਹਾਜ਼ਰੀ ਲੁਆਉਣ ਵਾਲਿਆਂ 'ਚੋਂ ਹੁਕਮਰਾਨ ਖੇਮੇ ਦੀ 'ਵੱਡੀ ਹਸਤੀ' ਹੋ ਨਿੱਬੜੇ। ਆਮ ਆਦਮੀ ਪਾਰਟੀ ਦੇ ਮਾਸਟਰ ਬਲਦੇਵ ਸਿੰਘ ਸ਼ਹੀਦਾਂ ਨੂੰ ਨਤਮਸਤਕ ਹੋਣ ਆਏ ਪਰ ਸਿੱਖਾਂ ਦੀ ਨੁਮਾਇਆ ਧਿਰ ਅਖਵਾਉਂਦੇ ਹਾਕਮ ਗੁੱਟ ਦਾ ਕੋਈ ਵੀ ਪ੍ਰਮੁੱਖ ਆਗੂ ਸਜਦਾ ਕਰਨ ਨਾ ਬਹੁੜਿਆ। 93ਵਾਂ ਸਾਲਾਨਾ ਸਮਾਗਮ 1924 'ਚ ਵਾਪਰੀ ਸ਼ਹੀਦੀ ਘਟਨਾ ਦੀ ਯਾਦ 'ਚ ਬਣੇ ਗੁਰਦੁਆਰਾ ਸ਼ਹੀਦ ਗੰਜ ਟਿੱਬੀ ਸਾਹਿਬ ਵਿਖੇ 101 ਅਖੰਡ ਪਾਠਾਂ ਦੀ ਲੜੀ ਦੇ ਭੋਗ ਉਪਰੰਤ ਸ਼ੁਰੂ ਹੋਇਆ। ਇਸ ਮੌਕੇ ਨਾਮਵਰ ਕਥਾਵਾਚਕ ਭਾਈ ਅਮਰੀਕ ਸਿੰਘ ਚੰਡੀਗੜ੍ਹ ਵਾਲਿਆਂ ਨੇ ਜੈਤੋ ਮੋਰਚੇ ਦੀ ਇਤਿਹਾਸਕ ਘਟਨਾ ਬਾਰੇ ਦੱਸਿਆ। ਉਨ੍ਹਾਂ ਹਰ ਵਰ੍ਹੇਗੰਢ 'ਤੇ ਕੀਤੀ ਜਾਂਦੀ ਅਖੰਡ ਪਾਠਾਂ ਦੀ ਲੜੀ ਵਾਲੀ ਪ੍ਰੰਪਰਾ 'ਤੇ ਪ੍ਰਬੰਧਕਾਂ ਨੂੰ 'ਟਕੋਰ' ਲਾਉਂਦਿਆਂ ਰਵਾਇਤ ਨੂੰ ਸਿੱਖੀ ਸਿਧਾਂਤਾਂ ਦੇ ਉਲਟ ਕਰਾਰ ਦਿੱਤਾ। ਉਨ੍ਹਾਂ ਦੀ ਸਲਾਹ ਸੀ ਕਿ ਇਕੋ ਸਮੇਂ ਸਿਰਫ ਇਕ ਅਖੰਡ ਪਾਠ ਹੀ ਕੀਤਾ ਜਾਵੇ। ਇਸ ਤੋਂ ਇਲਾਵਾ ਭਾਈ ਸੁਖਪ੍ਰੀਤ ਸਿੰਘ ਦੇ ਢਾਡੀ ਜਥੇ ਨੇ ਸਿੱਖ ਇਤਿਹਾਸ ਨਾਲ ਸਬੰਧਿਤ ਵਾਰਾਂ ਪੇਸ਼ ਕੀਤੀਆਂ। ਸਮਾਰੋਹ ਦੌਰਾਨ ਮੋਰਚੇ ਦੇ ਸ਼ਹੀਦਾਂ ਦੇ ਪਰਿਵਾਰਾਂ ਨੂੰ ਐਸਜੀਪੀਸੀ ਵੱਲੋਂ ਸਿਰੋਪਾਓ ਤੇ ਯਾਦਗਾਰੀ ਨਿਸ਼ਾਨੀਆਂ ਨਾਲ ਨਿਵਾਜਿਆ ਗਿਆ। ਇਥੇ ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਖੇਤਰ ਜੈਤੋ ਵੱਲੋਂ ਪੁਸਤਕ ਅਤੇ ਨਸ਼ਾ ਵਿਰੋਧੀ ਪ੍ਰਦਰਸ਼ਨੀਆਂ ਵੀ ਲਾਈਆਂ ਗਈਆਂ। ਇਸ ਤੋਂ ਇਲਾਵਾ ਸ਼੍ਰੋਮਣੀ ਕਮੇਟੀ ਤਰਫ਼ੋਂ ਇਤਿਹਾਸਕ ਮਹੱਤਤਾ ਨੂੰ ਦਰਸਾਉਂਦੀ ਚਿੱਤਰ ਪ੍ਰਦਰਸ਼ਨੀ ਵੀ ਲਾਈ ਗਈ। ਸ਼ਰਧਾਲੂ ਵਿਸ਼ਾਲ ਗਿਣਤੀ ਵਿਚ ਅੱਜ ਦੇ ਸਮਾਗਮ 'ਚ ਸ਼ਾਮਿਲ ਹੋਏ। ਖਾਸ ਪੱਖ ਇਹ ਰਿਹਾ ਕਿ ਗਿਣਤੀ ਪੱਖ ਤੋਂ ਮਹਿਲਾਵਾਂ ਦੀ ਗਿਣਤੀ ਵੱਧ ਅਤੇ ਪੁਰਸ਼ਾਂ ਦੀ ਘੱਟ ਸੀ।



ਵਰਣਨਯੋਗ ਹੈ ਕਿ ਇਸ ਸਦੀ ਦੇ ਆਰੰਭ 'ਚ ਅਕਾਲੀ ਦਲ ਦੇ ਸੁਪਰੀਮੋ ਪ੍ਰਕਾਸ਼ ਸਿੰਘ ਬਾਦਲ ਮੁੱਖ ਮੰਤਰੀ ਦੀ ਹੈਸੀਅਤ ਵਿਚ ਜੈਤੋ ਮੋਰਚੇ ਦੇ ਸਾਲਾਨਾ ਸਮਾਗਮ ਵਿਚ ਸ਼ਾਮਿਲ ਹੋਏ ਅਤੇ ਉਦੋਂ ਉਨ੍ਹਾਂ ਸਮਾਗਮ ਨੂੰ ਸਰਕਾਰੀ ਤੌਰ 'ਤੇ ਮਨਾਉਣ ਦਾ ਐਲਾਨ ਕੀਤਾ ਸੀ। ਪਿੱਛੋਂ ਦੋ ਦਫ਼ਾ ਅਕਾਲੀ ਸਰਕਾਰ ਰਹੀ ਪਰ ਉਹ ਵਾਅਦਾ ਹਾਲੇ ਤੱਕ ਵਫ਼ਾ ਨਹੀਂ ਹੋ ਸਕਿਆ। ਲਗਾਤਾਰ ਦੀ ਵਰੇਗੰਢ ਸਮਾਗਮਾਂ ਤੋਂ ਦੂਰੀ ਬਾਰੇ ਬੇਬਾਕ ਸ਼ਖ਼ਸ ਕੁਲਵੰਤ ਸਿੰਘ ਜੈਤੋ ਦਾ ਕਹਿਣਾ ਹੈ ਕਿ ਸ਼ਹੀਦਾਂ ਪ੍ਰਤੀ ਸਿੱਖ ਆਗੂਆਂ ਦੀ ਨਿਰੰਤਰ ਬੇਰੁਖ਼ੀ ਨੇ ਉਨ੍ਹਾਂ ਦੇ ਦੰਭੀ ਕਿਰਦਾਰ ਨੂੰ ਬੇਪਰਦ ਕੀਤਾ ਹੈ। ਉਨ੍ਹਾਂ ਇਥੋਂ ਤੱਕ ਆਖਿਆ ਕਿ ਮਾਣ ਨਾਲ ਸਿੱਖ ਅਰਦਾਸ 'ਚ ਯਾਦ ਕੀਤੇ ਜਾਂਦੇ ਮੋਰਚੇ ਦੇ ਸ਼ਹੀਦਾਂ ਦੀ ਯਾਦ 'ਚ ਹੁੰਦੇ ਵਰੇਗੰਢ ਸਮਾਗਮਾਂ ਦੇ ਰਸਮੀ ਬਣਨ ਦਾ ਖ਼ਤਰਾ ਬਣਿਆ ਹੋਇਆ ਹੈ ਜਿਸ ਦੇ ਜ਼ਿੰਮੇਵਾਰ ਅਖੌਤੀ 'ਸਿੱਖ ਰਹਿਬਰ' ਹੀ ਹੋਣਗੇ।

# ਸੰਤ ਸਤਵਿੰਦਰ ਹੀਰਾ ਨੂੰ ਸਦਮਾ, ਪਿਤਾ ਦਾ ਦੇਹਾਂਤ

**ਸ੍ਰੀ ਚਰਨ ਛੋਹ ਗੰਗਾ–** ਆਲ ਇੰਡੀਆ ਆਦਿ ਧਰਮ ਮਿਸ਼ਨ ਰਜਿ. ਭਾਰਤ ਦੇ ਕੌਮੀ ਪ੍ਰਧਾਨ ਸੰਤ ਸਤਵਿੰਦਰ ਹੀਰਾ ਦੇ ਪਿਤਾ ਸ੍ਰੀ ਗਿਆਨ ਚੰਦ ਜਿਹਨਾਂ ਦੀ ਉਮਰ 90 ਸਾਲਾਂ ਦੀ ਸੀ ਜੋ ਬੀਤੀ 16 ਫਰਵਰੀ ਨੂੰ ਸਵੇਰੇ 7 ਵਜੇ ਅਚਾਨਕ ਦਿਲ ਦਾ ਦੌਰਾ ਪੈਣ ਕਾਰਨ ਆਪਣੀ ਸੰਸਾਰਕ ਯਾਤਰਾ ਪੂਰੀ ਕਰਦੇ ਹੋਏ ਪ੍ਰਮਾਤਮਾ ਦੇ ਚਰਨਾਂ 'ਚ ਜਾ ਬਿਰਾਜੇ ਹਨ। ਸ੍ਰੀ ਗਿਆਨ ਚੰਦ ਦਾ ਅੰਤਿਮ ਸਸਕਾਰ ਉਸੇ ਦਿਨ ਸ਼ਾਮੀ 4 ਵਜੇ ਸਵਰਗ ਆਸ਼ਰਮ ਸ਼ਿਵਪੁਰੀ, ਧੂਰੀ ਰੇਲਵੇ ਲਾਈਨ, ਸਾਹਮਦੇ ਦਾਣਾ ਮੰਡੀ ਗਿੱਲ ਰੋਡ ਲੁਧਿਆਣਾ ਵਿਖੇ ਕੀਤਾ ਗਿਆ। ਆਲ ਇੰਡੀਆ ਆਦਿ ਧਰਮ ਮਿਸ਼ਨ ਭਾਰਤ ਦੇ ਸਮੂਹ ਮੈਂਬਰਾਂ ਵੱਲੋਂ, ਸ੍ਰੀ ਗੁਰੂ ਰਵਿਦਾਸ ਇਤਿਹਾਸਕ ਧਰਮ ਅਸਥਾਨ ਚਰਨ ਛੋਹ ਗੰਗਾ ਅੰਮ੍ਰਿਤ-ਕੁੰਡ ਸੱਚਖੰਡ ਸਾਹਿਬ ਖੁਰਾਲਗੜ੍ਹ ਦੀ ਸਮੂਹ ਪ੍ਰਬੰਧਕ ਕਮੇਟੀ, ਆਦਿ ਧਰਮ ਪੱਤ੍ਰਿਕਾ ਦੇ ਸਮੂਹ ਸੰਪਾਦਕੀ ਬੋਰਡ, ਡੀ. ਡੀ. ਦੂਰਦਰਸ਼ਨ ਦੀ ਸਮੂਹ ਟੀਮ ਵੱਲੋਂ ਸੰਤ ਸਤਵਿੰਦਰ ਹੀਰਾ ਨਾਲ ਦੁੱਖ ਦਾ ਪ੍ਰਗਟਾਵਾ ਕੀਤਾ ਜਾਂਦਾ ਹੈ। ਅਦਾਰਾ 'ਦੇਸ਼ ਦੁਆਬਾ' ਵੱਲੋਂ ਸੰਤ ਸਤਵਿੰਦਰ ਸਿੰਘ ਹੀਰਾ ਅਤੇ ਸਮੂਹ ਪਰਿਵਾਰ ਨਾਲ ਇਸ ਦੁੱਖ ਦੀ ਘੜੀ ਵਿਚ ਦੁੱਖ ਸਾਂਝਾ ਕੀਤਾ ਜਾਂਦਾ ਹੈ।



# ਪਾਕਿਸਤਾਨ ਨੇ ਵੀ ਕਬੂਲਿਆ ਹਾਫਿਜ਼ ਸਈਦ ਤੋਂ ਖ਼ਤਰਾ

**ਲਾਹੌਰ–** ਜਮਾਤ-ਉਦ-ਦਵਾ ਦੇ ਮੁਖੀ ਦੇ ਅਤਿਵਾਦੀ ਸਬੰਧਾਂ ਨੂੰ ਪਹਿਲੀ ਵਾਰ ਜਨਤਕ ਤੌਰ 'ਤੇ ਕਬੂਲਦਿਆਂ ਰੱਖਿਆ ਮੰਤਰੀ ਖਵਾਜ਼ਾ ਆਸਿਫ਼ ਨੇ ਕਿਹਾ ਕਿ ਪਾਕਿ-ਸਤਾਨ ਦੇ 'ਵਡੇਰੇ ਹਿੱਤਾਂ' ਲਈ ਹਾਫਿਜ਼ ਸਈਦ ਨੂੰ ਘਰ ਵਿੱਚ ਨਜ਼ਰਬੰਦ ਕੀਤਾ ਗਿਆ ਹੈ ਕਿਉਂਕਿ ਉਹ ਮੁਲਕ ਲਈ 'ਗੰਭੀਰ ਖ਼ਤਰਾ' ਬਣ ਸਕਦਾ ਹੈ। ਸ੍ਰੀ ਆਸਿਫ ਨੇ ਇਹ ਟਿੱਪਣੀ ਜਰਮਨੀ ਦੇ ਮਿਊਨਿਖ ਵਿੱਚ ਕੌਮਾਂਤਰੀ ਸੁਰੱਖਿਆ ਕਾਨਫਰੰਸ ਦੌਰਾਨ ਕੀਤੀ। ਇਸ ਦੌਰਾਨ ਪਾਕਿਸਤਾਨ ਨੇ ਸੁਰੱਖਿਆ ਕਾਰਨਾਂ ਕਰਕੇ ਜਮਾਤ-ਉਦ-ਦਵਾ ਦੇ ਮੁਖੀ ਹਾਫਿਜ਼ ਸਈਦ ਅਤੇ ਉਸ ਦੀਆਂ ਜਥੇਬੰਦੀਆਂ ਦੇ ਹੋਰ ਮੈਂਬਰਾਂ ਨੂੰ ਜਾਰੀ 44 ਅਸਲਾ ਲਾਇਸੈਂਸ ਰੱਦ ਕਰ ਦਿੱਤੇ ਹਨ।

'ਦਿ ਨੇਸ਼ਨ' ਦੀ ਰਿਪੋਰਟ ਮੁਤਾਬਕ ਸ੍ਰੀ ਆਸਿਫ ਨੇ ਐਤਵਾਰ ਨੂੰ ਕਾਨਫਰੰਸ ਦੌਰਾਨ ਕਿਹਾ, 'ਸਈਦ ਮੁਲਕ ਲਈ ਗੰਭੀਰ ਖ਼ਤਰਾ ਖੜ੍ਹਾ ਕਰ ਸਕਦਾ ਹੈ। ਮੁਲਕ ਦੇ ਵੱਡੇ ਹਿੱਤਾਂ ਲਈ ਉਸ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ।' ਦੱਸਣਯੋਗ ਹੈ ਕਿ ਸਈਦ ਨੂੰ ਅਤਿਵਾਦ-ਵਿਰੋਧੀ ਕਾਨੂੰਨ ਦੀ ਧਾਰਾ ਚਾਰ ਤਹਿਤ 30 ਜਨਵਰੀ ਨੂੰ ਲਾਹੌਰ ਸਥਿਤ ਘਰ ਵਿੱਚ ਨਜ਼ਰਬੰਦ ਕੀਤਾ ਗਿਆ ਹੈ। ਇਸ ਬਾਅਦ ਉਸ ਦੀ ਪਾਰਟੀ ਤੇ ਸਾਥੀਆਂ ਵੱਲੋਂ ਕਾਫੀ ਰੌਲਾ ਰੱਪਾ ਪਾਇਆ ਗਿਆ ਸੀ। ਇਸ ਮਹੀਨੇ ਦੇ ਸ਼ੁਰੂ ਵਿੱਚ ਸਈਦ ਨੂੰ ਐਗਜ਼ਿਟ ਕੰਟਰੋਲ ਲਿਸਟ ਵਿੱਚ ਸ਼ਾਮਲ ਕੀਤਾ ਗਿਆ ਸੀ, ਜਿਸ ਨਾਲ ਹੁਣ ਉਹ ਦੇਸ਼ ਨਹੀਂ ਛੱਡ ਸਕਦਾ। ਇਸ ਤੋਂ ਸਪੱਸ਼ਟ ਹੁੰਦਾ ਹੈ ਕਿ ਉਸ ਦੇ ਕਿਤੇ ਨਾ ਕਿਤੇ ਅਤਿਵਾਦ ਨਾਲ ਤੁਰ ਜੁੜਦੇ ਹਨ। ਅਤਿਵਾਦ ਤੇ ਕੱਟੜਵਾਦ ਦੇ ਟਾਕਰੇ ਬਾਰੇ ਪੈਨਲ ਬਹਿਸ ਦੌਰਾਨ ਸ੍ਰੀ ਆਸਿਫ ਨੇ ਕਿਹਾ, 'ਅਤਿਵਾਦ ਕਿਸੇ ਵੀ ਧਰਮ ਨਾਲ ਸਬੰਧਤ ਨਹੀਂ ਹੈ। ਅਤਿਵਾਦੀ ਇਸਾਈ ਜਾਂ ਮੁਸਲਮਾਨ ਜਾਂ ਬੋਧੀ ਜਾਂ ਹਿੰਦੂ ਨਹੀਂ ਹਨ। ਉਹ ਕੇਵਲ ਅਤਿਵਾਦੀ ਹਨ, ਉਹ ਕੇਵਲ ਅਪਰਾਧੀ ਹਨ।' ਗ਼ੌਰਤਲਬ ਹੈ ਕਿ ਇਸ ਮਹੀਨੇ ਪਾਕਿਸਤਾਨ ਵਿੱਚ ਅੱਠ ਅਤਿਵਾਦੀ ਹਮਲੇ ਹੋਏ ਹਨ, ਜਿਨ੍ਹਾਂ ਵਿੱਚ 100 ਤੋਂ ਵੱਧ ਲੋਕ ਮਾਰੇ ਗਏ ਹਨ। ਹਾਲ ਹੀ ਸੂਬਾ ਸਿੰਧ ਵਿੱਚ ਇਕ ਸੂਫੀ ਦਰਗਾਹ ਉਤੇ ਫਿਦਾਈਨ ਹਮਲਾ ਹੋਇਆ ਸੀ, ਜਿਸ ਵਿੱਚ 88 ਲੋਕ ਮਾਰੇ ਗਏ ਸਨ। ਅਮਰੀਕਾ ਦੀਆਂ ਨੀਤੀਆਂ ਦੀ ਆਲੋਚਨਾ ਕਰਦਿਆਂ ਸ੍ਰੀ ਆਸਿਫ ਨੇ ਕਿਹਾ, 'ਮੈਂ ਵਿਸ਼ਵ ਨੂੰ ਭਰੋਸਾ ਦੇਣਾ ਚਾਹੁੰਦਾ ਹਾਂ ਕਿ ਪਾਕਿਸਤਾਨ ਅਤਿਵਾਦ ਖ਼ਿਲਾਫ਼ ਜੰਗ ਵਿੱਚ ਮੋਹਰੀ ਦੇਸ਼ ਹੈ ਅਤੇ ਉਹ ਆਪਣੇ ਆਵਾਮ ਤੇ ਕੌਮਾਂਤਰੀ ਭਾਈਚਾਰੇ ਪ੍ਰਤੀ ਆਪਣੀ ਵਚਨਬੱਧਤਾ ਨਿਭਾਉਂਦਾ ਰਹੇਗਾ ਪਰ ਜੇਕਰ ਪੱਛਮੀ ਨੀਤੀਆਂ ਉਸ ਨੂੰ ਅਲੱਗ ਥਲੱਗ ਕਰਨ ਜਾ ਰਹੀਆਂ ਹਨ ਤਾਂ ਇਸ ਨਾਲ ਅਤਿਵਾਦ ਖ਼ਿਲਾਫ਼ ਜੰਗ ਵਿੱਚ ਮਦਦ ਨਹੀਂ ਮਿਲੇਗੀ ਬਲਕਿ ਇਸ ਦਾ ਕੇਵਲ ਅਤਿਵਾਦ ਨੂੰ ਲਾਹਾ ਮਿਲੇਗਾ।'

ਪੰਜਾਬ ਗ੍ਰਹਿ ਵਿਭਾਗ ਦੇ ਇਕ ਅਧਿਕਾਰੀ ਨੇ ਦੱਸਿਆ ਕਿ ਸਰਕਾਰ ਵੱਲੋਂ ਸਈਦ ਤੇ ਉਸ ਦੀਆਂ ਜਥੇਬੰਦੀਆਂ ਜਮਾਤ-ਉਦ-ਦਵਾ ਅਤੇ ਫਲਾਹਾ-ਏ-ਇਨਸਾਨੀਅਤ ਖ਼ਿਲਾਫ਼ ਲਏ ਫ਼ੈਸਲੇ ਮੱਦੇਨਜ਼ਰ ਅਸਲਾ ਲਾਇਸੈਂਸ ਰੱਦ ਕਰਨ ਵਾਲਾ ਕਦਮ ਚੁੱਕਿਆ ਗਿਆ ਹੈ। ਇਸ ਅਧਿਕਾਰੀ ਨੇ ਦੱਸਿਆ, 'ਪੰਜਾਬ ਗ੍ਰਹਿ ਵਿਭਾਗ ਨੇ ਸੁਰੱਖਿਆ ਕਾਰਨਾਂ ਕਰਕੇ 44 ਅਸਲਾ ਲਾਇਸੈਂਸ ਰੱਦ ਕਰ ਦਿੱਤੇ ਹਨ।' ਦੱਸਣਯੋਗ ਹੈ ਕਿ ਪਾਕਿ ਸਰਕਾਰ ਵੱਲੋਂ 30 ਜਨਵਰੀ ਨੂੰ ਸਈਦ ਅਤੇ ਉਸ ਦੀਆਂ ਜਥੇਬ-ਦੀਆਂ ਦੇ ਚਾਰ ਹੋਰ ਲੀਡਰਾਂ ਨੂੰ ਲਾਹੌਰ ਵਿੱਚ 90 ਦਿਨਾਂ ਲਈ ਘਰਾਂ ਵਿੱਚ ਨਜ਼ਰਬੰਦ ਕੀਤਾ ਗਿਆ ਹੈ। ਸਈਦ ਤੇ ਉਸ ਦੀਆਂ ਜਥੇਬੰਦੀਆਂ ਦੇ 37 ਮੈਂਬਰਾਂ ਨੂੰ ਐਗਜ਼ਿਟ ਕੰਟਰੋਲ ਲਿਸਟ ਵਿੱਚ ਵੀ ਸ਼ਾਮਲ ਕੀਤਾ ਗਿਆ ਹੈ। ਗ਼ੌਰਤਲਬ ਹੈ ਕਿ ਸਈਦ, ਜਿਸ ਦੇ ਸਿਰ 'ਤੇ ਅਮਰੀਕਾ ਵੱਲੋਂ ਇਕ ਕਰੋੜ ਡਾਲਰ ਦਾ ਇਨਾਮ ਰੱਖਿਆ ਗਿਆ ਹੈ, ਨੂੰ 2008 ਵਿੱਚ ਮੁੰਬਈ ਅਤਿਵਾਦੀ ਹਮਲੇ ਬਾਅਦ ਵੀ ਘਰ ਵਿੱਚ ਨਜ਼ਰਬੰਦ ਕੀਤਾ ਗਿਆ ਸੀ ਪਰ 2009 ਵਿੱਚ ਉਸ ਨੂੰ ਲਾਹੌਰ ਹਾਈ ਕੋਰਟ ਨੇ ਆਜ਼ਾਦ ਕਰ ਦਿੱਤਾ ਸੀ।

# ਪ੍ਰਦੂਸ਼ਣ ਕਾਰਨ 10 ਲੱਖ ਤੋਂ ਵੱਧ ਬੱਚੇ ਸਮੇਂ ਤੋਂ ਪਹਿਲਾਂ ਲੈਂਦੇ ਹਨ ਜਨਮ

**ਨਵੀਂ ਦਿੱਲੀ–** ਇਕ ਅਧਿਐਨ 'ਚ ਸਾਹਮਣੇ ਆਇਆ ਹੈ ਕਿ ਪ੍ਰਦੂਸ਼ਿਤ ਹਵਾ 'ਚ ਸਾਹ ਲੈਣ ਕਰਕੇ ਸਾਲ 2010 ਵਿੱਚ ਭਾਰਤ 'ਚ ਦਸ ਲੱਖ ਬੱਚਿਆਂ ਨੇ ਸਮੇਂ ਤੋਂ ਪਹਿਲਾਂ ਜਨਮ ਲਿਆ। ਅਧਿਐਨ 'ਚ ਦਾਅਵਾ ਕੀਤਾ ਗਿਆ ਹੈ ਕਿ ਇਹ ਅੰਕੜਾ ਵਿਸ਼ਵ ਵਿੱਚ ਸਭ ਤੋਂ ਵੱਧ ਅਤੇ ਚੀਨ 'ਚ ਜੰਮੇ ਬੱਚਿਆਂ ਨਾਲੋਂ ਦੁੱਗਣਾ ਹੈ। ਅਧਿਐਨ ਮੁਤਾਬਕ 2010 ਵਿੱਚ ਆਲਮੀ ਪੱਧਰ 'ਤੇ 27 ਲੱਖ ਬੱਚੇ ਪ੍ਰਦੂਸ਼ਣ ਤੋਂ ਸਿੱਧੇ ਤੌਰ 'ਤੇ ਪ੍ਰਭਾਵਿਤ ਹੋਏ। ਦੱਖਣੀ ਤੇ ਪੂਰਬੀ ਏਸ਼ੀਆ ਵਿੱਚ ਜੰਮੇ ਬੱਚਿਆਂ ਦੀ ਗਿਣਤੀ ਕੁਲ ਗਿਣਤੀ ਦਾ 75 ਫ਼ੀਸਦ ਹੈ। ਅਧਿਐਨ ਵਿੱਚ ਕਿਹਾ ਗਿਆ ਹੈ ਕਿ ਗਰਭਵਤੀ ਔਰਤ ਦਾ ਪ੍ਰਦੂਸ਼ਣ ਨਾਲ ਸਿੱਧਾ ਸੰਪਰਕ ਇਸ ਗੱਲ 'ਤੇ ਨਿਰਭਰ ਕਰਦਾ ਹੈ ਕਿ ਉਹ ਕਿੱਥੇ ਰਹਿੰਦੀ ਹੈ। ਮਿਸਾਲ ਵਜੋਂ ਚੀਨ ਜਾਂ ਭਾਰਤ ਵਿੱਚ ਰਹਿੰਦੀਆਂ ਮਹਿਲਾਵਾਂ, ਇੰਗਲੈਂਡ ਜਾਂ ਫਰਾਂਸ ਦੇ ਪੇਂਡੂ ਇਲਾਕਿਆਂ 'ਚ ਰਹਿੰਦੀਆਂ ਮਹਿਲਾਵਾਂ ਦੇ ਮੁਕਾਬਲੇ 10 ਗੁਣਾਂ ਵੱਧ ਪ੍ਰਦੂਸ਼ਤ ਹਵਾ ਸਾਹ ਵਜੋਂ ਅੰਦਰ ਲੈਂਦੀਆਂ ਹਨ।

# ਸ਼ਾਪਿੰਗ ਸੈਂਟਰ 'ਤੇ ਜਹਾਜ਼ ਡਿੱਗਿਆ; ਪੰਜ ਹਲਾਕ

ਮੈਲਬਰਨ- ਇੱਥੇ ਇੱਕ ਛੋਟਾ ਜਹਾਜ਼ ਸਵਾਰੀਆਂ ਸਣੇ ਇੱਕ ਸ਼ਾਪਿੰਗ ਸੈਂਟਰ ਉੱਤੇ ਡਿੱਗ ਗਿਆ। ਹਾਦਸੇ ਵਿੱਚ ਪਾਇਲਟ ਸਣੇ ਪੰਜ ਅਮ-ਰੀਕੀ ਨਾਗਰਿਕਾਂ ਦੀ ਮੌਤ ਹੋ ਗਈ। ਸ਼ਹਿਰ ਨੇੜਲੇ ਘਰੇਲੂ ਤੇ ਨਿੱਜੀ ਜਹਾਜ਼ਾਂ ਲਈ ਵਰਤੇ ਜਾਂਦੇ ਐਸੰਡਨ ਹਵਾਈ ਅੱਡੇ ਤੋਂ ਇਸ ਜਹਾਜ਼ ਨੇ ਸਵੇਰੇ ਕਰੀਬ ਨੌਂ ਵਜੇ ਉਡਾਨ ਭਰੀ। ਇੰਜਣਾਂ ਦੀ ਖ਼ਰਾਬੀ ਕਾਰਨ ਉੱਡਣ ਸਾਰ ਹੀ ਇਹ ਜਹਾਜ਼ ਇੱਥੋਂ ਦੇ ਇੱਕ ਸ਼ਾਪਿੰਗ ਸੈਂਟਰ ਦੇ ਗੁਦਾਮ ਵਿੱਚ ਜਾ ਡਿੱਗਿਆ। ਇਸ ਜਹਾਜ਼ ਵਿੱਚ ਸਵਾਰ ਵਿਅਕਤੀ ਛੁੱਟੀਆਂ ਹੋਣ ਕਰ ਕੇ ਨੇੜਲੇ ਟਾਪੂ ਉੱਤੇ ਗੌਲਫ਼ ਖੇਡਣ ਜਾ ਰਹੇ ਸਨ। ਮੁਢਲੀ ਜਾਂਚ ਤੋਂ ਇੰਜਣਾਂ ਦੀ ਖ਼ਰਾਬੀ ਦੀ ਗੱਲ ਸਾਹਮਣੇ ਆਈ ਹੈ। ਸਥਾਨਕ ਰੇਡੀਓ ਮੁਤਾਬਿਕ ਇਸ ਹਾਦਸੇ ਵਿੱਚ ਮਾਰੇ ਗਏ ਪਾਇਲਟ 'ਤੇ ਪਿਛਲੇ ਸਾਲ ਉਡਾਨ ਦੌਰਾਨ ਆਪਣਾ ਜਹਾਜ਼ ਕਿਸੇ ਦੂਜੇ ਜਹਾਜ਼ ਦੇ ਰਸਤੇ ਵਿੱਚ ਜਾ ਕੇ ਉਡਾਉਣ ਦੇ ਮਾਮਲੇ ਦੀ ਪੜਤਾਲ ਚੱਲ ਰਹੀ ਸੀ। ਪਾਇਲਟ ਦੇ ਹਵਾਈ ਟੈਸਟਾਂ ਵਿੱਚੋਂ ਫੇਲ੍ਹ ਹੋ ਕੇ ਦੂਜੀ ਵਾਰ ਪਾਸ ਹੋਣ ਦੇ ਤੱਥ ਵੀ ਉਜਾਗਰ ਹੋਏ ਹਨ।

ਦੇਸ਼ ਦੁਆਬਾ

# ਮਹਿੰਗੇ ਵਿਆਹ ਰੋਕਣ ਪ੍ਰਤੀ ਇਕ ਸਕਾਰਾਤਮਕ ਕਦਮ

ਪਾਕਿਸਤਾਨ ਦੀ ਨੈਸ਼ਨਲ ਅਸੈਂਬਲੀ ਨੇ ਮੁਲਕ ਵਿਚ ਵਿਆਹਾਂ ਤੇ ਅੰਨ੍ਹੇਵਾਹ ਖਰਚ ਰੋਕਣ ਦੇ ਲਈ ਇਕ ਕਾਨੂੰਨ ਪਾਸ ਕੀਤਾ ਹੈ। ਇਸ ਦੀ ਦੇਖਾ-ਦੇਖੀ ਭਾਰਤ ਦੀ ਲੋਕ ਸਭਾ ਵਿਚ ਵੀ ਇਕ ਅਜਿਹਾ ਹੀ ਬਿਲ ਪੇਸ਼ ਹੋਇਆ ਹੈ, ਜਿਸ ਤਹਿਤ ਵਿਆਹ 'ਚ ਮਹਿਮਾਨਾਂ ਅਤੇ ਖਾਣੇ ਦੀਆਂ ਡਿਸ਼ਾਂ ਦੀ ਗਿਣਤੀ ਸਮੇਤ ਦਿੱਤੇ ਜਾਣ ਵਾਲੇ ਸਮਾਨ ਅਤੇ ਪੈਸੇ ਖਰਚਣ ਦੀ ਵੀ ਹੱਦ ਮਿੱਥੇ ਜਾਣ ਦੀ ਮੰਗ ਕੀਤੀ ਗਈ ਹੈ। ਇਸ ਬਿਲ ਜ਼ਰੀਏ ਮੰਗ ਕੀਤੀ ਗਈ ਹੈ ਕਿ ਜੇਕਰ ਕਿਸੇ ਨੇ ਵਿਆਹ ਤੇ ਪੰਜ ਲੱਖ ਤੋਂ ਜ਼ਿਆਦਾ ਖਰਚ ਕੀਤੇ ਹਨ ਤਾਂ ਉਸਨੂੰ ਸਰਕਾਰ ਦੇ ਸਾਹਮਣੇ ਇਹ ਸਪਸ਼ਟ ਕਰਨਾ ਹੋਵੇਗਾ ਤਾਂ ਜੋ ਇਸ ਰਕਮ ਦਾ 10 ਫੀਸਦੀ ਟੈਕਸ ਲਗਾ ਕੇ ਗਰੀਬ ਲੜਕੀਆਂ ਦੇ ਵਿਆਹਾਂ ਲਈ ਕਾਇਮ ਕੀਤੇ ਜਾਣ ਵਾਲੇ ਫੰਡ ਵਿਚ ਜਮ੍ਹਾ ਹੋ ਸਕੇ। ਭਾਰਤ ਵਿਚ ਦਾਜ-ਦਹੇਜ ਇਕ ਰਵਾਇਤੀ ਅਤੇ ਵੱਡੀ ਬੁਰਾਈ ਹੈ। ਲੜਕੀ ਵਾਲੇ ਆਪਣੀ ਲੜਕੀ ਦੇ ਵਿਆਹ ਵੇਲੇ ਲੜਕੀ ਨੂੰ ਵਿਆਹ ਵਿਚ ਆਮ ਵਰਤੋਂ ਦਾ ਸਮਾਨ ਅਤੇ ਗਹਿਣੇ ਆਦਿ ਦਿੰਦੇ ਸਨ। ਇਹ ਪ੍ਰੰਪਰਾ ਇੰਨਾ ਭਿਆਨਕ ਰੂਪ ਧਾਰਨ ਕਰ ਗਈ ਕਿ ਨਵ-ਵਿਆਹੀਆਂ ਲੜਕੀਆਂ ਨਾਲ ਤਸ਼ੱਦਦ ਹੋਣ ਲੱਗਾ, ਉਹਨਾਂ ਨੂੰ ਸਾੜਿਆ ਜਾਣ ਲੱਗਿਆ ਅਤੇ ਉਹਨਾਂ ਦਾ ਜੀਵਨ ਨਰਕ ਬਣਾਇਆ ਜਾਣ ਲੱਗਾ। ਉਸ ਤੋਂ ਬਾਅਦ 1961 ਵਿਚ ਭਾਰਤ ਦੀ ਲੋਕ ਸਭਾ ਨੇ ਦਹੇਜ 'ਤੇ ਪਾਬੰਦੀ ਦਾ ਕਾਨੂੰਨ ਲਾਗੂ ਕੀਤਾ। ਇਹ ਕਾਨੂੰਨ ਹਾਲਾਂਕਿ ਪੂਰੀ ਤਾਕਤ ਨਾਲ ਆਪਣਾ ਕੰਮ ਨਹੀਂ ਕਰ ਸਕਿਆ, ਪਰ ਲੜਕੀ ਦੇ ਸਹੁਰੇ ਪਰਿਵਾਰ ਦੇ ਮਨ ਵਿਚ ਡਰ ਜ਼ਰੂਰ ਪੈਦਾ ਹੋਇਆ। ਇਸ ਕਾਨੂੰਨ ਦੀ ਉਲੰਘਣਾ ਕਰਨ ਤੇ 5 ਸਾਲ ਕੈਦ ਅਤੇ 15 ਹਜ਼ਾਰ ਤੱਕ ਜੁਰਮਾਨਾ ਹੋ ਸਕਦਾ ਸੀ।ਪਰ ਅਫਸੋਸ ਦੀ ਗੱਲ ਇਹ ਹੈ ਕਿ ਇਸ ਕਾਨੂੰਨ ਦੇ ਲਾਗੂ ਹੋਣ ਤੋਂ ਬਾਅਦ ਵੀ ਲੱਖਾਂ ਬਦਨਸੀਬ ਔਰਤਾਂ ਦਾਜ ਦੀ ਬਲੀ ਚੜ੍ਹੀਆਂ ਹਨ ਅਤੇ ਚੜ੍ਹ ਰਹੀਆਂ ਹਨ।

ਪਾਕਿਸਤਾਨ ਵਿਚ ਇਸ ਸਮੱਸਿਆ ਦਾ ਹੱਲ ਕੱਢਣ ਲਈ 1976 ਵਿਚ ਦਹੇਜ ਅਤੇ ਵਿਆਹ ਵਿਚ ਜ਼ਿਆਦਾ ਖਰਚੇ ਤੇ ਪਾਬੰਦੀ ਲਗਾਈ ਗਈ, ਜਿਸ ਨੂੰ ਪੂਰੀ ਤਾਕਤ ਨਾਲ ਲਾਗੂ ਵੀ ਕੀਤਾ ਗਿਆ। ਪਾਕਿਸਤਾਨ ਵਿਚ ਕੋਈ ਮਹਿਮਾਨ 100 ਰੁਪਏ ਤੋਂ ਜ਼ਿਆਦਾ ਦਾ ਤੋਹਫਾ ਨਹੀਂ ਦੇ ਸਕਦਾ। ਪੰਜ ਹਜ਼ਾਰ ਤੋਂ ਜ਼ਿਆਦਾ ਖਰਚ ਨਹੀਂ ਹੋ ਸਕਦਾ, ਹਾਲਾਂਕਿ ਹੁਣ ਖਰਚਾ ਵਧਾ ਦਿੱਤਾ ਹੈ। ਵਿਆਹ ਦੇ ਖਾਣੇ ਤੇ ਢਾਈ ਹਜ਼ਾਰ ਤੋਂ ਜ਼ਿਆਦਾ ਖਰਚ ਨਹੀਂ ਕੀਤਾ ਜਾ ਸਕਦਾ ਸੀ। ਹਾਲਾਂਕਿ ਇਸ ਕਾਨੂੰਨ ਦਾ ਪਾਕਿਸਤਾਨ ਵਿਚ ਇਸ ਕਰਕੇ ਵਿਰੋਧ ਹੋਇਆ ਕਿ ਵਧਦੀ ਮਹਿੰਗਾਈ ਦੇ ਮੱਦੇਨਜ਼ਰ ਇਸ ਕਾਨੂੰਨ ਵਿਚ ਸੋਧਾਂ ਜਲਦੀ ਨਹੀਂ ਕੀਤੀਆਂ ਗਈਆਂ।

ਵਿਆਹ-ਸ਼ਾਦੀ ਇਕ ਸਮਾਜਿਕ ਰਵਾਇਤ ਹੈ ਪਰ ਇਹ ਰਵਾਇਤ ਅੱਜ ਇੰਨੀ ਭਿਆਨਕ ਹੋ ਗਈ ਹੈ ਕਿ ਵਿਆਹਾਂ ਤੇ ਪਾਣੀ ਵਾਂਗ ਪੈਸਾ ਵਹਾਇਆ ਜਾਂਦਾ ਹੈ। ਇਸ ਦਾ ਜ਼ਿਆਦਾ ਸ਼ਿਕਾਰ ਮੱਧ ਵਰਗ ਅਤੇ ਗਰੀਬ ਵਰਗ ਹੁੰਦਾ ਹੈ, ਜੋ ਆਪਣੀ ਸਮਰੱਥਾ ਤੋਂ ਜ਼ਿਆਦਾ ਖਰਚ ਕਰਕੇ ਬਾਅਦ ਵਿਚ ਕਰਜ਼ਿਆਂ ਵਿਚ ਦੱਬ ਜਾਂਦਾ ਹੈ। ਨਵੀਆਂ ਵਿਆਹੀਆਂ ਲੜਕੀਆਂ ਨੂੰ ਵੀ ਦਹੇਜ ਲਈ ਤੰਗ ਕੀਤਾ ਜਾਂਦਾ ਹੈ। ਇਸ ਕਰਕੇ ਭਾਰਤ ਵਿਚ ਜੋ ਹਾਲ ਹੀ ਵਿਚ ਬਿਲ ਪੇਸ਼ ਹੋਇਆ ਹੈ, ਉਹ ਸਵਾਗਤਯੋਗ ਹੈ ਪਰ ਇਹ ਫਾਇਦੇਮੰਦ ਤਾਂ ਹੀ ਸਿੱਧ ਹੋਵੇਗਾ ਜੇਕਰ ਇਸ ਦੀ ਸਖਤੀ ਨਾਲ ਪਾਲਣਾ ਕੀਤੀ ਜਾਵੇ।

ਸਾਰੇ ਲੇਖਕ/ ਪੱਤਰਕਾਰ ਵੀਰਾਂ ਨੂੰ ਬੇਨਤੀ ਹੈ ਕਿ ਆਪਣੇ ਲੇਖ ਜਾਂ ਖਬਰ ਦੇ ਨਾਲ ਆਪਣਾ ਨਾਂ, ਫੋਨ ਨੰਬਰ ਅਤੇ ਐਡਰੈਸ ਤੇ ਤਸਵੀਰ ਭੇਜਿਆ ਕਰਨ। ਅਸੀਂ ਉਹਨਾਂ ਦੀ ਤਸਵੀਰ ਲੇਖ ਦੇ ਨਾਲ ਲਗਾਵਾਂਗੇ। ਸਾਰੇ ਲੇਖਕ/ ਪੱਤਰਕਾਰ ਆਨਰੇਰੀ ਹਨ, ਉਹਨਾਂ ਨੂੰ ਲਿਖਤ ਬਦਲੇ ਕੋਈ ਅਦਾਇਗੀ ਨਹੀਂ ਕੀਤੀ ਜਾਂਦੀ। ਲੇਖਕ ਆਪਣੇ ਲੇਖ ਅਤੇ ਪੱਤਰਕਾਰ ਆਪਣੀਆਂ ਖਬਰਾਂ ਲਈ ਖੁਦ ਜ਼ਿੰਮੇਵਾਰ ਹੋਣਗੇ। -ਸੰਪਾਦਕ

# ਇਤਿਹਾਸਕ ਗੁਰਦੁਆਰਾ ਸ੍ਰੀ ਦੇਗਸਰ ਸਾਹਿਬ ਪਾਤਸ਼ਾਹੀ ਛੇਵੀਂ ਅਤੇ ਦਸਵੀਂ- ਕਟਾਣਾ (ਲੁਧਿ:)







ਤਸਵਿੰਦਰ ਸਿੰਘ ਬੜੈਚ
91-98763-22677

ਮੀਰੀ-ਪੀਰੀ ਦੇ ਮਾਲਿਕ ਛੇਵੀਂ ਪਾਤਸ਼ਾਹੀ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ 20 ਫੱਗਣ 1675 ਬਿਕਰਮੀ ਨੂੰ ਇਥੇ ਆਏ। ਗੁਰੂ ਜੀ ਪਾਸ 7 ਤੋਪਾਂ ਸਨ, ਨਾਲ ਹੀ 1100 ਘੋੜ ਸਵਾਰ ਅਤੇ ਚੰਦੂ ਕੈਦੀ (ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਸ਼ਹੀਦ ਕਰਾਉਣ ਵਾਲਾ), ਇਕ 52 ਕਲੀਆਂ ਵਾਲਾ ਜਾਮਾ ਜਿਸ ਨਾਲ ਗਵਾਲੀਅਰ ਦੇ ਕਿਲ੍ਹੇ ਵਿਚੋਂ 52 ਕੈਦੀ ਰਾਜੇ ਛਡਾਏ ਸੀ, ਸਨ। ਆਪ ਜੀ ਨੇ ਇਕ ਰਾਤ ਇਥੇ ਵਿਸ਼ਰਾਮ ਕੀਤਾ ਤੇ ਬੇਰੀ ਸਾਹਿਬ ਨਾਲ ਆਪਣਾ ਘੋੜਾ ਬੰਨ੍ਹਿਆ ਸੀ। ਇਸ ਤੋਂ ਇਲਾਵਾ ਦਸਵੇਂ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ, ਉੱਚ ਦੇ ਪੀਰ ਬਣ ਕੇ 11 ਪੋਹ 1761 ਬਿਕਰਮੀ ਨੂੰ ਇਥੇ ਆਏ। ਆਪ ਜੀ ਦੇ ਨਾਲ ਭਾਈ ਦਇਆ ਸਿੰਘ, ਭਾਈ ਧਰਮ ਸਿੰਘ, ਭਾਈ ਮਾਨ ਸਿੰਘ, ਭਾਈ ਨਬੀ ਖਾਂ ਅਤੇ ਗਨੀ ਖਾਂ ਸਨ। ਆਪ ਜੀ ਨੇ ਇਥੇ ਬੇਰੀ ਸਾਹਿਬ ਹੇਠਾਂ ਆਪਣਾ ਪਲੰਘ ਰਖਵਾ ਕੇ ਵਿਸ਼ਰਾਮ ਕੀਤਾ। ਆਪ ਜੀ ਨੇ ਇਥੇ ਆਪਣੇ ਪਵਿੱਤਰ ਹੱਥਾ ਨਾਲ ਦੇਗ ਵਰਤਾਈ ਅਤੇ ਗੁਰਦੁਆਰੇ ਦਾ ਨਾਮ ਦੇਗਸਰ ਸਾਹਿਬ ਰੱਖਿਆ। ਸੰਨ 1854 ਵਿਚ ਨਹਿਰ ਸਰਹੰਦ ਦਾ ਸਰਵੇ ਹੋਇਆ ਅਤੇ ਇਸ ਅਸਥਾਨ ਵਿਚੋਂ ਦੀ ਨਹਿਰ ਲੰਘਾਉਣ ਦੀ ਸਕੀਮ ਬਣੀ, ਪਰ ਖੁਦਾਈ ਕਰਾਉਣ ਵਾਲਾ ਅੰਗਰੇਜ ਇੰਜੀਨੀਅਰ ਮਿਸਟਰ ਸਮਿਥ, ਬੇਰੀ ਸਾਹਿਬ ਵੱਢਣ ਲੱਗਾ ਅੰਨ੍ਹਾ ਹੋ ਗਿਆ। ਜਿਥੇ-ਜਿਥੇ ਸੱਟ ਵੱਜੀ, ਬੇਰੀ ਸਾਹਿਬ ਵਿਚੋਂ ਖੂਨ ਨਿਕਲਿਆ। ਅੰਗਰੇਜ ਇੰਜੀਨੀਅਰ ਬੜਾ ਪਛਤਾਇਆ ਅਤੇ 51 ਰੁਪੈ ਦੀ ਦੇਗ ਕਰਾਈ ਤਾਂ ਫਿਰ ਸੁਜਾਖਾ ਹੋ ਗਿਆ। ਇਸ ਅਸਥਾਨ ਨੂੰ ਜ਼ਰਾ ਨਾ ਛੇੜਿਆ ਅਤੇ ਇਥੋਂ ਨਹਿਰ ਵਿੰਗੀ ਕਰਕੇ ਲੰਘਾਈ। ਗੁਰਦੁਆਰਾ ਸਾਹਿਬ ਦੇ ਕੋਲੋਂ ਲੰਘਾਈ ਨਹਿਰ ਸਾਰੇ ਇਤਿਹਾਸ ਦੀ ਗਵਾਹ ਹੈ ਅਤੇ ਉਹ ਬੇਰੀ ਸਾਹਿਬ ਅਜੇ ਵੀ ਮੌਜੂਦ ਹੈ। ਮਿਸਟਰ ਸਮਿੱਥ ਦਾ ਬਣਾਇਆ ਹੋਇਆ ਛੋਟਾ ਜਿਹਾ ਗੁਰਦੁਆਰਾ ਵੀ ਨਜ਼ਦੀਕ ਥੇਹ ਉੱਪਰ ਖੜ੍ਹਾ ਦਿੱਸਦਾ ਹੈ। ਉਹ ਇਸ ਗੁਰਦੁਆਰੇ ਨੂੰ ਢਾਹ ਕੇ ਉੱਪਰ ਗੁਰਦੁਆਰਾ ਬਣਾਉਣਾ ਚਾਹੁੰਦਾ ਸੀ, ਪਰ ਇਹ ਵੱਡਾ ਗੁਰਦੁਆਰਾ ਪੂਰੀ ਸ਼ਾਨ ਨਾਲ ਕਾਇਮ ਹੈ ਅਤੇ ਇਥੇ ਹਰ ਸੰਗਰਾਂਦ ਨੂੰ ਬੜਾ ਭਾਰੀ ਜੋੜ ਮੇਲਾ ਲੱਗਦਾ ਹੈ। ਜਿਸ ਵਿਚ ਦੂਰ-ਦੁਰਾਡੇ ਤੋਂ ਸੰਗਤਾਂ ਦਰਸ਼ਨ ਕਰਨ ਪੁੱਜਦੀਆਂ ਹਨ। ਇਥੇ ਹਰ ਸੰਗਰਾਂਦ ਨੂੰ ਅੰਮ੍ਰਿਤ ਸੰਚਾਰ ਵੀ ਹੁੰਦਾ ਹੈ। ਜੋ ਵਿਅਕਤੀ ਸੁੱਖਣਾ ਸੁੱਖ ਕੇ ਇਥੇ ਦੇਗ ਕਰਾਉਂਦਾ ਹੈ, ਉਹ ਗੁਰੂ ਸਾਹਿਬ ਜੀ ਦੀ ਬਖਸ਼ਿਸ ਨਾਲ ਪੂਰੀ ਹੋ ਜਾਂਦੀ ਹੈ। ਇਸ ਅਸਥਾਨ ਨੂੰ ਗੁਰੂਆਂ ਵੱਲੋਂ ਅਪਾਰ ਬਖਸ਼ਿਸਾਂ ਹੋਈਆਂ ਹਨ। ਗੁਰਦੁਆਰਾ ਸ੍ਰੀ ਦੇਗਸਰ ਸਾਹਿਬ ਸਰਹੰਦ ਨਹਿਰ ਦੇ ਕੰਢੇ ਲੁਧਿਆਣਾ ਤੋਂ 22 ਕੁ ਕਿਲੋਮੀਟਰ ਦੀ ਦੂਰੀ 'ਤੇ ਸਥਿਤ ਹੈ ਅਤੇ ਪੰਜਾਬ ਤੇ ਹਰਿਆਣਾ ਦੀ ਰਾਜਧਾਨੀ ਚੰਡੀਗੜ੍ਹ ਤੋਂ 80 ਕੁ ਕਿਲੋਮੀਟਰ ਦੀ ਦੂਰੀ ਉੱਪਰ ਸਥਿਤ ਹੈ। ਦੂਰ ਤੋਂ ਹੀ ਇਸ ਗੁਰਦੁਆਰਾ ਸਾਹਿਬ ਦੀ ਇਮਾਰਤ ਨਜ਼ਰ ਆ ਜਾਂਦੀ ਹੈ। ਗੁਰਦੁਆਰਾ ਸਾਹਿਬ ਦੀ ਚਾਰ ਦੀਵਾਰੀ ਦੇ ਅੰਦਰ ਲੱਗੇ ਹੋਏ ਤਰ੍ਹਾਂ-ਤਰ੍ਹਾਂ ਦੇ ਰੁੱਖ-ਪੌਦੇ ਕੁਦਰਤ ਦੀ ਸੁੰਦਰਤਾ ਨੂੰ ਦਰਸਾਉਂਦੇ ਹਨ। ਗੁਰਦੁਆਰਾ ਸ੍ਰੀ ਦੇਗਸਰ ਸਾਹਿਬ ਦੇ ਨੇੜੇ ਹੀ ਲੰਗਰ ਹਾਲ ਮੌਜੂਦ ਹੈ, ਜਿਥੇ ਗੁਰੂ ਦਾ ਲੰਗਰ ਰੋਜ਼ਾਨਾ ਅਟੁੱਟ ਵਰਤਦਾ ਰਹਿਦਾ ਹੈ। ਇਥੇ ਸੰਗਤਾਂ ਵਾਸਤੇ ਰਿਹਾਇਸ਼ ਦਾ ਵੀ ਵਧੀਆ ਪ੍ਰਬੰਧ ਹੈ। ਇਸ ਅਸਥਾਨ ਦਾ ਪ੍ਰਬੰਧ ਸ੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ ਸਾਹਿਬ ਚਲਾ ਰਹੀ ਹੈ।

# ਸੂਫੀ ਮਹਿਫਲਾਂ ਵਿੱਚ ਮਿਠਾਸ ਭਰਨ ਵਾਲਾ ਨੰਨਾ ਕਲਾਕਾਰ: ਅਜ਼ਮੇਰ ਦੀਵਾਨਾ



ਪ੍ਰਮੋਦ ਧੀਰ
91-98550-31081



ਮੁਗਲ ਬਾਦਸ਼ਾਹ ਅਕਬਰ ਕਲਾ ਦਾ ਪਾਰਖੂ ਅਤੇ ਵੱਡਾ ਕਦਰਦਾਨ ਸੀ ਆਪਣੇ ਦਰਬਾਰ ਵਿੱਚ ਬਕਾਇਦਾ ਉੱਚ ਕੋਟੀ ਦੇ ਕਲਾਕਾਰਾਂ, ਲਿਖਾਰੀਆਂ ਦੀ ਨਾ ਸਿਰਫ ਵੱਡੀ ਫੌਜ ਰੱਖਦਾ ਸੀ ਬਲਕਿ ਸੰਗੀਤ ਅਤੇ ਗਾਇਨ ਕਲਾ ਦਾ ਗਿਆਨ ਰੱਖਣ ਵਾਲੇ ਮਹਾਨ ਸੰਗੀਤਕਾਰ ਤਾਨਸੇਨ ਨੂੰ ਸੰਗੀਤ ਸਮਰਾਟ ਦੀ ਉਪਾਧੀ ਨਿਵਾਜੀ ਹੋਈ ਸੀ। ਅਜਿਹੇ ਚਮਤਕਾਰੀ ਗੁਣਾਂ ਦੇ ਧਾਰਨੀ ਸੰਗੀਤ ਸਮਰਾਟ ਨੂੰ ਇੱਕ ਮੁਕਾਬਲੇ ਵਿੱਚ ਬੈਜੂ ਬਾਵਰਾ ਵਰਗੇ ਮਹਾਨ ਕਲਾਕਾਰਾਂ ਨੇ ਹਾਰ ਦੇ ਦਿੱਤੀ ਸੀ। ਇਹੋ ਬੈਜੂ ਬਾਵਰਾ ਅਜੋਕੇ ਹੁਸ਼ਿਆਰਪੁਰ ਜਿਲੇ ਦੇ ਬਿਲਕੁਲ ਨਾਲ ਲੱਗਦੇ ਇਤਿਹਾਸਿਕ ਮਹ-ਤਤਾ ਵਾਲੇ ਪਿੰਡ ਬਜਵਾੜਾ ਦਾ ਵਸਨੀਕ ਸੀ। ਸਗੋਂ ਇਸੇ ਮਹਾਨ ਕਲਾਕਾਰ ਦੇ ਨਾਂ ਤੇ ਹੀ ਇਹ ਪਿੰਡ ਬਜਵਾੜਾ ਵਸਿਆ ਦੱਸਿਆ ਜਾਂਦਾ ਹੈ। ਇਹੋ ਕਾਰਣ ਹੈ ਕਿ ਹੁਸ਼ਿਆਰਪੁਰ ਦੀ ਧਰਤੀ ਨੂੰ ਸੂਫੀ ਸੰਤਾਂ, ਪੀਰਾਂ, ਫਕੀਰਾਂ, ਗਦਰੀ ਬਾਬਿਆਂ, ਕਲਾਕਾਰਾਂ ਅਤੇ ਸਾਹਿਤਕਾਰਾਂ ਦੀ ਧਰਤੀ ਵਜੋਂ ਜਾਇਆ ਜਾਂਦਾ ਹੈ। ਇਸੇ ਧਰਤੀ ਦੇ ਗਦਰੀ ਬਾਬਾ ਬਾਬੂ ਹਰਨਾਮ ਸਿੰਘ ਸਾਹਰੀ ਪਿੰਡ, ਪਹਿਲੇ ਪੰਜਾਬੀ ਅੰਤਰਰਾਸ਼ਟਰੀ ਪੱਤਰਕਾਰ ਹੋਏ ਜਿੰਨਾਂ ਨੇ ਭਾਰਤ ਤੋਂ ਬਾਹਰ ਨੌਰਥ ਅਮਰੀਕਾ ਵਿੱਚ 'ਸਵੈ ਦੇਸ਼ ਸੇਵਕ' ਅਖਬਾਰ ਸ਼ੁਰੂ ਕੀਤਾ, ਦੂਜੇ ਗਦਰੀ ਬਾਬਾ ਬਾਬੂ ਮੰਗੂ ਰਾਮ (ਮੁਗੋਵਾਲੀਆ) ਹੁਸ਼ਿਆਰਪੁਰ ਦੇ ਉੱਘੇ ਦੇਸ਼ ਭਗਤ ਦੇ ਨਾਲ ਨਾਲ ਇਨ੍ਹਾਂ ਨੇ ਆਦਿ ਧਰਮ ਮੰਡਲ ਚਲਾਇਆ,ਇਸੇ ਇਲਾਕੇ ਦੇ ਆਰੀਆ ਸਮਾਜ ਦੇ ਆਗੂ ਸੰਤ ਰਾਮ ਬੀ ਏ ਹੋਏ ਜਿੰਨਾਂ ਨੇ 100 ਤੋਂ ਉਪਰ ਪੁਸਤਕਾਂ ਲਿਖੀਆਂ। ਜਿਲਾ ਹੁਸ਼ਿਆਰਪੁਰ ਨੇ ਬੜੇ ਕਲਾਕਾਰ ਅਤੇ ਲਿਖਾਰੀ ਮਾਂ ਬੋਲੀ ਦੀ ਝੋਲੀ ਪਾਏ ਜਿਹਨਾਂ ਵਿੱਚ ਢਾਡੀ ਅਮਰ ਸਿੰਘ ਸ਼ੌਂਕੀ, ਢਾਡੀ ਚਰਨ ਸਿੰਘ ਸਫਰੀ, ਸ ਧੰਨਾ ਸਿੰਘ ਲੰਗੇਰੀ, ਡਾ ਰੌਣਕੀ ਰਾਮ, ਡਾ ਕਰਮਜੀਤ ਸਿੰਘ, ਮਦਨਵੀਰਾ, ਡਾ ਜਸਵੰਤ ਰਾਏ, ਮਨਮੋਹਨ ਵਾਰਿਸ, ਦੇਬੀ ਮਕਸੂਸਪੁਰੀ, ਸ਼ੰਕਰ ਸ਼ਾਹਨੀ, ਤਰਸੇਮ ਦੀਵਾਨਾ, 'ਤੂੰ ਮੰਨ ਜਾਂ ਨਾ ਮੰਨ ਦਿਲਦਾਰਾ, ਅਸਾਂ ਤੇ ਤੈਨੂੰ ਰੱਬ ਮੰਨਿਆ' ਵਰਗੇ ਗੀਤਾਂ ਦੇ ਸੂਫੀ ਸ਼ਾਇਰ ਆਰ.ਪੀ. ਦੀਵਾਨਾ ਤੇ ਕਈ ਹੋਰ ਹਜਾਰਾਂ ਕਲਾਕਾਰ ਤੇ ਲਿਖਾਰੀ ਸੰਗੀਤ ਦੇ ਅੰਬਰਾਂ ਉੱਪਰ ਲਿਸ਼ਕ ਰਹੇ ਹਨ। ਨਵੀਂ ਪੀਹੜੀ ਵਿੱਚ ਵੀ ਇਹ ਕਲਾ ਬਕਾਇਦਾ ਮੌਲ ਰਹੀ ਹੈ। ਜਿਹਨਾਂ ਵਿੱਚ 17 ਸਾਲ ਦੀ ਉਮਰ ਵਿੱਚ ਸੰਗੀਤ ਦੇ ਧਨੰਤਰਾਂ ਅਤੇ ਉਸਤਾਦਾਂ ਪਾਸੋਂ ਆਪਣੀ ਗਿਆਨ ਗੁਥਲੀ ਵਿੱਚ ਮੋਤੀ ਸਾਂਭ ਰਹੇ ਅਜ਼ਮੇਰ ਦੀਵਾਨਾ ਦਾ ਨਾਂ ਕਿਸੇ ਜਾਣ ਪਹਿਚਾਣ ਦਾ ਮੁਹਤਾਜ ਨਹੀਂ ਹੈ। ਸੂਫੀਆਨਾ ਗਾਇਕੀ ਦੇ ਖੇਤਰ ਵਿੱਚ ਚੰਗਾ ਨਾਮਣਾ ਖੱਟ ਰਹੇ ਸੂਫੀ ਗਾਇਕ ਤਰਸੇਮ ਦੀਵਾਨਾ ਅਤੇ ਗੀਤਾ ਰਾਣੀ (ਬੱਧਣ) ਦਾ ਚਸ਼ਮੇ ਚਿਰਾਗ ਅਜਮੇਰ ਦੀਵਾਨਾ ਬਚਪਨ ਤੋਂ ਹੀ ਸੰਗੀਤ ਅਤੇ ਗਾਇਨ ਕਲਾ ਪ੍ਰਤੀ ਚਿਣਗ ਦੇਖ ਕੇ ਇਸ ਨੂੰ ਪੂਰੀ ਤਰਾਂ ਮਘਾਉਣ ਦਾ ਜਿੰਮਾ ਪਿਤਾ ਤਰਸੇਮ ਦੀਵਾਨਾ ਨੇ ਆਪਣੇ ਸਿਰ ਲੈ ਲਿਆ ਹੈ ਅਤੇ ਇਲਾਕੇ ਦੇ ਨਾਮਵਾਰ ਸੰਗੀਤ ਦੇ ਉਸਤਾਦਾਂ ਦੇ ਚਰਨੀ ਲਾ ਦਿੱਤਾ। ਸਿੱਟੇ ਵਜੋਂ ਜਦੋਂ ਅਜ਼ਮੇਰ ਦੀਵਾਨਾ ਕੀ-ਬੋਰਡ, ਐਕਟੋਪੈਡ, ਢੋਲ, ਢੋਲਕੀ, ਡਰੰਮ ਸੈਟ ਆਦਿ ਸਾਜਾਂ ਨਾਲ ਭੰਗੜੇ ਅਤੇ ਗਾਇਨ ਕਲਾ ਦੀ ਪੇਸ਼ਕਾਰੀ ਦਿੰਦਾ ਹੈ ਤਾਂ ਸਰੋਤੇ ਅਸ਼-ਅਸ਼ ਕਰ ਉੱਠਦੇ ਹਨ। ਮਾਤਾ ਸਰਸਵਤੀ ਦੇ ਵਰਦਾਨ ਨਾਲ ਸੁਰ-ਤਾਲ ਦੀ ਗਜਬ ਦੀ ਸਮਝ ਰੱਖਣ ਵਾਲਾ ਅਜ਼ਮੇਰ ਦੀਵਾਨਾ ਪੜਾਈ ਵਿੱਚ ਵੀ ਪੂਰੇ ਨੰਬਰ ਲੈ ਕੇ ਪਾਸ ਹੁੰਦਾ ਹੈ ਜਿਸ ਸਦਕਾ ਆਪਣੇ ਵਿਦਿਆਰਥੀ ਸਾਥੀਆਂ ਅਤੇ ਅਧਿਆਪਕਾਂ ਦੀਆਂ ਅੱਖਾਂ ਦਾ ਤਾਰਾ ਬਣ ਚੁੱਕਿਆ ਹੈ। ਉਸ ਦੀ ਹਰਮਨ ਪਿਆਰਤਾ ਦਾ ਅੰਦਾਜਾ ਘਰ ਵਿੱਚ ਸਜਾਏ ਹੋਏ ਮਾਨ-ਸਨਮਾਨ ਤੋ ਸਹਿਜੇ ਹੀ ਲਗਾਇਆ ਜਾ ਸਕਦਾ ਹੈ। ਜੋ ਇਲਾਕੇ ਦੀਆਂ ਨਾਮਵਾਰ ਸੰਸਥਾਵਾਂ ਅਤੇ ਸ਼ਖਸ਼ੀਅਤਾਂ ਵੱਲੋਂ ਕੀਤੇ ਗਏ ਹਨ। ਉਸਤਾਦ ਗੁਰਦਾਸ ਮਾਨ ਦੇ ਗੀਤਾਂ ਤੇ ਅੰਦਾਜ ਦੇ ਆਸ਼ਕ ਅਜ਼ਮੇਰ ਦੀਵਾਨਾ ਨੂੰ ਖੁਦ ਗੁਰਦਾਸ ਮਾਨ ਰੋਸ਼ਨ ਗਰਾਉਂਡ ਹੁਸ਼ਿਆਰਪੁਰ ਵਿਖੇ ਹੋਏ ਆਪਣੇ ਇੱਕ ਪ੍ਰੋਗਰਾਮ ਦੌਰਾਨ ਆਪਣੀ ਬੁੱਕਲ ਦਾ ਨਿੱਘ ਦੇ ਚੁੱਕੇ ਹਨ ਅਤੇ ਖੁਦ ਵੀ ਅਜ਼ਮੇਰ ਦੀਵਾਨਾ ਉਹਨਾਂ ਵਰਗੀ ਹੀ ਗਾਇਕੀ ਗਾਉਣ ਦਾ ਟੀਚਾ ਆਪਣੇ ਮਨ ਮੰਦਿਰ ਵਿੱਚ ਵਸਾਈ ਬੈਠਾ ਹੈ। ਇਹੋ ਕਾਰਣ ਹੈ ਕਿ ਸੰਜੀਦਾ ਅਤੇ ਸੂਫੀਆਨਾ ਗਾਇਕੀ ਅਜ਼ਮੇਰ ਦੀਵਾਨਾ ਦਾ ਪਹਿਲਾ ਪਿਆਰ ਹੈ। ਜਲੰਧਰ ਜਿਲੇ ਦੇ ਵਿੱਚ ਕਸਬਾ ਭੋਗਪੁਰ ਲਾਗਲੇ ਪਿੰਡ ਲੁਹਾਰਾਂ ਚਾੜ੍ਹਕੇ ਦੀ ਮਿੱਟੀ ਨਾਲ ਮੋਹ ਪਾਲ ਰਹੇ ਤਰਸੇਮ ਦੀਵਾਨਾ ਦੇ ਇਸ ਲਾਡਲੇ ਸਪੁੱਤਰ ਨੂੰ ਸ਼ਹੀਦ ਭਗਤ ਸਿੰਘ, ਰਾਜਗੁਰੂ, ਸੁਖਦੇਵ, ਸ਼ਹੀਦ ਊਧਮ ਸਿੰਘ ਅਤੇ ਕਰਤਾਰ ਸਿੰਘ ਸਰਾਭਾ ਵਰਗਿਆਂ ਦੀਆਂ ਸੂਰਮਗਤੀ ਦੀਆਂ ਗਾਥਾਵਾਂ ਸੁਣਨਾ ਗਾਉਣਾ ਬੜਾ ਪਸੰਦ ਹੈ ਅਤੇ ਉਸਦੀ ਮਾਤਾ ਗੀਤਾ ਰਾਣੀ ਇਸ ਸੰਬੰਧੀ ਆਪਣੇ ਫਰਜਾਂ ਵਿੱਚ ਕਦੇ ਕੋਤਾਹੀ ਨਹੀਂ ਕਰਦੀ। ਅੱਜਕੱਲ ਅਜ਼ਮੇਰ ਦੀਵਾਨਾ ਆਪਣੇ ਮਾਤਾ ਪਿਤਾ, ਚਾਚੀ-ਚਾਚਾ ਅਤੇ ਭੈਣ-ਭਰਾਵਾਂ ਨਾਲ ਭਗਤ ਨਗਰ ਨੇੜੇ ਮਾਡਲ ਟਾਊਨ ਹੁਸ਼ਿਆਰਪੁਰ ਵਿਖੇ ਰਹਿ ਕੇ ਪੜਾਈ ਦੇ ਨਾਲ ਨਾਲ ਰੋਜਾਨਾ ਰਿਆਜ ਕਰ ਰਿਹਾ ਹੈ। ਸ਼ਾਲਾ ਆਪਣੀ ਪੀਹੜੀ ਦੇ ਬੱਚਿਆਂ ਲਈ ਪ੍ਰੇਰਣਾ ਸਰੋਤ ਬਨਣ ਵਾਲੇ ਇਸ ਨੰਨੇ ਗਾਇਕ ਅਜ਼ਮੇਰ ਦੀਵਾਨਾ ਦੀ ਚੜਦੀ ਕਲਾ ਦਿਨ ਦੁੱਗਣੀ ਅਤੇ ਰਾਤ ਚੌਗਣੀ ਤਰੱਕੀ ਕਰੇ ਅਤੇ ਮਾਂ ਬੋਲੀ ਦੀ ਸੇਵਾ ਵਿੱਚ ਡੱਟ ਕੇ ਖਲੋਵੇ।


The opinions expressed in this newspaper do not necessarily represent the views or opinions of the staff or employees of "Desh Doaba". All disputes subjected to Sacramento (California) jurisdiction.
'ਦੇਸ਼ ਦੁਆਬਾ' ਵਿਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਆਦਿ ਵਿਚਲੇ ਵਿਚਾਰਾਂ/ਦਾਅਵਿਆਂ ਨਾਲ ਅਦਾਰਾ ਦੇਸ਼ ਦੁਆਬਾ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ

# ਰਾਸ਼ਟਰਪਤੀ ਟਰੰਪ ਖ਼ਿਲਾਫ਼ ਰੈਲੀ 'ਚ ਮੁਸਲਿਮ ਭਾਈਚਾਰੇ ਨਾਲ ਇਕਜੁੱਟਤਾ ਦਾ ਇਜ਼ਹਾਰ


**ਨਿਊਯਾਰਕ (ਬਿਊਰੋ)–** ਰਾਸ਼ਟਰਪਤੀ ਡੋਨਲਡ ਟਰੰਪ ਦੀਆਂ ਆਵਾਸ ਨੀਤੀਆਂ ਖ਼ਿਲਾਫ਼ ਵਿਰੋਧ ਜਤਾਉਣ ਤੇ ਮੁਸਲਿਮ ਭਾਈਚਾਰੇ ਨਾਲ ਇਕਜੁੱਟਤਾ ਦਾ ਪ੍ਰਗਟਾਵਾ ਕਰਨ ਦੇ ਇਰਾਦੇ ਨਾਲ ਇਥੋਂ ਦੇ ਟਾਈਮਜ਼ ਸਕੁਏਅਰ ਵਿੱਚ ਕੀਤੀ ਰੈਲੀ ਵਿੱਚ ਜੁੜੇ ਹਜ਼ਾਰਾਂ ਲੋਕਾਂ, ਜਿਨ੍ਹਾਂ 'ਚ ਵੱਖ ਵੱਖ ਧਰਮਾਂ ਤੇ ਫ਼ਿਰਕਿਆਂ ਦੇ ਲੋਕ ਸ਼ਾਮਲ ਸਨ, ਨੇ ਇਕਸੁਰ ਹੋ ਕੇ 'ਮੈਂ ਵੀ ਮੁਸਲਮਾਨ ਹਾਂ' ਦਾ ਨਾਅਰਾ ਦਿੱਤਾ ਹੈ। ਨਸਲੀ ਸਮਝ (ਅੰਡਰਸਟੈਂਡਿੰਗ) ਬਾਰੇ ਫਾਊਂਡੇਸ਼ਨ ਤੇ ਦਿ ਨੁਸਨਤਾਰਾ ਫਾਊਂਡੇਸ਼ਨ ਵੱਲੋਂ ਵਿਉਂਤੀ ਇਸ ਰੈਲੀ ਦਾ ਮੁੱਖ ਮੰਤਵ ਟਰੰਪ ਵੱਲੋਂ ਸੱਤ ਮੁਸਲਿਮ ਬਹੁਗਿਣਤੀ ਵਾਲੇ ਮੁਲਕਾਂ 'ਤੇ ਲਾਈ ਆਵਾਸ ਦੀ ਪਾਬੰਦੀ ਵਾਲੇ ਹੁਕਮਾਂ (ਜੋ ਕਿ ਹੁਣ ਮਨਸੂਖ਼ ਹਨ) ਮਗਰੋਂ ਬਣੀ ਬੇਯਕੀਨੀ ਤੇ ਤੌਖ਼ਲਿਆਂ ਨੂੰ ਦੂਰ ਕਰਨਾ ਸੀ।




'ਮੈਂ ਵੀ ਮੁਸਮਾਨ ਹਾਂ' ਨਾਂ ਦੀ ਇਸ ਇਕਜੁੱਟਤਾ ਰੈਲੀ ਵਿੱਚ ਸ਼ਾਮਲ ਹਜ਼ਾਰਾਂ ਲੋਕਾਂ ਨੇ 'ਲਵ ਟਰੰਪਜ਼ ਹੇਟ', 'ਯੂਐਸਏ ਯੂਐਸਏ' ਤੇ 'ਨੋ ਮੁਸਲਿਮ ਬੈਨ' ਦੀਆਂ ਤਖ਼ਤੀਆਂ ਚੁੱਕ ਕੇ ਨਾਅਰੇਬਾਜ਼ੀ ਕੀਤੀ। ਰੈਲੀ ਨੂੰ ਸੰਬੋਧਨ ਕਰਦਿਆਂ ਨਿਊਯਾਰਕ ਸ਼ਹਿਰ ਦੇ ਮੇਅਰ ਬਿਲ ਡੀ ਬਲਾਸੀਓ ਨੇ ਕਿਹਾ ਕਿ ਅਮਰੀਕਾ ਦੀ ਨੀਂਹ ਹਰ ਧਰਮ ਤੇ ਸ਼ਰਧਾ ਦਾ ਸਤਿਕਾਰ ਕੀਤੇ ਜਾਣ ਲਈ ਰੱਖੀ ਗਈ ਸੀ ਤੇ ਮੁਸਲਿਮ ਭਾਈਚਾਰੇ ਖ਼ਿਲਾਫ਼ ਬਣੀ ਰੂੜੀਵਾਦੀ ਸੋਚ ਨੂੰ ਮਿਟਾਉਣਾ ਸਮੇਂ ਦੀ ਲੋੜ ਹੈ। ਮੇਅਰ ਨੇ ਕਿਹਾ,'ਤੁਸੀਂ ਕਿਸੇ ਵੀ ਪਿਛੋਕੜ ਜਾਂ ਧਰਮ ਨਾਲ ਸਬੰਧਤ ਹੋਵੋਂ ਜਾਂ ਤੁਸੀਂ ਕਿਤੇ ਵੀ ਜਨਮ ਲਿਆ ਹੋਵੇ, ਤੁਸੀਂ ਇਸ ਗੱਲ ਦਾ ਖ਼ਿਆਲ ਰੱਖਣਾ ਹੈ ਕਿ ਇਹ ਤੁਹਾਡਾ ਸ਼ਹਿਰ ਤੇ ਤੁਹਾਡਾ ਮੁਲਕ ਹੈ।' ਨਿਊ ਯਾਰਕ ਪੁਲੀਸ ਵਿਭਾਗ ਵਿੱਚ ਕੰਮ ਕਰ ਰਹੇ 900 ਮੁਸਲਿਮ ਮੈਂਬਰਾਂ ਨੂੰ ਸਲਾਹੁੰਦਿਆਂ ਮੇਅਰ ਨੇ ਕਿਹਾ ਕਿ ਵਿਸ਼ਵ ਦੇ 1.6 ਅਰਬ ਮੁਸਲਿਮ ਸ਼ਾਂਤੀ ਪਸੰਦ ਹਨ ਤੇ ਉਨ੍ਹਾਂ ਨੂੰ ਆਪਣੇ ਭਾਈਚਾਰੇ ਦੀ ਫ਼ਿਕਰ ਹੈ। ਆਪਣੀ ਤਕਰੀਰ ਦੇ ਆਖਿਰ 'ਚ ਬਲਾਸੀਓ ਨੇ ਕਿਹਾ ਕਿ ਮੁਸਲਿਮ ਭਾਈਚਾਰੇ ਨੂੰ ਦਰਪੇਸ਼ ਰੂੜੀਵਾਦੀਆਂ ਨੂੰ ਸਾਨੂੰ ਦੂਰ ਕਰਨਾ ਹੋਵੇਗਾ। ਉਥੇ ਸਿੱਖ ਅਮਰੀਕੀ ਬੁਲਾਰੇ ਤੇ ਕਾਰਕੁਨ ਸਿਮਰਨ ਜੀਤ ਸਿੰਘ ਨੇ ਕਿਹਾ ਕਿ ਉਹ ਰੈਲੀ ਨੂੰ ਇਸ ਲਈ ਹਮਾਇਤ ਦੇ ਰਹੇ ਹਨ ਕਿਉਂਕਿ 'ਇਕ ਸਿੱਖ ਹੋਣ ਨੇ ਨਾਤੇ ਉਹ ਭਲੀ-ਭਾਂਤ ਜਾਣਦੇ ਹਨ ਕਿ ਪੱਖਪਾਤ ਤੇ ਧੱਕਾ ਹੋਣ 'ਤੇ ਕਿਵੇਂ ਲੱਗਦਾ ਹੈ। ਅਸੀਂ ਅਜਿਹਾ ਮੁਲਕ ਚਾਹੁੰਦੇ ਹਾਂ ਜੋ ਕਿ ਸਭ ਨੂੰ ਸਵੀਕਾਰਯੋਗ ਤੇ ਸਹਿਣਯੋਗ ਹੋਵੇ।'

# ਟਰੰਪ ਨੂੰ ਹਨੀਮੂਨ ਪੀਰੀਅਡ ਨਹੀਂ ਮਿਲਿਆ

ਵ੍ਹਾਈਟ ਹਾਊਸ ਵਿੱਚ ਭਾਰਤੀ ਮੂਲ ਦੇ ਉਪ ਸੰਚਾਰ ਨਿਰਦੇਸ਼ਕ ਰਾਜ ਸ਼ਾਹ ਨੇ ਕਿਹਾ ਕਿ ਡੋਨਲਡ ਟਰੰਪ ਨੂੰ ਜ਼ਿਆਦਾਤਰ ਨਵੇਂ ਰਾਸ਼ਟਰਪਤੀਆਂ ਵਾਂਗ ਹਨੀਮੂਨ ਪੀਰੀਅਡ ਨਹੀਂ ਮਿਲਿਆ।



ਮੀਡੀਆ ਨੇ 'ਨਿਰਪੱਖ ਤੇ ਸੱਚੀ' ਰਿਪੋਰਟਿੰਗ ਕਰਨ ਬਜਾਏ ਪਹਿਲੇ ਦਿਨ ਤੋਂ ਰਾਸ਼ਟਰਪਤੀ ਉਤੇ ਨਿਸ਼ਾਨਾ ਸੇਧਿਆ ਹੋਇਆ ਹੈ। ਉਨ੍ਹਾਂ ਕਿਹਾ ਕਿ ਮੁੱਖ ਧਾਰਾ ਮੀਡੀਆ ਰਾਸ਼ਟਰਪਤੀ ਨਾਲ ਕਠੋਰ ਵਿਹਾਰ ਕਰ ਰਿਹਾ ਹੈ। ਉਹ ਚੋਣ ਮੁਹਿੰਮ, ਹਲਫ਼ਦਾਰੀ ਸਮਾਗਮ ਤੇ ਕਾਰਜਭਾਰ ਸੰਭਾਲ ਤੋਂ ਬਾਅਦ ਵੀ ਰਾਸ਼ਟਰਪਤੀ ਦੇ ਪਿਛੇ ਪਿਆ ਹੋਇਆ ਹੈ। ਟਰੰਪ ਦੇ ਸੀਨੀਅਰ ਸਹਾਇਕਾਂ ਦੇ ਰਾਸ਼ਟਰਪਤੀ ਚੋਣ ਮੁਹਿੰਮ ਦੌਰਾਨ ਰੂਸੀ ਅਧਿਕਾਰੀਆਂ ਦੇ ਸੰਪਰਕ ਵਿਚ ਹੋਣ ਦੀ ਰਿਪੋਰਟ ਛਾਪਣ 'ਤੇ ਉਨ੍ਹਾਂ ਨੇ 'ਦਿ ਟਾਈਮਜ਼' ਤੇ ਹੋਰ ਮੀਡੀਆ ਤੋਂ ਮੁਆਫ਼ੀ ਦੀ ਮੰਗ ਕੀਤੀ ਹੈ।

# ਮੋਦੀ ਚੋਣ ਮੁਹਿੰਮ ਨੂੰ ਦੇ ਰਿਹੈ ਜਾਤੀ ਤੇ ਫਿਰਕੂ ਰੰਗਤ: ਮਾਇਆਵਤੀ

**ਲਖਨਊ–** ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ 'ਮਿਸਟਰ ਨੈਗੇਟਿਵ ਦਲਿਤ ਮੋਦੀ' ਕਰਾਰ ਦੇਣ ਬਾਅਦ ਬਸਪਾ ਸੁਪਰੀਮੋ ਮਾਇਆਵਤੀ ਨੇ ਉਨ੍ਹਾਂ ਤੇ ਭਾਜਪਾ ਉਤੇ ਉੱਤਰ ਪ੍ਰਦੇਸ਼ ਵਿੱਚ ਚੋਣ ਮੁਹਿੰਮ ਨੂੰ 'ਜਾਤੀਵਾਦੀ ਅਤੇ ਫਿਰਕੂ ਰੰਗਤ' ਦੇਣ ਦਾ ਯਤਨ ਕਰਨ ਦਾ ਦੋਸ਼ ਲਾਇਆ। ਇਥੇ ਜਾਰੀ ਬਿਆਨ ਵਿੱਚ ਉਨ੍ਹਾਂ ਕਿਹਾ, 'ਪਿਛਲੇ ਕੁੱਝ ਦਿਨਾਂ ਵਿੱਚ ਭਾਜਪਾ ਤੇ ਪ੍ਰਧਾਨ ਮੰਤਰੀ ਸਮੇਤ ਇਸ ਦੇ ਸੀਨੀਅਰ ਆਗੂ ਵਿਧਾਨ ਸਭਾ ਚੋਣਾਂ ਲਈ ਵੋਟਾਂ ਦੇ ਪਹਿਲੇ ਤਿੰਨ ਗੇੜਾਂ ਵਿੱਚ ਪਾਰਟੀ ਦੀ ਮਾੜੀ ਕਾਰਗੁਜ਼ਾਰੀ ਬਾਅਦ ਗਲਤ ਬਿਆਨਬਾਜ਼ੀ ਕਰ ਰਹੇ ਹਨ।'

ਸ੍ਰੀ ਮੋਦੀ ਦੀਆਂ 'ਕਬਰਿਸਤਾਨ-ਸ਼ਮਸ਼ਾਨਘਾਟ' ਅਤੇ 'ਦੀਵਾਲੀ-ਈਦ' ਵਾਲੀਆਂ ਟਿੱਪਣੀਆਂ ਦਾ ਜ਼ਿਕਰ ਕਰਦਿਆਂ ਮਾਇਆਵਤੀ ਨੇ ਕਿਹਾ, 'ਲੱਗ ਰਿਹਾ ਹੈ ਕਿ ਉਹ (ਮੋਦੀ) ਚੋਣਾਂ ਨੂੰ ਜਾਤੀਵਾਦੀ ਤੇ ਫਿਰਕੂ ਪੁੱਠ ਚਾੜ੍ਹ ਰਿਹਾ ਹੈ। ਇਹ ਬੋਲਣ ਤੋਂ ਪਹਿਲਾਂ ਉਸ ਨੂੰ ਦੇਖਣਾ ਚਾਹੀਦਾ ਹੈ ਕਿ ਭਾਜਪਾ ਦੀ ਸੱਤਾ ਵਾਲੇ ਹਰਿਆਣਾ ਤੇ ਮੱਧ ਪ੍ਰਦੇਸ਼ ਵਰਗੇ ਸੂਬਿਆਂ ਦੇ ਪਿੰਡਾਂ ਵਿੱਚ ਅਜਿਹੀ ਸਹੂਲਤ ਹੈ।' ਉਨ੍ਹਾਂ ਕਿਹਾ ਕਿ ਪ੍ਰਧਾਨ ਮੰਤਰੀ ਨੂੰ ਭਾਜਪਾ ਦੀ ਸੱਤਾ ਵਾਲੇ ਸੂਬਿਆਂ ਦੇ ਹਰੇਕ ਪਿੰਡ ਵਿੱਚ ਪਹਿਲਾਂ ਸ਼ਮਸ਼ਾਨਘਾਟ ਬਣਵਾਉਣੇ ਚਾਹੀਦੇ ਹਨ ਅਤੇ ਇਸ ਬਾਅਦ ਉੱਤਰ ਪ੍ਰਦੇਸ਼ 'ਚ ਗੱਲ ਕਰਨੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਭਾਜਪਾ ਵੱਲੋਂ ਸਿਆਸਤ ਦਾ ਮਿਆਰ ਨੀਵਾਂ ਕੀਤਾ ਗਿਆ ਹੈ, ਜੋ ਜਮਹੂਰੀਅਤ ਲਈ ਠੀਕ ਨਹੀਂ ਹੈ।



ਉਨ੍ਹਾਂ ਕਿਹਾ, 'ਪ੍ਰਧਾਨ ਮੰਤਰੀ ਕਹਿ ਰਹੇ ਹਨ ਕਿ ਭਾਜਪਾ ਜਾਤੀਵਾਦੀ ਤੇ ਫਿਰਕੂ ਸਿਆਸਤ ਨਹੀਂ ਕਰਦੀ ਪਰ ਇਹ ਕੋਰਾ ਝੂਠ ਹੈ। ਭਾਜਪਾ ਨੇ ਯੂਪੀ ਵਿੱਚ ਇਕ ਵੀ ਮੁਸਲਿਮ ਨੂੰ ਟਿਕਟ ਨਹੀਂ ਦਿੱਤੀ ਜਦੋਂ ਕਿ ਇਸ ਭਾਈਚਾਰੇ ਦਾ ਸੂਬੇ ਦੀ ਆਬਾਦੀ 'ਚ 18 ਤੋਂ 20 ਫ਼ੀਸਦ ਹਿੱਸਾ ਹੈ। ਪਿਛਲੇ ਸਾਲ ਜਾਤ ਦੇ ਆਧਾਰ ਉਤੇ ਪੱਖਪਾਤ ਦੇ ਦੋਸ਼ ਲਾਉਂਦਿਆਂ ਹੈਦਰਾਬਾਦ ਯੂਨੀਵਰਸਿਟੀ ਦੇ ਦਲਿਤ ਖੋਜਾਰਥੀ ਨੇ ਖ਼ੁਦਕੁਸ਼ੀ ਕਰ ਲਈ ਸੀ।'

# ਬਰਤਾਨੀਆ ਦੇ ਗੁਰਦੁਆਰੇ ਨੇ ਕੀਤਾ ਭੇਦਭਾਵ ਦਾ ਖ਼ਾਤਮਾ

**ਲੰਡਨ–** ਬਰਤਾਨੀਆ ਦੇ ਇਕ ਗੁਰਦੁਆਰੇ ਨੇ ਆਮ ਤੇ ਚੌਕੜੀ ਮਾਰ ਕੇ ਬੈਠਣ ਤੋਂ ਅਸਮਰਥ ਸੰਗਤ ਵਿੱਚ ਭੇਦਭਾਵ ਪੈਦਾ ਕਰਨ ਵਾਲੀ ਸਕਰੀਨ ਨੂੰ ਹਟਾਉਣ ਦਾ ਫੈਸਲਾ ਕੀਤਾ ਹੈ। ਵੁਲਵਰਹੈਂਪਟਨ ਦੇ ਗੁਰੂ ਨਾਨਕ ਸਿੱਖ ਗੁਰਦੁਆਰੇ ਵਿੱਚ ਇਕ ਵੱਡੀ ਸਕਰੀਨ ਲਗਾਈ ਹੋਈ ਸੀ, ਜਿਸ ਵ੍ਹੀਲ ਚੇਅਰ 'ਤੇ ਬੈਠਣ ਵਾਲੇ ਸ਼ਰਧਾਲੂ ਗੁਰਦੁਆਰੇ ਦੇ ਮੁੱਖ ਹਾਲ ਵਿੱਚ ਹੋਰ ਸੰਗਤ ਨਾਲ ਨਹੀਂ ਸਨ ਸ਼ਾਮਲ ਹੋ ਸਕਦੇ।

ਅਜਿਹਾ ਰੁਝਾਨ ਪੂਰੇ ਦੇਸ਼ ਵਿੱਚ ਸਿਰਫ਼ ਇਸੇ ਹੀ ਗੁਰਦੁਆਰੇ ਵਿੱਚ ਸੀ। ਬੀਤੇ ਦਿਨ ਬਰਮਿੰਘਮ ਕਾਊਂਟੀ ਅਦਾਲਤ ਵਿੱਚ ਮਾਮਲਾ ਜਾਣ ਤੋਂ ਪਹਿਲਾਂ ਹੀ ਦੋਵਾਂ ਧਿਰਾਂ ਦੀ ਸਹਿਮਤੀ ਨਾਲ ਹੱਲ ਹੋ ਗਿਆ।

ਇਕ ਸਿੱਖ ਬੀਬੀ ਭੁਪਿੰਦਰ ਕੌਰ ਚੌਹਾਨ ਨੇ ਕਿਹਾ ਕਿ ਗੁਰਦੁਆਰੇ ਵਿੱਚ ਲਗਾਈ ਇਹ ਸਕਰੀਨ ਜੇਲ੍ਹ ਵਰਗੀ ਸੀ। ਇਸ ਤਰ੍ਹਾਂ ਲੱਗਦਾ ਸੀ ਕਿ ਜਿਹੜੇ ਗੁਰਦੁਆਰੇ ਵਿੱਚ ਚੌਕੜੀ ਮਾਰ ਕੇ ਬੈਠ ਨਹੀਂ ਸਕਦੇ ਉਨ੍ਹਾਂ ਨੇ ਕੋਈ ਗਲਤ ਕੰਮ ਕੀਤਾ ਹੈ।

ਵੁਲਵਰਹੈਂਪਟਨ ਦੀ ਸਿੱਖ ਫੋਰਮ ਦੇ ਚੇਅਰਮੈਨ ਰਾਜਿੰਦਰ ਸਿੰਘ ਬਾਸੀ ਨੇ ਇਸ ਰੁਝਾਨ ਦੇ ਖ਼ਾਤਮੇ ਨੂੰ ਜਿੱਤ ਕਰਾਰ ਦਿੱਤਾ ਹੈ। ਉਨ੍ਹਾਂ ਕਿਹਾ ਅਪਾਹਜ ਲੋਕਾਂ ਨੂੰ ਵੀ ਧਰਮ ਦੇ ਰੀਤੀ ਰਿਵਾਜਾਂ ਵਿੱਚ ਸ਼ਾਮਲ ਹੋਣ ਦਾ ਪੂਰਾ ਅਖ਼ਤਿਆਰ ਹੈ ਤੇ ਹੁਣ ਗੁਰਦੁਆਰੇ ਨੂੰ ਆਪਣੀ ਨੀਤੀ ਬਦਲਣੀ ਪਈ ਹੈ।

ਸ਼ਿਕਾਇਤਕਰਤਾ ਦਾ ਕਹਿਣਾ ਸੀ ਕਿ ਅਰਦਾਸ ਵੇਲੇ ਜਿਹੜੇ ਚੌਕੜੀ ਮਾਰ ਕੇ ਬੈਠਣ ਤੋਂ ਅਸਮਰਥ ਸਨ ਉਨ੍ਹਾਂ ਨੂੰ ਸਕਰੀਨ ਦੇ ਪਿੱਛੇ ਜਾਂ ਲੰਗਰ ਹਾਲ ਵਿੱਚ ਭੇਜ ਦਿੱਤਾ ਜਾਂਦਾ ਸੀ। ਗੁਰਦੁਆਰੇ ਵੱਲੋਂ ਬਿਆਨ ਜਾਰੀ ਕਰਨ ਵਾਲੀ ਯੂਕੇ ਸਿੱਖ ਕੌਂਸਲ ਨੇ ਕਿਹਾ ਕਿ ਗੁਰੂ ਘਰ ਦੇ ਦਰ ਸਭ ਲਈ ਖੁੱਲ੍ਹੇ ਹਨ ਤੇ ਸਭ ਇਕ ਬਰਾਬਰ ਹਨ।

# ਫਿਰ ਆਰੰਭ ਹੋਈ ਐਸਵਾਈਐਲ 'ਤੇ ਸਿਆਸਤ

**ਕਪੂਰੀ/ਰਾਜਪੁਰਾ (ਬਿਊਰੋ)–** ਆਲ ਇੰਡੀਆ ਨੈਸ਼ਨਲ ਲੋਕ ਦਲ (ਇਨੈਲੋ) ਵੱਲੋਂ 23 ਫਰਵਰੀ ਨੂੰ ਸਤਲੁਜ-ਯਮੁਨਾ ਲਿੰਕ ਨਹਿਰ ਨੂੰ ਪੰਜਾਬ ਦੇ ਕਪੂਰੀ ਵਿੱਚ ਪੁੱਟਣ ਦੇ ਐਲਾਨ ਤੋਂ ਬਾਅਦ ਪੰਜਾਬ ਪੁਲੀਸ ਵੱਲੋਂ ਕਿਸੇ ਟਕਰਾਅ ਨੂੰ ਟਾਲਣ ਵਾਸਤੇ ਹਰਿਆਣਾ ਨਾਲ ਲੱਗਦੀ ਸਰਹੱਦ ਅਤੇ ਸ਼ੰਭੂ ਬੈਰੀਅਰ ਨੇੜੇ ਘੱਗਰ ਦਰਿਆ ਦੇ ਪੁੱਲ 'ਤੇ ਢੇ ਹਜ਼ਾਰ ਦੇ ਕਰੀਬ ਸੁਰੱਖਿਆ ਮੁਲਾਜ਼ਮਾਂ ਦੀ ਤਾਇਨਾਤੀ ਕੀਤੀ ਜਾਵੇਗੀ। ਇਨ੍ਹਾਂ ਵਿੱਚ ਦਸ ਕੰਪਨੀਆਂ ਕੇਂਦਰੀ ਨੀਮ ਫੌਜੀ ਬਲਾਂ ਦੀਆਂ ਦੀ ਵੀ ਸ਼ਾਮਲ ਹਨ। 22 ਫਰਵਰੀ ਨੂੰ ਇਨ੍ਹਾਂ ਸੁਰੱਖਿਆ ਜਵਾਨਾਂ ਦੀ ਰਿਹਰਸਲ ਹੋਵੇਗੀ। ਸਾਰੀ ਸਥਿਤੀ 'ਤੇ ਨਜ਼ਰ ਰੱਖਣ ਲਈ ਸ਼ੰਭੂ ਨੇੜੇ ਮੁਗ਼ਲ ਸਰਾਏ ਵਿੱਚ ਕੰਟਰੋਲ ਰੂਮ ਸਥਾਪਤ ਕੀਤਾ ਗਿਆ ਹੈ। ਕਪੂਰੀ ਨੇੜੇ ਐਸਐਸਪੀ ਫ਼ਤਹਿਗੜ੍ਹ ਸਾਹਿਬ ਦੀ ਅਗਵਾਈ ਹੇਠ ਪੁਲੀਸ ਤਾਇਨਤ ਰਹੇਗੀ। ਸ੍ਰੀ ਕਰਨੈਲ ਸਿੰਘ ਪੀਰ ਮੁਹ-ਮਦ ਦੀ ਅਗਵਾਈ ਵਿੱਚ ਕਪੂਰੀ ਪੁੱਜਣ ਦੀ ਕੋਸ਼ਿਸ਼ ਕਰਨ ਵਾਲੇ ਜੱਥੇ ਨੂੰ ਦੇਵੀਗੜ੍ਹ ਵਿੱਚ ਰੋਕਣ ਦੀ ਜ਼ਿੰਮੇਵਾਰੀ ਐਸਐਸਪੀ ਸੰਗਰੂਰ ਇੰਦਰਬੀਰ ਸਿੰਘ ਨੂੰ ਸੌਂਪੀ ਗਈ ਹੈ। ਇਸ ਤੋਂ ਇਲਾਵਾ ਬਰਨਾਲਾ ਦੇ ਐਸਐਸਪੀ ਬਾਕੀ ਸਾਰੀਆਂ ਸੁਰੱਖਿਆ ਟੀਮਾਂ ਨਾਲ ਰਾਬਤਾ ਰੱਖਣਗੇ। ਸੁਰੱਖਿਆ ਪ੍ਰਬੰਧਾਂ ਦਾ ਜਾਇਜ਼ਾ ਲੈਣ ਲਈ ਅੱਜ ਡੀਜੀਪੀ ਪੰਜਾਬ ਸੁਰੇਸ਼ ਅਰੋੜਾ ਸ਼ੰਭੂ ਪੁੱਜੇ। ਉਨ੍ਹਾਂ ਆਖਿਆ ਕਿ ਨਹਿਰ ਦੇ ਮਾਮਲੇ 'ਤੇ ਸੁਪਰੀਮ ਕੋਰਟ ਦੇ ਹੁਕਮਾਂ ਦੀ ਪੂਰੀ ਤਰ੍ਹਾਂ ਪਾਲਣਾ ਕੀਤੀ ਜਾਵੇਗੀ ਤੇ ਪੰਜਾਬ ਵਿੱਚ ਅਮਨ ਕਾਨੂੰਨ ਦੀ ਸਥਿਤੀ ਹਰ ਹਾਲ ਵਿੱਚ ਬਹਾਲ ਰੱਖੀ ਜਾਵੇਗੀ। ਥਾਣਾ ਸ਼ੰਭੂ ਅਤੇ ਘਨੌਰ ਦੀਆਂ ਕਰੀਬ ਇੱਕ ਦਰਜਨ ਸੰਵੇਦਨਸ਼ੀਲ ਥਾਵਾਂ ਸਰਾਲਾ ਹੈੱਡ, ਕਪੂਰੀ, ਜਮੀਤਗੜ੍ਹ ਤੇ ਕਾਮੀ ਕਲਾਂ ਦਾ ਹਵਾਈ ਦੌਰਾ ਵੀ ਕੀਤਾ ਅਤੇ ਦੌਰਾ ਜਾਰੀ ਰਹੇਗੀ, ਜਿਸ ਰਸਤਿਓਂ ਹਰਿਆਣਾ ਵੱਲੋਂ ਪੰਜਾਬ ਵਿੱਚ ਕਿਸੇ ਵੀ ਵਿਅਕਤੀ ਦੇ ਪ੍ਰਵੇਸ਼ ਹੋਣ ਦੀ ਸੰਭਾਵਨਾ ਹੈ, ਉਥੇ ਪੁਲਿਸ ਵੱਲੋਂ ਨਾਕਾਬੰਦੀ ਕੀਤੀ ਜਾ ਰਹੀ ਹੈ। ਇਸੇ ਦੌਰਾਨ ਪੁਲਿਸ ਵੱਲੋਂ ਕੌਮੀ ਸ਼ਾਹ ਮਾਰਗ 'ਤੇ ਘੱਗਰ ਦਰਿਆ ਦੇ ਪੁਰਾਣੇ ਪੁਲ ਵਾਲੀ ਸੜਕ, ਜਿਥੇ ਦੋ ਦਿਨ ਪਹਿਲਾਂ ਕੰਧ ਉਸਾਰੀ ਗਈ ਸੀ, ਉਪਰ ਦੋ ਥਾਵਾਂ 'ਤੇ ਲੋਹੇ ਦੇ 15 ਫੁੱਟ ਉੱਚੇ ਬੈਰੀਕੇਡ ਵੀ ਲਗਾ ਦਿੱਤੇ ਗਏ ਹਨ। ਇਸ ਤੋਂ ਇਲਾਵਾ ਸੰਗਰੂਰ, ਮੁਹਾਲੀ ਅਤੇ ਹੋਰ ਜ਼ਿਲ੍ਹਿਆਂ ਤੋਂ ਸੈਂਕੜੇ ਬੈਰੀਕੇਡਸ ਮੰਗਵਾਏ ਗਏ ਹਨ। ਹਰਿਆਣਾ ਵੱਲ ਜਾਣ ਅਤੇ ਆਉਣ ਵਾਲੀਆਂ ਸੜਕਾਂ ਦੇ ਵਿਚਕਾਰ ਖਾਲੀ ਥਾਂ ਤੋਂ ਇੱਟਾਂ ਤੇ ਰੋੜੇ ਹਟਾਉਣ ਲਈ ਮਜ਼ਦੂਰ ਲਗਾਏ ਗਏ ਹਨ। ਪਟਿਆਲਾ ਦੇ ਡੀਆਈਜੀ ਆਸ਼ੀਸ਼ ਚੌਧਰੀ ਨੇ ਦੱਸਿਆ ਹੈ ਕਿ ਕਿਸੇ ਵੀ ਧਿਰ ਨੂੰ ਨਹਿਰ ਨਾਲ ਛੇੜਛਾੜ ਨਹੀਂ ਕਰਨ ਦਿੱਤੀ ਜਾਵੇਗੀ। 'ਡਰੋਨ' ਰਾਹੀਂ ਬਾਰਡਰ ਦੇ ਪਰਲੇ ਪਾਸੇ ਨਜ਼ਰ ਰੱਖੀ ਜਾਵੇਗੀ। ਪੁਲੀਸ ਦਾ ਮੁੱਖ ਮਕਸਦ ਹਾਲਾਤ ਕਾਬੂ ਵਿਚ ਰੱਖਣਾ ਹੈ। ਇਨ੍ਹਾਂ ਪ੍ਰਬੰਧਾਂ ਵਜੋਂ ਹੀ ਵੱਡੇ ਅਤੇ ਆਧੁਨਿਕ ਹਥਿਆਰਾਂ, ਅੱਥਰੂ ਗੈਸ, ਰਬੜ ਦੀਆਂ ਗੋਲੀਆਂ, ਡਾਂਗਾਂ ਤੇ ਘੋੜ ਸਵਾਰ ਪੁਲੀਸ ਦਾ ਪ੍ਰਬੰਧ ਵੀ ਕੀਤਾ ਗਿਆ ਹੈ।

**ਨਹਿਰ 'ਤੇ ਸਥਿਤੀ ਜਿਉਂ ਦੀ ਤਿਉਂ ਰੱਖੀ ਜਾਵੇ: ਕੇਂਦਰ**

ਕੇਂਦਰ ਨੇ ਅੱਜ ਪੰਜਾਬ ਤੇ ਹਰਿਆਣਾ ਸਰਕਾਰਾਂ ਨੂੰ ਕਿਹਾ ਹੈ ਉਹ ਸਤਲੁਜ ਯਮੁਨਾ ਲਿੰਕ ਨਹਿਰ ਦੇ ਮਾਮਲੇ 'ਤੇ ਸਥਿਤੀ ਜਿਉਂ ਦੀ ਤਿਉਂ ਰੱਖਣ। ਕੇਂਦਰ ਨੇ ਦੋਵਾਂ ਰਾਜਾਂ ਨੂੰ ਅਮਨ ਕਾਨੂੰਨ ਦੀ ਸਥਿਤੀ ਯਕੀਨੀ ਬਣਾਉਣ ਲਈ ਕਿਹਾ ਹੈ। ਕੇਂਦਰੀ ਗ੍ਰਹਿ ਮੰਤਰਾਲੇ ਦੇ ਇਕ ਅਧਿਕਾਰੀ ਮੁਤਾਬਕ,' ਅਸੀਂ ਪੰਜਾਬ ਤੇ ਹਰਿਆਣਾ ਨੂੰ ਕਿਹਾ ਹੈ ਕਿ ਉਹ ਅਮਨ ਕਾਨੂੰਨ ਨੂੰ ਬਰਕਰਾਰ ਰੱਖਣ ਤੇ ਹਿੰਸਾ ਕਿਸੇ ਵੀ ਹਾਲਤ ਵਿੱਚ ਨਾ ਹੋਣ ਦੇਣ। ਇਸ ਤੋਂ ਇਲਾਵਾ ਸੁਪਰੀਮ ਕੋਰਟ ਦੇ ਹੁਕਮਾਂ ਦੇ ਮੱਦੇਨਜ਼ਰ ਐਸਵਾਈਐਲ ਨਹਿਰ ਬਾਰੇ ਸਥਿਤੀ ਜਿਉਂ ਦੀ ਤਿਉਂ ਬਣਾ ਕੇ ਰੱਖਣ।'

**ਇਨੈਲੋ ਵੱਲੋਂ ਨਹਿਰ ਦੀ ਖੁਦਾਈ ਲਈ ਤਿਆਰੀਆਂ**

ਇੰਡੀਅਨ ਨੈਸ਼ਨਲ ਲੋਕ ਦਲ ਨੇ 23 ਫਰਵਰੀ ਨੂੰ ਲਿੰਕ ਨਹਿਰ ਦੀ ਖੁਦਾਈ ਕਰਨ ਦੀਆਂ ਤਿਆਰੀਆਂ ਮੁਕੰਮਲ ਕਰ ਲਈਆਂ ਹਨ ਤੇ ਪੰਜਾਬ ਕਾਂਗਰਸ ਦੇ ਪ੍ਰਧਾਨ ਕੈਪਟਨ ਅਮਰਿੰਦਰ ਸਿੰਘ ਨੇ ਇਨੈਲੋ ਵੱਲੋਂ ਖੁੱਲ੍ਹੇਆਮ ਕਾਨੂੰਨ ਤੋੜਨ ਦੀਆਂ ਧਮਕੀਆਂ ਦੇ ਮੱਦੇਨਜ਼ਰ ਤੇ ਕਿਸੇ ਵੀ ਅਣਸੁਖਾਵੀਂ ਘਟਨਾ ਨੂੰ ਰੋਕਣ ਵਾਸਤੇ ਦੋਵਾਂ ਸੂਬਿਆਂ ਦੀ ਹੱਦ 'ਤੇ ਹਥਿਆਰਬੰਦ ਦਸਤਿਆਂ ਨੂੰ ਤਾਇਨਾਤ ਕਰਨ ਦੇ ਨਾਲ ਨਾਲ ਇਨੈਲੋ ਆਗੂਆਂ ਨੂੰ ਗ੍ਰਿਫ਼ਤਾਰ ਕਰਨ ਦੀ ਮੰਗ ਕੀਤੀ ਹੈ। ਉਨ੍ਹਾਂ ਕਿਹਾ ਹੈ ਕਿ ਸੂਬੇ ਵਿਚ ਸੱਤਾ ਬਦਲਣ ਵਾਲੀ ਹੈ ਤੇ ਸਥਿਤੀ ਨੂੰ ਵਿਗੜਨ ਤੋਂ ਬਚਾਉਣ ਲਈ ਕੇਂਦਰ ਸਰਕਾਰ ਦੇ ਦਖ਼ਲ ਦੀ ਲੋੜ ਹੈ। ਇੰਡੀਅਨ ਨੈਸ਼ਨਲ ਲੋਕ ਦਲ ਨੇ ਅੱਜ ਹਰਿਆਣਾ ਦੇ ਚਾਰ ਜ਼ਿਲ੍ਹਿਆਂ ਵਿਚ ਰੈਲੀਆਂ ਤੇ ਮੀਟਿੰਗਾਂ ਕਰਕੇ ਪਾਰਟੀ ਵਰਕਰਾਂ ਨੂੰ ਕਹੀਆਂ ਸਮੇਤ ਅੰਬਾਲਾ ਪਹੁੰਚਣ ਦਾ ਸੱਦਾ ਦਿੱਤਾ। ਇਨੈਲੋ ਦੇ ਨਹਿਰ ਪੁੱਟਣ ਦੇ ਸੱਦੇ ਨਾਲ ਦੋਵਾਂ ਸੂਬਿਆਂ ਵਿਚਾਲੇ ਤਣਾਅ ਪੈਦਾ ਹੋਣ ਦੀਆਂ ਸੰਭਾਵਨਾਵਾਂ ਹਨ। ਇਸ ਲਈ ਪੰਜਾਬ ਸਰਕਾਰ ਨੂੰ ਕਦਮ ਚੁੱਕਣੇ ਪੈਣਗੇ, ਕਿਉਂਕਿ ਹਰਿਆਣਾ ਸਰਕਾਰ ਵੱਲੋਂ ਕੋਈ ਕਾਰਵਾਈ ਕੀਤੇ ਜਾਣ ਦੇ ਆਸਾਰ ਮੱਧਮ ਹਨ। ਭਾਜਪਾ ਸਰਕਾਰ ਪਹਿਲਾਂ ਹੀ ਜਾਟ ਰਾਖਵਾਂਕਰਨ ਅੰਦੋਲਨ ਵਿਚ ਉਲਝੀ ਹੋਈ ਹੈ ਤੇ ਸੂਬੇ ਦੀ ਪੁਲੀਸ ਅਤੇ ਨੀਮ ਫੌਜੀ ਬਲ ਅੰਦੋਲਨ ਵਾਲੀਆਂ ਥਾਵਾਂ 'ਤੇ ਤਾਇਨਾਤ ਹਨ। ਭਾਜਪਾ ਸਰਕਾਰ ਇਨੈਲੋ ਦੇ ਮਾਮਲੇ ਵਿਚ ਦਖ਼ਲ ਦੇਣ ਨੂੰ ਤਿਆਰ ਨਹੀਂ ਜਾਪਦੀ। ਪੰਜਾਬ ਕਾਂਗਰਸ ਦੇ ਪ੍ਰਧਾਨ ਕੈਪਟਨ ਨੇ ਕਿਹਾ ਹੈ ਕਿ ਰਾਜ ਸਰਕਾਰ ਨੂੰ ਸਥਿਤੀ ਤੋਂ ਹੱਥੋਂ ਨਿਕਲਣ ਤੋਂ ਰੋਕਣ ਲਈ ਇਨੈਲੋ ਆਗੂਆਂ ਵਿਰੁਧ ਕਾਰਵਾਈ ਕਰਨੀ ਚਾਹੀਦੀ ਹੈ।

# ਪੰਜਾਬ ਵਿਚ 'ਆਪ' ਜਾਂ 'ਕਾਂਗਰਸ' ਦੀ ਸਰਕਾਰ ਦੇ ਸੰਕੇਤ

(ਸਫ਼ਾ 1 ਦੀ ਬਾਕੀ)

ਅਜ਼ਮਾਈ ਕੀਤੀ ਜਾਣ ਲੱਗੀ ਹੈ। ਰਾਜ ਦੇ ਇਕ ਸੀਨੀਅਰ ਅਧਿਕਾਰੀ ਨੇ ਇਕ ਸੇਵਾਮੁਕਤ ਵਧੀਕ ਡੀਜੀਪੀ ਦੀਆਂ ਸੇਵਾਵਾਂ ਲੈਣ ਲਈ ਕਈ ਦਿਨ ਦਿੱਲੀ ਵਿੱਚ ਵੀ ਡੇਰੇ ਲਾਈ ਰੱਖੇ। ਇਹ ਅਧਿਕਾਰੀ ਕੇਂਦਰ ਵਿੱਚ ਕੋਈ ਅਹੁਦਾ ਹਾਸਲ ਕਰਨ ਦੀ ਝਾਕ ਵਿੱਚ ਹੈ। ਸੂਤਰਾਂ ਦਾ ਦੱਸਣਾ ਹੈ ਕਿ ਪਿਛਲੇ ਦਿਨਾਂ ਦੌਰਾਨ ਮੁੱਖ ਮੰਤਰੀ ਦਫ਼ਤਰ ਦੇ ਇਕ ਅਧਿਕਾਰੀ ਨੇ ਵੀ ਸਾਬਕਾ ਮੁੱਖ ਮੰਤਰੀ ਤੇ ਭਵਿੱਖੀ ਮੁੱਖ ਮੰਤਰੀ ਮੰਨੇ ਜਾਂਦੇ ਆਗੂ ਨਾਲ ਮੀਟਿੰਗ ਕੀਤੀ ਤਾਂ ਜੋ ਗਿਲੇ ਸ਼ਿਕਵੇ ਦੂਰ ਕੀਤੇ ਜਾ ਸਕਣ। ਪੰਜਾਬ ਪੁਲੀਸ ਦੇ ਇਕ ਸੀਆਈਡੀ ਅਧਿਕਾਰੀ ਵੱਲੋਂ 'ਆਪ' ਨੂੰ ਰਿਪੋਰਟ ਦਿੱਤੀ ਜਾਣ ਲੱਗੀ ਹੈ। ਇੱਥੋਂ ਤੱਕ ਕਿ 1990 ਬੈਚ ਦੇ ਇਕ ਅਧਿਕਾਰੀ ਨੂੰ 'ਆਪ' ਦੀ ਸਰਕਾਰ ਬਣਨ 'ਤੇ ਮੁੱਖ ਮੰਤਰੀ ਦਾ ਪ੍ਰਮੁੱਖ ਸਕੱਤਰ ਨਿਯੁਕਤ ਹੋਣ ਦੇ ਦਾਅਵੇ ਵੀ ਕੀਤੇ ਜਾਣ ਲੱਗੇ ਹਨ। ਪੰਜਾਬ ਵਿਧਾਨ ਸਭਾ ਚੋਣਾਂ ਦਾ ਐਲਾਨ ਹੋਣ ਤੋਂ ਬਾਅਦ ਸਮੁੱਚੀ ਅਫਸਰਸ਼ਾਹੀ ਇਕ ਤਰ੍ਹਾਂ ਨਾਲ ਵਿਹਲੀ ਹੈ। ਸਾਧਾਰਨ ਮੀਟਿੰਗਾਂ ਤੋਂ ਬਾਅਦ ਵਿਭਾਗੀ ਕੰਮਕਾਜ ਪੂਰੀ ਤਰ੍ਹਾਂ ਠੱਪ ਹਨ। ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਅਤੇ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਦੇ ਵਿਦੇਸ਼ ਹੋਣ ਕਾਰਨ ਅਫ਼ਸਰਾਂ ਉਪਰ ਕੰਮ ਦਾ ਭਾਰ ਹੋਰ ਘਟ ਗਿਆ ਹੈ। ਜ਼ਿਕਰਯੋਗ ਹੈ ਕਿ 2012 ਦੀਆਂ ਚੋਣਾਂ ਦੌਰਾਨ ਵੀ ਅਫ਼ਸਰਸ਼ਾਹੀ ਨੇ ਕੈਪਟਨ ਅਮਰਿੰਦਰ ਅਤੇ ਉਨ੍ਹਾਂ ਦੇ ਨੇੜਲਿਆਂ ਤੱਕ ਪਹੁੰਚ ਬਣਾ ਲਈ ਸੀ। ਉਦੋਂ ਨਤੀਜੇ ਅਕਾਲੀ ਦਲ ਤੇ ਭਾਜਪਾ ਪੱਖੀ ਨਿਕਲੇ ਤਾਂ ਅਫ਼ਸਰਾਂ ਨੂੰ ਸਦਮੇ ਵਿੱਚੋਂ ਨਿਕਲਣ ਲਈ ਕਈ ਮਹੀਨੇ ਲੱਗੇ ਅਤੇ ਕਈਆਂ ਦੀ ਤਾਂ ਗੱਡੀ ਲੀਹ 'ਤੇ ਚੜ੍ਹੀ ਹੀ ਨਹੀਂ।

**ਡੀਜੀਪੀ ਬਣਨ ਲਈ ਕਾਹਲਾ ਪਿਆ ਇਕ ਅਧਿਕਾਰੀ**

ਪੰਜਾਬ ਪੁਲੀਸ ਦੇ ਡੀਜੀਪੀ ਰੈਂਕ ਦੇ ਇਕ ਅਧਿਕਾਰੀ ਨੇ ਤਾਂ ਮਾਮਲਾ ਸਿਰੇ ਲਾ ਦਿੱਤਾ ਹੈ। ਇਸ ਅਧਿਕਾਰੀ ਵੱਲੋਂ ਆਈਪੀਐਸ ਅਫ਼ਸਰਾਂ ਦੇ ਵਟਸਐਪ ਗਰੁੱਪ 'ਤੇ ਕਾਂਗਰਸ ਦੀ ਸਰਕਾਰ ਬਣਨ ਦੇ ਦਾਅਵੇ ਕੀਤੇ ਜਾ ਰਹੇ ਹਨ। ਇਸ ਅਧਿਕਾਰੀ ਵੱਲੋਂ ਪੰਜਾਬ ਦਾ ਭਵਿੱਖੀ ਡੀਜੀਪੀ ਹੋਣ ਦਾ ਦਾਅਵਾ ਤਾਂ ਕੀਤਾ ਹੀ ਜਾ ਰਿਹਾ ਹੈ, ਸਗੋਂ ਅਸਿੱਧੇ ਤੌਰ 'ਤੇ ਇਹ ਪ੍ਰਭਾਵ ਦੇਣ ਦਾ ਵੀ ਯਤਨ ਕੀਤਾ ਜਾ ਰਿਹਾ ਹੈ ਕਿ ਕਾਂਗਰਸ ਸਰਕਾਰ ਵਿੱਚ ਅਹਿਮ ਅਹੁਦਾ ਵੀ ਦਿਵਾਇਆ ਜਾ ਸਕਦਾ ਹੈ।

### ਪੰਜਾਬ ਅਤੇ ਹਰਿਆਣਾ ਹਾਈ ਕੋਰਟ ਦਾ ਫੈਸਲਾ ਬਣਿਆ ਦੇਸ਼ ਭਰ ਲਈ ਅਹਿਮ

# ਰਿਟਾਇਰਮੈਂਟ ਤੱਕ ਜੁੜੇਗਾ ਹੁਣ ਕਮਾਈਆਂ ਛੁੱਟੀਆਂ ਦਾ ਮਸਲਾ

**ਇਲਾਹਾਬਾਦ–** ਕੇਂਦਰ ਅਤੇ ਸੂਬਾਈ ਕਰਮਚਾਰੀਆਂ ਨੂੰ ਕਮਾਈਆਂ ਛੁੱਟੀਆਂ ਰਿਟਾਇਰਮੈਂਟ ਤੱਕ ਜੋੜਨ ਦਾ ਰਸਤਾ ਸਾਫ ਹੋ ਗਿਆ ਹੈ। ਪੰਜਾਬ ਅਤੇ ਹਰਿਆਣਾ ਹਾਈਕੋਰਟ ਦੇ ਪੰਜ ਅਕਤੂਬਰ ਦਾ ਫੈਸਲਾ ਦੇਸ਼ ਭਰ ਦੇ ਲੱਖਾਂ ਕੇਂਦਰ ਅਤੇ ਸੂਬਾ ਕਰਮਚਾਰੀਆਂ ਲਈ ਅਹਿਮ ਬਣ ਗਿਆ ਹੈ। ਇਸ ਆਦੇਸ਼ ਨਾਲ ਸਰਕਾਰੀ ਕਰਮਚਾਰੀਆਂ ਵਿਚ ਖੁਸ਼ੀ ਦੀ ਭਾਵਨਾ ਹੈ। ਦਰਅਸਲ ਸਰਕਾਰੀ ਕਰਮਚਾਰੀਆਂ ਨੂੰ ਹਰ ਸਾਲ 30 ਦਿਨ (ਇਕ ਜਨਵਰੀ ਨੂੰ 15 ਦਿਨ ਅਤੇ ਇਕ ਜੁਲਾਈ ਨੂੰ 15 ਦਿਨ) ਦਾ ਕਮਾਈ ਛੁੱਟੀ ਮਿਲਦੀ ਹੈ। ਜੇਕਰ ਕਰਮਚਾਰੀ ਛੁੱਟੀ ਨਹੀਂ ਲੈਂਦੇ ਤਾਂ ਉਹ ਜੁੜਦੀਆਂ ਜਾਂਦੀਆਂ ਹਨ ਪਰ 300 ਦਿਨ ਹੋਣ ਤੋਂ ਬਾਅਦ ਇਹ ਛੁੱਟੀ ਜੁੜਦੀ ਨਹੀਂ। 300 ਦਿਨ ਤੋਂ ਬਾਅਦ ਜੇਕਰ ਕਰਮਚਾਰੀ ਛੁੱਟੀ ਨਹੀਂ ਲੈਂਤੇ ਤਾਂ ਲੈਪਸ ਹੋ ਜਾਂਦਾ ਹੈ। ਇਸ ਤੋਂ ਨਰਾਜ਼ ਦੋ ਕਰਮਚਾਰੀਆਂ ਨੇ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵਿਚ ਰਿੱਟ ਦਾਇਰ ਕਰ ਦਿੱਤੀ। ਉਹਨਾਂ ਦਾ ਕਹਿਣਾਸੀ ਕਿ 300 ਦਿਨ ਕਮਾਈ ਛੁੱਟੀ ਹੋਣ ਤੋਂ ਬਾਅਦ ਲੈਪਸ ਕਰਨਾ ਗੈਰ ਵਿਧਾਨਿਕ ਹੈ। ਇਸ ਤੇ ਪੰਜਬ ਅਤੇ ਹਰਿਆਣਾ ਹਾਈ ਕੋਰਟ ਨੇ 300 ਦਿਨ ਤੋਂ ਜ਼ਿਆਦਾ ਕਮਾਈ ਛੁੱਟੀ ਹੋਣ ਦੇ ਬਾਵਜੂਦ ਉਸਨੂੰ ਰਿਟਾਇਰਮੈਂਟ ਤੱਕ ਜੋੜਨ ਦਾ ਆਦੇਸ਼ ਸੁਣਾਇਆ ਹੈ। ਪੰਜ ਅਕਤੂਬਰ ਦੇ ਇਸ ਆਦੇਸ਼ ਤੋਂ ਕੇਂਦਰ ਅਤੇ ਸੂਬਾ ਕਰਮਚਾਰੀ ਖੁਸ਼ ਹਨ। ਕਮਾਈ ਛੁੱਟੀ ਜ਼ਿਆਦਾ ਹੋਣ ਤੇ ਉਹ ਐਮਰਜੈਂਸੀ ਸਥਿਤੀ ਵਿਚ ਇਸਤੇਮਾਲ ਕਰ ਸਕਣਗੇ।

# ਸ਼ੌਟ ਮੂਵੀ 'ਆਪਣੇ ਹੋਏ ਬੇਗਾਨੇ' ਦੀ ਸ਼ੂਟਿੰਗ ਮੁਕੰਮਲ





**ਗੁਰਾਇਆ (ਨਿਰਮਲ ਗੁੜਾ)–** ਆਜ਼ਾਦ ਰੰਗ ਮੰਚ ਚੱਕ ਦੇਸਰਾਜ 'ਪੰਜਾਬੀ ਨਾਟਕ ਵੇਹੜਾ' ਵਲੋਂ ਬਣਾਈ ਜਾ ਰਹੀ ਸ਼ੌਟ ਮੂਵੀ 'ਆਪਣੇ ਹੋਏ ਬੇਗਾਨੇ' ਮੁਕੰਮਲ ਹੋ ਚੁਕੀ ਹੈ, ਜਲਦ ਹੀ ਲੋਕ ਅਰਪਿਤ ਕਰ ਦਿਤੀ ਜਾਵੇਗੀ। ਇਸ ਦੀ ਜਾਣਕਾਰੀ ਦਿੰਦਿਆਂ ਦਲਜੀਤ ਸਿੰਘ ਨੇ ਦੱਸਿਆ ਕਿ ਇਹ ਮੂਵੀ ਅੱਜ ਦੇ ਪਰਿਵਾਰਕ ਦੁਖਾਂਤ ਤੇ ਹੈ ਜੋ ਕਿ ਸਮਾਜ ਅੰਦਰ ਵਿਰਧ ਆਸ਼ਰਮ ਵਧਦੇ ਜਾ ਰਹੇ ਹਨ।

ਇਸ ਕਹਾਣੀ ਤੇ ਡਾਇਲਾਗ ਲੇਖਕ ਗੁਰਦੇਵ ਭਰੋਲ਼ੀ ਹਨ ਅਤੇ ਇਸ ਮੂਵੀ ਸ਼ੂਟਿੰਗ ਡਾਇਰੈਕਟਰ ਗਮਨੂੰ ਬਾਂਸਲ ਦੀ ਨਿਰਦੇਸ਼ਨਾਂ ਹੇਠ, ਕੈਮਰਾ ਮੈਨ ਰਾਜੇਸ਼ ਕਪੂਰ ਵਲੋਂ ਬੜੇ ਸੁਚੱਜੇ ਢੰਗ ਨਾਲ਼ ਫਿਲਮਾਈ ਗਈ ਹੈ। ਮਿਊਜਿਕ ਅਤੇ ਅਵਾਜ ਡਾ. ਹਰਗੁਣ ਨੇ ਦਿਤੀ ਹੈ। ਇਸ ਫਿਲਮ ਦੀ ਸ਼ੂਟਿੰਗ ਵਿਰਧ ਆਸ਼ਰਮ ਵਿਰਕ ਅਤੇ ਆਸ ਪਾਸ ਦੇ ਇਲਾਕੇ ਵਿੱਚ ਸ਼ੂਟ ਕੀਤੀ ਗਈ। ਇਸ ਬਾਬਾ ਦਿਆਲ ਸਿੰਘ ਨੇ ਵਿਸ਼ੇਸ਼ ਸਹਿਯੋਗ ਕੀਤਾ। ਇਸ ਫਿਲਮ ਦੇ ਮੁੱਖ ਕਲਾਕਾਰ ਬੀਬਾ ਕੁਲਵੰਤ, ਇੰਦਰਜੀਤ ਰੂਪੋਵਾ਼ਲੀਆ, ਅਮਰਜੀਤ ਮੋਹੀ, ਇੰਦਰਜੀਰ ਜੀਤ, ਦਲਜੀਤ ਸਿੰਘ, ਬਲਵਿੰਦਰ ਪ੍ਰੀਤ, ਨਿਰਮਲ ਗੁੜਾ, ਪ੍ਰਿੰਸੀਪਲ ਹਰੀ ਦੱਤ ਸ਼ਰਮਾ, ਟੋਨੀ ਦੁਸਾਂਝ, ਗੁਰਮੀਤ ਚੀਮਾ (ਖੰਨਾ), ਵੰਸ਼ਿਕਾ (ਛੋਟੀ ਬੱਚੀ) ਗੁਰਦੇਵ ਭਰੋਲ਼ੀ, ਸੁਨੀਤਾ, ਜੋਤੀ, ਪਲਵਿੰਦਰ ਪਿੰਦਾ, ਦੀਪ ਦੁਸਾਂਝ, ਅਲਿਕਾ, ਜਿੰਦਰ ਛੋਕਰਾਂ, ਨੇ ਆਪਣਾ ਰੋਲ ਅਦਾ ਕੀਤਾ।

# 'ਕੁਲਦੀਪ ਚੁੰਬਰ' ਦੀ ਡੀ ਵੀ ਡੀ 'ਸਿੱਧੀਆਂ ਫਲਾਇਟਾਂ' ਐਲਬਮ ਦੀ ਹੋਈ ਘੁੰਢ ਚੁਕਾਈ

**ਜਲੰਧਰ–** ਸ਼੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ 640ਵੇਂ ਪ੍ਰਕਾਸ਼ ਦਿਹਾੜੇ ਨੂੰ ਸਮਰਪਿਤ ਕਰਦਿਆਂ ਮਿਸ਼ਨਰੀ ਗਾਇਕ ਕੁਲਦੀਪ ਚੁੰਬਰ ਦੀ ਗਾਈ ਹੋਈ ਡੀ ਵੀ ਡੀ 'ਸਿੱਧੀਆਂ ਫਲਾਇਟਾਂ' ਐਲਬਮ ਦੀ ਘੁੰਢ ਚੁਕਾਈ ਅੱਜ ਇਕ ਸਮਾਗਮ ਦੌਰਾਨ ਕਠਾਰ ਵਿਖੇ ਇੰਗਲੈਂਡ ਦੇ ਮੇਅਰ ਅਤੇ ਗੁਰੂ ਰਵਿਦਾਸ ਮਿਸ਼ਨ ਦੇ ਪਹਿਰੇਦਾਰ ਸ਼੍ਰੀ ਤੇਜ ਰਾਮ ਬਾਘਾ, ਰਾਮ ਕਿਸ਼ਨ ਮਹਿਮੀ ਅਤੇ ਪਵਨ ਕੈਲੇ ਯੂ ਕੇ, ਗੁਰਨਾਮ ਲਾਲ ਪਾਲ ਯੂ ਕੇ, ਲਾਲੀ ਮਡਾਹਰ ਵਲੋਂ ਸੰਤ ਸਮਾਜ ਦੀ ਹਾਜ਼ਰੀ ਵਿਚ ਕੀਤੀ ਗਈ। ਇਸ ਮੌਕੇ ਸ਼੍ਰੀ ਤੇਜ ਰਾਮ ਬਾਘਾ ਨੇ ਕਿਹਾ ਕਿ ਸਤਿਗੁਰੂ ਰਵਿਦਾਸ ਮਹਾਰਾਜ ਜੀ ਦੇ ਮਿਸ਼ਨ ਨੂੰ ਜਨ ਜਨ ਤੱਕ ਪਹੁੰਚਣ ਲਈ ਸਾਨੂੰ ਅਜਿਹੇ ਧਾਰਮਿਕ ਉਪਰਾਲੇ ਕਰਦੇ ਰਹਿਣਾ ਚਾਹੀਦਾ ਹੈ। ਜਿਸ ਨਾਲ ਸਾਡੇ ਪੁਰਖਿਆਂ ਦਾ ਇਤਿਹਾਸ ਸਾਨੂੰ ਉਹਨਾਂ ਦੀ ਮਹਿਮਾ ਜ਼ਰੀਏ ਸੁਣਨ ਨੂੰ ਮਿਲਦਾ ਹੈ। ਜੋ ਸਾਡੀਆਂ ਆਉਣ ਵਾਲੀਆਂ ਪੀੜੀਆਂ ਨੂੰ ਸਤਿਗੁਰਾਂ ਦੇ ਪ੍ਰੇਮ, ਸਦਭਾਵਨਾ, ਬੇਗਮਪੁਰਾ ਮਿਸ਼ਨ, ਸਾਂਝੀਵਾਲਤਾ ਅਤੇ ਭਾਈਚਾਰੇ ਦਾ ਸੰਦੇਸ਼ ਦਿੰਦਾ ਹੈ। ਇਸ ਮੌਕੇ ਸੰਤ ਸੁਰਿੰਦਰ ਦਾਸ ਕਠਾਰ, ਸੰਤ ਜਸਵਿੰਦਰ ਸਿੰਘ ਡਾਂਡੀਆਂ, ਪ੍ਰਵਾਸੀ ਭਾਰਤੀ ਆਰ ਕੇ ਮਹਿਮੀ ਯੂ ਕੇ, ਸੰਤ ਪ੍ਰਦੀਪ ਦਾਸ, ਸੰਤ ਓਮ ਦਾਸ ਨੂਰਪੁਰ, ਸੰਤ ਸਤਨਾਮ ਸਿੰਘ ਗੱਜਰ ਮਹਿਦੂਦ, ਸੰਤ ਸਤਨਾਮ ਸਿੰਘ ਖੰਨੀ, ਸੰਤ ਬਲਵੰਤ ਸਿੰਘ ਡੀਂਗਰੀਆਂ, ਸੰਤ ਸ਼ੀਤਲ ਦਾਸ ਕਾਲੇਵਾਲ ਭਗਤਾਂ, ਸ਼੍ਰੀ ਰਾਮ ਰਸ਼ਪਾਲ, ਤਹਿਲੀਦਾਰ ਮਨੋਹਰ ਲਾਲ, ਸਰਪੰਚ ਗੁਰਬਚਨ ਸਿੰਘ, ਡਾ. ਜਗਦੀਸ਼ ਚੰਦਰ, ਡਾ. ਮਿਨਾਕਸ਼ੀ, ਡਾ. ਨੰਦਾ, ਕੈਪਟਨ ਚਮਨ ਲਾਲ, ਗੁਰਨਾਮ ਸਿੰਘ ਗਾਜ਼ੀਪੁਰ, ਅਮਰਜੀਤ ਕੌਰ, ਸ਼ਤੀਸ਼ ਕੁਮਾਰ ਸ਼ਾਮਚੁਰਾਸੀ ਸਮੇਤ ਕਈ ਹੋਰ ਹਾਜ਼ਰ ਸਨ। ਗਾਇਕ ਕੁਲਦੀਪ ਚੁੰਬਰ ਨੇ ਦੱਸਿਆ ਕਿ ਇਸ ਡੀ ਵੀ ਡੀ ਵਿਚ ਰਮਨਪ੍ਰੀਤ ਹੀਰ ਦੀ ਇਕ ਗਾਈ ਹੋਈ ਰਚਨਾ 'ਗੁਰਪੁਰਬ ਗੁਰਾਂ ਦਾ' ਵੀ ਸ਼ਾਮਿਲ ਕੀਤੀ ਗਈ ਹੈ। ਜਿਸ ਨੂੰ ਸੰਗਤਾਂ ਦਾ ਪਿਆਰ ਮਿਲ ਰਿਹਾ ਹੈ।



# ਬੈਨੱਟ ਦੁਸਾਂਝ ਕਰ ਰਿਹਾ ਇਲਾਕੇ ਭਰ ਦਾ ਨਾਮ ਦੁਨੀਆਂ 'ਚ ਰੌਸ਼ਨ

**ਗੁਰਾਇਆ (ਨਿਰਮਲ ਗੁੜਾ)–** ਜਿਲਾ ਜਲੰਧਰ ਦੇ ਇਤਿਹਾਸਕ ਪਿੰਡ ਦੁਸਾਂਝ ਕਲਾਂ ਦੇ ਵਾਸੀਆਂ ਨੇ ਜਿਥੇ ਖੇਡਾਂ, ਪੜ੍ਹਾਈ, ਰਾਜਨੀਤੀ ਵਿੱਚ ਦੁਨੀਆਂ ਭਰ ਵਿੱਚ ਦੁਸਾਂਝ ਕਲਾਂ ਅਤੇ ਇਲਾਕੇ ਦਾ ਨਾਮ ਰੌਸ਼ਨ ਕੀਤਾ ਹੈ ਉਥੇ ਹੀ ਇਥੋਂ ਦੇ ਸ਼੍ਰੀ ਉਜਲ ਦੁਸਾਂਝ ਨੇ ਬ੍ਰਿਟਿਸ਼ ਕੁਲੰਬੀਆ ਦੀ ਧਰਤੀ ਤੇ ਰਾਜ ਕਰਕੇ ਪੰਜਾਬ ਅਤੇ ਭਾਰਤ ਦਾ ਨਾਮ ਸੰਸਾਰ ਭਰ ਵਿੱਚ ਚਮਕਾਇਆ ਹੈ। ਦਲਜੀਤ ਦੁਸਾਂਝ ਨੂੰ ਕੌਣ ਨਹੀਂ ਜਾਣਦਾ ਜਿਸ ਨੇ ਗਾਇਕੀ ਤੋਂ ਸਫਰ ਸ਼ੁਰੂ ਕਰਕੇ ਅਦਾਕਾਰੀ ਵਿੱਚ ਵੀ ਵਾਲੀਵੁਡ ਤੱਕ ਦੁਸਾਂਝ ਕਲਾਂ ਅਤੇ ਇਲਾਕੇ ਨਾਮ ਰੌਸ਼ਨ ਕੀਤਾ। ਇਥੋਂ ਦੇ ਹੀ ਬੈਨੱਟ ਦੁਸਾਂਝ ਜੋਂ ਹੁੱਣ ਆਪਣੀ ਗਾਇਕੀ ਰਾਹੀਂ ਵੱਖ ਵੱਖ ਟੀ ਵੀ ਚੈਨਲਾਂ ਦੇ ਜਰੀਏ ਦੁਨੀਆਂ ਭਰ ਦੇ ਲੋਕਾਂ ਦੇ ਮਨਾਂ ਅੰਦਰ ਪਿਆਰ ਵਧਾ ਕੇ ਜਿਥੇ ਆਪਣਾ ਨਾਮ, ਮਾਪਿਆਂ ਦਾ ਨਾਮ ਅਤੇ ਇਲਾਕੇ ਭਰ ਦਾ ਨਾਮ ਰੌਸ਼ਨ ਕਰ ਰਿਹਾ ਹੈ ਉਥੇ ਹੀ ਪੰਜਾਬ ਨੂੰ ਵੀ ਬੈਨੱਟ ਦੁਸਾਂਝ ਤੇ ਮਾਣ ਹੈ ਅਤੇ ਢੇਰ ਸਾਰੀਆਂ ਉਮੀਦਾਂ ਵੀ ਹਨ। ਜਦੋਂ ਪੱਤਰਕਾਰਾਂ ਦੀ ਟੀਮ ਨੇ ਦੁਸਾਂਝ ਕਲਾਂ ਵਿਖੇ ਬੈਨੱਟ ਦੁਸਾਂਝ ਦੇ ਘਰ ਦਾ ਦੌਰਾ ਕੀਤਾ ਤਾਂ ਉਸ ਦਾ ਸਾਰਾ ਪਰਿਵਾਰ ਅਤੇ ਆਂਢੀ ਗੁਆਂਢੀ ਇਕੱਠੇ ਹੋ ਕੇ ਬੈਨੱਟ ਦੁਸਾਂਝ ਦਾ ਇੱਕ ਚੈਨਲ ਉਤੇ ਸਿੱਧਾ ਪ੍ਰਸਾਰਣ ਦੇਖ ਰਹੇ ਸਨ। ਬੈਨੱਟ ਦੇ ਪਿਤਾ ਮੁਖਤਿਆਰ ਭੁੱਟਾ, ਮਾਤਾ ਬਿਮਲਾ ਦੇਵੀ, ਭੈਣ ਨਵਜੋਤ ਪਰਿਵਾਰਕ ਮੈਂਬਰ ਮਾਇਕਲ, ਅਰਸ਼ਦੀਪ ਨੇ ਬੈਨੱਟ ਵਲੋਂ ਪ੍ਰਾਪਤ ਕੀਤੇ ਇਨਾਮ ਵਜੋਂ ਟ੍ਰਾਫੀਆਂ, ਮੈਡਲ ਅਤੇ ਹੋਰ ਸਨਮਾਨ ਚਿੰਨ ਦਿਖਾਉਂਦਿਆੱਸਿਆ ਕਿ ਬਿਨੱਟ ਨੂੰ ਬਚਪਨ ਤੋਂ ਹੀ ਗਾਉਣ ਦਾ ਬਹੁਤ ਸ਼ੌਂਕ ਸੀ।

ਹੁਣ ਤੱਕ ਬੈਨੱਟ ਅਨੇਕਾਂ ਟੀ ਵੀ ਚੈਨਲ, ਰੇਡੀਓ ਅਤੇ ਸਟੇਜਾਂ ਤੋਂ ਸਨਮਾਨ ਪ੍ਰਾਪਤ ਕਰ ਚੁੱਕਾ ਹੈ। ਪਰਿਵਾਰਕ ਮੈਬਰਾਂ ਨੇ ਬਿਨੱਟ ਨੂੰ ਵੋਟ ਸਪੋਟ ਕਰਨ ਵਾਲਿਆਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਉਹਨਾਂ ਨੂੰ ਉਦੋਂ ਬਹੁਤ ਖੁਸ਼ੀ ਹੁੰਦੀ ਹੈ ਜਦੋਂ ਬੈਨੱਟ ਦਾ ਟੀ. ਵੀ. ਤੇ ਪ੍ਰੋਗਰਾਮ ਦੇਖ ਕੇ ਲੋਕ ਵਧਾਈਆਂ ਦੇਣ ਆਉਂਦੇ ਹਨ। ਇਸ ਮੌਕੇ ਪਰਿਵਾਰ ਦੀ ਖੁਸ਼ੀ ਦਾ ਕੋਈ ਠਿਕਾਣਾ ਨਹੀਂ ਸੀ।



# ਮਾਂ ਬੋਲੀ ਦਿਵਸ ਮੌਕੇ ਲੇਖਕ ਦੇਣਗੇ ਸਮੂਹਿਕ ਗ੍ਰਿਫ਼ਤਾਰੀਆਂ

**ਹੁਸ਼ਿਆਰਪੁਰ–** ਪੰਜਾਬੀ ਸਾਹਿਤ ਸਭਾ ਹੁਸ਼ਿਆਰਪੁਰ (ਰਜਿ.) ਦੀ ਇੱਕ ਜਰੂਰੀ ਮੀਟਿੰਗ ਸਰਪ੍ਰਸਤ ਕੁਲਤਾਰ ਸਿੰਘ 'ਕੁਲਤਾਰ' ਦੀ ਪ੍ਰਧਾਨਗੀ ਹੇਠ ਹੋਈ। ਮੀਟਿੰਗ ਵਿਚ ਕੇਂਦਰੀ ਪੰਜਾਬੀ ਲੇਖਕ ਸਭਾ ਦੀ ਕਾਰਜਕਾਰਨੀ ਦੇ ਮੈਂਬਰ ਡਾ. ਕਰਮਜੀਤ ਸਿੰਘ ਅਤੇ ਡਾ. ਜਸਵੰਤ ਰਾਏ ਨੇ ਸਾਂਝੇ ਤੌਰ ਤੇ ਦੱਸਿਆ ਕਿ ਪੰਜਾਬ ਸਰਕਾਰ ਅਤੇ ਚੰਡੀਗੜ੍ਹ ਪ੍ਰਸ਼ਾਸਨ ਵਲੋਂ ਪੰਜਾਬੀ ਭਾਸ਼ਾ ਨਾਲ ਲਗਾਤਾਰ ਮਤਰੇਈ ਮਾਂ ਵਾਲਾ ਵਰਤਾਅ ਕਰਨ ਕਰਕੇ ਕੇਂਦਰੀ ਪੰਜਾਬੀ ਲੇਖਕ ਸਭਾ ਅਤੇ ਚੰਡੀਗੜ੍ਹ ਪੰਜਾਬੀ ਮੰਚ ਦੀ ਸਰਪ੍ਰਸਤੀ ਹੇਠ ਪੰਜਾਬੀ ਲੇਖਕਾਂ ਤੇ ਹਿਤੈਸ਼ੀਆਂ ਵਲੋਂ 21 ਫਰਵਰੀ ਨੂੰ ਮਾਤ ਭਾਸ਼ਾ ਦਿਵਸ ਤੇ ਰਾਜ ਭਵਨ ਵੱਲ ਮਾਰਚ ਅਤੇ ਗ੍ਰਿਫਤਾਰੀਆਂ ਦੇਣ ਦਾ ਫੈਸਲਾ ਕੀਤਾ ਗਿਆ। ਫੈਸਲੇ ਦੀ ਹਮਾਇਤ ਕਰਦਿਆਂ ਸਭਾ ਦੇ ਮੈਂਬਰਾਂ ਨੇ ਪੰਜਾਬੀ ਭਾਸ਼ਾ ਦੀ ਵਰਤਮਾਨ ਦਸ਼ਾ ਅਤੇ ਦਿਸ਼ਾ ਤੇ ਚਿੰਤਾ ਜ਼ਾਹਰ ਕਰਦਿਆਂ ਇਸ ਲਈ ਮੌਕੇ ਦੀਆਂ ਸਰਕਾਰਾਂ ਨੂੰ ਜਿੰਮੇਵਾਰ ਠਹਿਰਾਇਆ।ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਲੋਕਾਂ ਵਿਚ ਰਾਜ ਭਾਸ਼ਾ ਐਕਟ ਪਾਸ ਕਰਨ ਦਾ ਡਰਾਮਾ ਰਚ ਕੇ ਪੰਜਾਬੀ ਮਾਂ ਬੋਲੀ ਨਾਲ ਧ੍ਰੋਹ ਕਮਾ ਰਹੀ ਹੈ। ਅਸਲ ਵਿਚ ਇਸਨੇ ਪੰਜਾਬੀ ਭਾਸ਼ਾ ਦੇ ਵਿਕਾਸ ਅਤੇ ਪਾਸਾਰ ਵਿਚ ਕੋਈ ਭੂਮਿਕਾ ਨਹੀਂ ਨਿਭਾਈ। ਇਹ ਹੀ ਕਾਰਨ ਹੈ ਕਿ ਮਾਤ ਭਾਸ਼ਾ ਨੂੰ ਆਪਣੀ ਹੀ ਭੋਇੰ ਵਿਚ ਸਾਹ ਲੈਣਾ ਔਖਾ ਹੋ ਰਿਹਾ ਹੈ। ਹਾਜ਼ਰ ਮੈਂਬਰਾਂ ਨੇ ਕੇਂਦਰੀ ਸਭਾ ਦੇ ਇਸ ਐਕਸ਼ਨ ਦੀ ਹਮਾਇਤ ਕਰਦਿਆਂ ਵੱਧ ਤੋਂ ਵੱਧ ਗਿਣਤੀ ਵਿਚ ਇਸ ਰੋਸ ਮਾਰਚ 'ਚ ਸ਼ਾਮਿਲ ਹੋਣ ਦੀ ਹਾਮੀ ਭਰੀ। ਡਾ. ਮਨਮੋਹਨ ਸਿੰਘ ਤੀਰ, ਮਦਨਵੀਰਾ, ਸਤੀਸ਼ ਕੁਮਾਰ, ਪ੍ਰਿੰਸੀ. ਗੁਰਦਿਆਲ ਸਿੰਘ ਫੁੱਲ, ਪ੍ਰਿੰਸੀ. ਦਾਸ ਰਾਮ ਭਾਰਤੀ, ਸੁਰਿੰਦਰ ਸਿੰਘ ਕੰਗਵੀ, ਡਾ. ਸਰਦੂਲ ਸਿੰਘ, ਡਾ. ਸੁਖਦੇਵ ਸਿੰਘ ਢਿੱਲੋਂ, ਲਖਵਿੰਦਰ ਰਾਮ, ਪ੍ਰਿੰਸੀ. ਸਤਵੰਤ ਕਲੋਟੀ, ਕਹਾਣੀਕਾਰਾ ਕੇ. ਤ੍ਰਿਪਤਾ ਸਿੰਘ, ਡਾ. ਰਵਿੰਦਰ ਕੌਰ, ਨੀਤੂ ਰਾਣੀ, ਪ੍ਰੀਤ ਨੀਤ ਪੁਰ, ਅਵਤਾਰ ਲੰਗੇਰੀ, ਸੁਰਿੰਦਰ ਸੱਲ੍ਹਣ, ਯੋਧਾ ਮੱਲ ਨੇ ਭਾਸ਼ਾ ਦਿਵਸ ਤੇ ਰੋਸ ਮਾਰਚ ਅਤੇ ਸਮੂਹਿਕ ਗ੍ਰਿਫਤਾਰੀਆਂ ਦੇਣ ਦੇ ਫੈਸਲੇ ਦਾ ਸਮਰਥਨ ਕੀਤਾ।

**ਰਿਪੋਰਟ: ਡਾ. ਜਸਵੰਤ ਰਾਏ**
**(ਜਨਰਲ ਸਕੱਤਰ ਪੰਜਾਬੀ ਸਭਾ ਹੁਸ਼ਿਆਰਪੁਰ)**
**ਮੋਬਾਇਲ : 91-98158-25999**

# ਬਹੁਜਨ ਸਮਾਜ ਪਾਰਟੀ ਯੂਨਿਟ ਆਸਟ੍ਰੇਲੀਆ ਦੀ ਵਿਸ਼ੇਸ਼ ਮੀਟਿੰਗ ਹੋਈ

## ਹਰਜਿੰਦਰ ਮਹਿਮੀ ਨੂੰ ਪ੍ਰਧਾਨ ਨਿਯੁਕਤ

**ਫਗਵਾੜਾ (ਰੱਤੂ)–** ਬਹੁਜਨ ਸਮਾਜ ਪਾਰਟੀ ਯੂਨਿਟ ਆਸਟ੍ਰੇਲੀਆ ਦੀ ਵਿਸ਼ੇਸ਼ ਮੀਟਿੰਗ ਹੋਈ। ਮੀਟਿੰਗ ਦੌਰਾਨ ਬਹੁਜਨ ਸਮਾਜ ਪਾਰਟੀ ਨੂੰ ਭਾਰਤ ਦੀ ਸਿਰਮੌਰ ਸਿਆਸੀ ਜੱਥੇਬੰਦੀ ਬਨਾਉਣ ਅਤੇ ਭੈਣ ਕੁਮਾਰੀ ਮਾਇਆਵਤੀ ਸਾਬਕਾ ਮੁੱਖ ਮੰਤਰੀ ਉੱਤਰ ਪ੍ਰਦੇਸ਼ ਨੂੰ ਭਾਰਤ ਦੇ ਪ੍ਰਧਾਨ ਮੰਤਰੀ ਅਹੁਦੇ ਤੇ ਵਿਰਾਜਮਾਨ ਕਰਾਉਣ ਹਿਤ ਬਣਾਈ ਜਾਣ ਵਾਲੀ ਨੀਤੀ ਬਾਰੇ ਵਿਚਾਰ ਚਰਚਾ ਹੋਈ। ਸਮੂਹ ਮੈਂਬਰਾਂ ਨੇ ਫੈਸਲਾ



ਕੀਤਾ ਕਿ ਉਹ ਇਸ ਕਾਰਜ ਨੂੰ ਨੇਪਰੇ ਚਾੜ੍ਹਨ ਲਈ ਤਨ-ਮਨ-ਧਨ ਨਾਲ ਹਰ ਸੰਭਵ ਮਦਦ ਕਰਨਗੇ। ਮੀਟਿੰਗ ਦੌਰਾਨ ਆਸਟ੍ਰੇਲੀਆ ਯੂਨਿਟ ਦੀ ਚੋਣ ਕਰਦੇ ਹੋਏ ਹਰਜਿੰਦਰ ਮਹਿਮੀ ਨੂੰ ਪ੍ਰਧਾਨ ਨਿਯੁਕਤ ਕੀਤਾ ਗਿਆ। ਇਸ ਤੋਂ ਇਲਾਵਾ ਅਜੇ ਕਟਾਰੀਆ ਨੂੰ ਉਪ ਪ੍ਰਧਾਨ, ਨੀਰਜ ਬੰਗੜ ਨੂੰ ਸਕੱਤਰ, ਲਖਬੀਰ ਮਹੇ ਨੂੰ ਸਹਾਇਕ ਸਕੱਤਰ, ਰਵੀ ਚੋਪੜਾ ਨੂੰ ਖਜਾਨਚੀ, ਗੌਰਵ ਭੱਟੀ ਨੂੰ ਸਹਾਇਕ ਖਜਾਨਚੀ, ਜਸਪਾਲ ਰੱਤੂ ਮੀਡੀਆ ਇੰਚਾਰਜ ਤੋਂ ਇਲਾਵਾ ਅੰਕੁਸ਼ ਕਟਾਰੀਆ ਬ੍ਰਿਸਬੇਨ, ਤੀਰਥ ਪਾਸਲਾ ਕੇਨਬਰਾ, ਬਲਜਿੰਦਰ ਰਤਨ ਨੂੰ ਸਿਡਨੀ ਦਾ ਕੋਆਰਡੀਨੇਟਰ ਲਗਾਇਆ ਗਿਆ। ਨਵ ਨਿਯੁਕਤ ਪ੍ਰਧਾਨ ਹਰਜਿੰਦਰ ਮਹਿਮੀ ਅਤੇ ਹੋਰਨਾਂ ਨੇ ਆਪਣੀ ਨਿਯਕੁਤੀ ਲਈ ਸਮੂਹ ਮੈਂਬਰਾਂ ਦਾ ਧੰਨਵਾਦ ਕੀਤਾ। ਸਮੂਹ ਬਸਪਾ ਸਮਰਥਕਾਂ ਨੇ ਹਰਜਿੰਦਰ ਮਹਿਮੀ ਨੂੰ ਸਾਹਿਬ ਸ੍ਰੀ ਕਾਂਸ਼ੀ ਰਾਮ ਜੀ ਦੀ ਤਸਵੀਰ ਭੇਂਟ ਕਰਕੇ ਸਨਮਾਨਤ ਵੀ ਕੀਤਾ। ਮੀਟਿੰਗ ਵਿਚ ਹਰਮੇਸ਼ ਲੱਧੜ, ਗੁਰਦਿਆਲ ਸਿੰਘ ਵਿੱਕੀ, ਅਵਤਾਰ ਲੱਧੜ, ਵਿਨੇ ਸੋਂਧੀ, ਰਾਕੇਸ਼ ਮਹਿਮੀ, ਰਾਜ ਕੈਲੇ, ਜਸਵੀਰ ਸਿੰਘ ਗਿਲ, ਬਲਵੀਰ ਮਹੇ, ਤਾਰਾ ਰੱਤੂ, ਗੁਰਦੀਪ ਮਹੇ, ਸ੍ਰੀਮਤੀ ਨਵਜੋਤ ਰੱਤੂ, ਸ੍ਰੀਮਤੀ ਹਰਦੀਪ ਚੋਪੜਾ, ਰਾਬੀਆ ਮਹਿਮੀ ਆਦਿ ਵੀ ਹਾਜਰ ਸਨ।

'ਦੇਸ਼ ਦੁਆਬਾ'
'ਅੰਬੇਦਕਰ ਟਾਈਮਜ਼'
ਆਨਲਾਈਨ ਪੜ੍ਹਨ ਲਈ ਕਲਿੱਕ ਕਰੋ:
www.deshdoaba.com,
www.ambedkartimes.com

# ਗੁਰਦੁਆਰਾ ਬੇਗਮਪੁਰਾ ਸਾਹਿਬ ਵਿਖੇ ਸਜਾਇਆ ਗਿਆ ਵਿਸ਼ਾਲ ਸਲਾਨਾ ਨਗਰ ਕੀਰਤਨ

**ਆਕਲੈਂਡ- (ਹਰਜਿੰਦਰ ਸਿੰਘ ਬਸਿਆਲਾ)-** ਸ੍ਰੀ ਗੁਰੂ ਰਵਿਦਾਸ ਜੀ ਦਾ 640ਵਾਂ ਜਨਮ ਦਿਹਾੜਾ ਇਥੇ ਆਕਲੈਂਡ ਅਤੇ ਹੇਸਟਿੰਗਜ਼ ਵਿਖੇ ਵੱਖ-ਵੱਖ ਗੁਰਦੁਆਰਾ ਸਾਹਿਬਾਨਾਂ ਅੰਦਰ ਮਨਾਇਆ ਜਾ ਰਿਹਾ ਹੈ। ਅੱਜ ਗੁਰਦੁਆਰਾ ਬੇਗਮਪੁਰਾ ਸਾਹਿਬ ਪਾਪਾਕੁਰਾ (ਆਕਲੈਂਡ) ਵਿਖੇ ਇਸੇ ਸਬੰਧ ਦੇ ਵਿਚ ਵਿਸ਼ੇਸ਼ ਨਗਰ ਕੀਰਤਨ ਸਜਾਏ ਗਏ। ਸਵੇਰੇ ਪਹਿਲਾਂ 11 ਵਜੇ ਨਿਸ਼ਾਨ ਸਾਹਿਬ ਦਾ ਚੋਲਾ ਬਦਲਿਆ ਗਿਆ ਉਪਰੰਤ ਨਗਰ ਕੀਰਤਨ ਦੀ ਸ਼ੁਰੂਆਤ ਕੀਤੀ ਗਈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਰੂਪ ਨੂੰ ਸੁੰਦਰ ਸਜੇ ਟਰੱਕ ਦੇ ਵਿਚ ਸੁਭਾਇਮਾਨ ਕੀਤਾ ਗਿਆ। ਦੂਜੇ



ਟਰੱਕ ਦੇ ਵਿਚ ਬੀਬੀਆਂ ਅਤੇ ਬੱਚੇ ਬੈਠੇ ਸਨ। ਨਗਰ ਕੀਰਤਨ ਦੀ ਅਗਵਾਈ ਪੰਜ ਪਿਆਰੇ ਪੰਜ ਨਿਸ਼ਾਨਚੀ ਕਰ ਰਹੇ ਸਨ। ਲਗਪਗ 200 ਤੋਂ 300 ਦੇ ਕਰੀਬ ਜੁੜੀ ਸੰਗਤ ਨੇ ਲਗਪਗ 2 ਕਿਲੋਮੀਟਰ ਦਾ ਸਫਰ ਤੈਅ ਕੀਤਾ ਅਤੇ ਵਾਪਿਸ ਗੁਰਦੁਆਰਾ ਸਾਹਿਬ 3 ਵਜੇ ਪਹੁੰਚੇ। ਗਤਕਾ ਪਾਰਟੀਆਂ ਨੇ ਵੀ ਆਪਣਏ ਗਤਕੇ ਦੇ ਜੌਹਰ ਵਿਖਾਏ। ਰਾਗੀ ਜੱਥਾ ਭਾਈ ਸੁਖਵੀਰ ਸਿੰਘ ਨੇ ਸ਼ਬਦ ਕੀਰਤਨ ਨਾਲ ਹਾਜ਼ਰੀ ਲਗਵਾਈ ਅਤੇ ਸੰਤ ਜਸਪਾਲ ਸਿੰਘ ਓਢਰਾ ਵਾਲੇ ਵੀ ਪੰਜਾਬ ਤੋਂ ਵਿਸ਼ੇਸ਼ ਤੌਰ 'ਤੇ ਪਹੁੰਚੇ ਸਨ। ਪੰਜਾਬ ਫੂਡ ਐਂਡ ਸਪਾਈਸ ਵੱਲੋਂ ਠੰਡੇ ਪਾਣੀ ਦੀ ਛਬੀਲ ਅਤੇ ਮਠਿਆਈਆਂ ਦਾ ਲੰਗਰ ਲਗਾਇਆ ਗਿਆ।



ਟੀਮ ਇੰਡੀਆ (ਭਾਰਤੀ ਔਰਤਾਂ ਦੀ ਹਾਕੀ ਟੀਮ) ਦੀ ਕਪਤਾਨ ਵੰਦਨਾ ਕਟਾਰੀਆ

ਇਹ ਉਹ ਲੜਕੀ ਹੈ ਪਿਛਲੇ ਮਹੀਨੇ ਏਸ਼ੀਆ ਖੇਡ ਕੇ ਆਈ ਹੈ ਅਤੇ ਭਾਰਤ ਨੂੰ ਜਿੱਤ ਦਿਵਾਈ ਹੈ। ਵੰਦਨਾ ਕਟਾਰੀਆ ਰੋਸ਼ਨਾਬਾਦ (ਹਰਿਦੁਆਰ) ਦੀ ਰਹਿਣ ਵਾਲੀ ਹੈ।

# ਸ੍ਰੀ ਗੁਰੂ ਰਵਿਦਾਸ ਟੈਂਪਲ ਹੇਸਟਿੰਗਜ਼ ਵਿਖੇ ਸੰਗਤਾਂ ਨੇ ਮਨਾਇਆ 640ਵਾਂ ਪ੍ਰਕਾਸ਼ ਦਿਵਸ

**ਆਕਲੈਂਡ- (ਹਰਜਿੰਦਰ ਸਿੰਘ ਬਸਿਆਲਾ)-**ਆਕਲੈਂਡ ਤੋਂ ਲਗਪਗ 450 ਕਿਲੋਮੀਟਰ ਦੂਰ ਵਸੇ ਸ਼ਹਿਰ ਹੇਸਟਿੰਗਜ਼ ਵਿਖੇ ਫਰਵਰੀ 2008 ਤੋਂ ਸਥਾਪਿਤ ਸ੍ਰੀ ਗੁਰੂ ਰਵਿਦਾਸ ਟੈਂਪਲ ਹੇਸਟਿੰਗਜ਼ ਵਿਖੇ ਸ੍ਰੀ ਗੁਰੂ ਰਵਿਦਾਸ ਜੀ ਦਾ 640ਵਾਂ ਪ੍ਰਕਾਸ਼ ਦਿਵਸ ਬੜੀ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਇਆ ਗਿਆ। ਪਹਿਲਾ ਸਮਾਗਮ 10 ਫਰਵਰੀ ਨੂੰ ਸ਼ਾਮ ਦੇ ਦੀਵਾਨ ਸਜਾ ਕੇ ਕੀਤਾ ਗਿਆ ਸੀ ਅਤੇ ਦੂਜਾ ਵੱਡਾ ਸਮਾਗਮ 17 ਤੋਂ 19 ਫਰਵਰੀ ਨੂੰ ਚੱਲਿਆ। ਇਸ ਮੌਕੇ ਰੱਖੇ ਗਏ ਸ੍ਰੀ ਅਖੰਠ ਪਾਠ ਸਾਹਿਬ ਦੇ ਭੋਗ ਪਾਏ ਗਏ। ਸਵੇਰੇ 9 ਵਜੇ ਨਿਸ਼ਾਨ ਸਾਹਿਬ ਦੇ ਚੋਲੇ ਦੀ ਸੇਵਾ ਸ੍ਰੀ ਮੋਹਨ ਲਾਲ ਦੇ ਪਰਿਵਾਰ ਵੱਲੋਂ ਕਰਵਾਈ ਗਈ। ਸਜੇ ਕੀਰਤਨ ਦੀਵਾਨ ਦੇ ਵਿਚ ਭਾਈ ਗੁਰਪਾਲ ਸਿੰਘ ਕਲਸੀ, ਗੁਰਨਾਮ ਸਿੰਘ ਗਾਮਾ ਅਤੇ ਰਾਮਜੀਤ ਸਿੰਘ ਬਿੱਲਾ ਵੱਲੋਂ ਰਸਭਿੰਨਾ ਕਥਾ-ਕੀਰਤਨ ਕੀਤਾ ਗਿਆ। ਸਥਾਨਕ ਨੌਜਵਾਨਾਂ ਕਾਕਾ ਹਰਸ਼ ਹਨੀ, ਗੋਗੀ ਸੰਧੂ ਅਤੇ ਅਮਨਜੋਤ ਤੋਂ ਇਲਾਵਾ ਕਾਫੀ ਲੰਬੇ ਸਮੇਂ ਤੋਂ ਕੀਰਤਨ ਦੀ ਸਿਖਿਆ ਲੈ ਰਿਹਾ ਨੌਜਵਾਨ ਮੁੰਡਾ ਬਫੀ ਕਲੇਰ ਨੇ ਵੀ ਇਕ ਸ਼ਬਦ ਦੇ ਨਾਲ ਹਾਜ਼ਰੀ ਲਗਵਾਈ। ਇਕ ਹੋਰ ਸ਼ਰਧਾਵਾਨ ਦੱਦਰਾ ਪਰਿਵਾਰ ਦੀਆਂ ਬੱਚੀਆਂ ਨੀਲਮ ਦੱਦਰਾ, ਲਵਪ੍ਰੀਤ ਦੱਦਰਾ ਤੇ ਮੰਦੀਪ ਦੱਦਰਾ ਨੇ ਵੀ ਸ਼ਬਦ ਕੀਰਤਨ ਨਾਲ ਹਾਜ਼ਰੀ ਲਗਵਾਈ।

ਭਾਈ ਬਲਦੇਵ ਸਿੰਘ ਜੋ ਕਿ ਸਿੱਖ ਟੈਂਪਲ ਹੇਸਟਿੰਗਜ਼



ਵਿਖੇ ਕਥਾ ਵਾਸਤੇ ਪੰਜਾਬ ਤੋਂ ਵਿਸ਼ੇਸ਼ ਤੌਰ 'ਤੇ ਪੁਹੰਚੇ ਹੋਏ ਹਨ ਨੇ ਵੀ ਕਥਾ ਨਾਲ ਸਾਂਝ ਪੁਆਈ।

ਸਥਾਨਕ ਕੌਂਸਿਲ ਤੋਂ ਮੇਅਰ ਸ੍ਰੀ ਲਾਰੇਂਸ ਜਿਊਲ ਵੀ ਉਚੇਚੇ ਤੌਰ 'ਤੇ ਪਹੁਚੇ। ਉਨ੍ਹਾਂ ਆਪਣੇ ਸੰਖੇਪ ਭਾਸ਼ਣ ਦੇ ਵਿਚ ਸਮੂਹ ਸੰਗਤ ਨੂੰ ਗੁਰਪੁਰਬ ਦੀ ਵਧਾਈ ਦਿੱਤੀ। ਪ੍ਰਬੰਧਕ ਕਮੇਟੀ ਵੱਲੋਂ ਉਨ੍ਹਾਂ ਨੂੰ ਸਿਰੋਪਾਓ ਦੇ ਕੇ ਸਨਮਾਨਿਤ ਕੀਤਾ ਗਿਆ। ਕੀਰਤਨ ਕਰਨ ਵਾਲੇ ਸਾਰੇ ਨੌਜਵਾਨ ਬੱਚਿਆਂ ਨੂੰ ਮੇਅਰ ਵੱਲੋਂ ਸਰਟੀਫਿਕੇਟ ਦਿਵਾ ਦੇ ਕੇ ਹੌਸਲਾ ਅਫਜਾਈ ਕੀਤੀ ਗਈ। ਭਾਈ ਬਲਜੀਤ ਸਿੰਘ, ਸ. ਬਚਨ ਸਿੰਘ ਅਤੇ ਸ. ਪ੍ਰਿਥੀਪਾਲ ਸਿੰਘ ਨੂੰ ਵੀ ਸਨਮਾਨਿਤ ਕੀਤਾ ਗਿਆ। ਆਕਲੈਂਡ ਤੋਂ ਆਏ ਸ੍ਰੀ ਕੁਲਵਿੰਦਰ ਸਿੰਘ ਝੱਮਟ ਨੇ ਵੀ ਸੰਗਤਾਂ ਨੂੰ ਸੰਬੋਧਨ ਕੀਤਾ ਅਤੇ ਉਨ੍ਹਾਂ ਨੂੰ ਵੀ ਸਨਮਾਨਿਤ ਕੀਤਾ ਗਿਆ। ਸ੍ਰੀ ਸੋਹਨ ਲਾਲ ਨੇ ਵੀ ਗੁਰ ਇਤਿਹਾਸ ਤੋਂ ਸੰਗਤਾਂ ਨੂੰ ਜਾਣੂ ਕਰਵਾਇਆ ਅਤੇ ਸੰਗਤ ਨੂੰ ਵਧਾਈ ਦਿੱਤੀ।

ਇਲਾਕੇ ਭਰ ਦੀ ਸੰਗਤ ਤੋਂ ਇਲਾਵਾ ਆਕਲੈਂਡ ਤੋਂ ਵੀ ਕਾਫੀ ਸੰਗਤਾਂ ਪਹੁੰਚੀਆਂ ਸਨ। ਇਸ ਵਾਰ ਦਾ ਸਮਾਗਮ ਪਿਛਲੇ ਸਾਰੇ ਸਮਾਗਮਾਂ ਤੋਂ ਭਰਵਾਂ ਰਿਹਾ ਅਤੇ ਸੰਗਤਾਂ ਵਿਚ ਖਾਸ ਉਤਸ਼ਾਹ ਵੇਖਿਆ ਗਿਆ।

ਸਟੇਜ ਸਕੱਤਰ ਸ੍ਰੀ ਮਨਜੀਤ ਸੰਧੂ ਵੱਲੋਂ ਜਿੱਥੇ ਵਧੀਆ ਸਟੇਜ ਸੰਚਾਲਨ ਕੀਤਾ ਗਿਆ ਉਥੇ ਉਨ੍ਹਾਂ ਵੱਲੋਂ ਪ੍ਰਬੰਧਕ ਕਮੇਟੀ ਵੱਲੋਂ ਆਈਆਂ ਸੰਗਤਾਂ ਅਤੇ ਸਾਰੇ ਪ੍ਰਚਾਰਕਾਂ ਦਾ ਵੀ ਧੰਨਵਾਦ ਕੀਤਾ ਗਿਆ। ਬਿੱਲੂ ਸਟੂਡੀਓ ਹੈਵਲੌਕ ਵੱਲੋਂ ਸਾਰੇ ਪ੍ਰੋਗਰਾਮ ਦੀ ਲਾਈਵ ਕਵਰੇਜ਼ ਅਤੇ ਤਸਵੀਰਾਂ ਰਾਹੀਂ ਸੇਵਾ ਕੀਤੀ ਗਈ।

## ਵਿਆਹ ਦੀ ਵਰ੍ਹੇਗੰਢ ਮੁਬਾਰਕ



ਅਨਿਲ ਸ਼ਰਮਾ ਅਤੇ ਪੱਲਵੀ ਸ਼ਰਮਾ ਨੇ ਆਪਣੇ ਵਿਆਹ ਦੀ ਪਹਿਲੀ ਵਰ੍ਹੇਗੰਢ ਮਨਾਈ।



ਆਰਕੀਟੈਕਟ ਹਰਮੰਦਰ ਸ਼ਰਮਾਂ ਅਤੇ ਮਨਮੀਤ ਰਾਣੀ ਵਾਸੀ ਬਰੇਟਾ ਨੇ ਆਪਣੇ ਵਿਆਹ ਦੀ 5ਵੀਂ ਵਰ੍ਹੇਗੰਢ ਮਨਾਈ।

# ਜੀ.ਆਰ.ਡੀ.ਕਾਲਜ ਫਾਰ ਵਿਮੈਨ ਵਿਖੇ ਮਨਾਇਆ ਸ੍ਰੀ ਗੁਰੂ ਰਵਿਦਾਸ ਮਹਾਰਾਜ ਦਾ 640ਵਾਂ ਪ੍ਰਕਾਸ਼ ਦਿਹਾੜਾ

**ਫਗਵਾੜਾ (ਰੱਤੂ)-** ਸ੍ਰੀ ਗੁਰੂ ਰਵਿਦਾਸ ਜੀ ਮਹਾਰਾਜ ਦਾ 640ਵਾਂ ਜਨਮ ਦਿਹਾੜਾ ਸ੍ਰੀ ਗੁਰੂ ਰਵਿਦਾਸ (ਜੀ.ਆਰ.ਡੀ) ਕਾਲਜ ਫਾਰ ਵਿਮੈਨ, ਹੁਸਿਆਰਪੁਰ ਰੋਡ ਫਗਵਾੜਾ ਵਿਖੇ ਮਨ-ਾਇਆ ਗਿਆ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜੂਰੀ ਵਿਚ ਸੁਖਮਨੀ ਸਾਹਿਬ ਜੀ ਦੇ ਪਾਠ ਉਪਰੰਤ ਸੰਗੀਤ ਵਿਭਾਗ ਦੀਆਂ ਸਿਖਿਆਰਥਣਾਂ ਨੇ ਸਬਦ ਉਚਾਰਨ ਕੀਤੇ। ਸ੍ਰੀ ਗੁਰੂ ਰਵਿਦਾਸ ਐਜੂਕੇਸਨਲ ਟਰੱਸਟ ਦੇ ਚੇਅਰਮੈਨ ਸ੍ਰੀ ਯੂ.ਸੀ. ਸਰੋਆ ਅਤੇ ਮੈਂਬਰ ਤਾਰਾ ਚੰਦ ਚੁੰਬਰ ਨੇ ਆਪਣੇ ਵਿਚਾਰਾਂ ਨਾਲ ਸ੍ਰੀ ਗੁਰੂ ਮਹਾਰਾਜ ਦੀ ਜੀਵਨੀ ਬਾਰੇ ਦਸਿਆ ਅਤੇ ਸਿਖਿਆਰਥੀਆਂ ਨੂੰ ਨਾਮ ਸਿਰਮਨ ਅਤੇ ਚੰਗੇ ਕਰਮ ਕਰਨ ਲਈ ਪ੍ਰੇਰਿਆ। ਉਨ੍ਹਾਂ ਕਿਹਾ ਕਿ ਸਾਨੂੰ ਰੋਜਾਨਾ ਪ੍ਰਭੂ ਦਾ ਸਿਮਰਨ ਕਰਨਾ ਚਾਹੀਦਾ ਹੈ ਜੇਕਰ ਅਸੀ ਉਨ੍ਹਾਂ ਦੀ ਰਹਿਨੁਮਾਈ ਹੇਠ ਰਹਾਂਗੇ ਤਾਂ ਜੀਵਨ ਵਿਚ ਕਦੇ ਵੀ ਅਸਫਲਤਾ ਨਹੀ ਮਿਲੇਗੀ। ਉਹਨਾਂ ਦਸਵੀਂ ਅਤੇ ਬਾਰਵ੍ਹੀਂ ਕਲਾਸ ਦੇ ਸਿਖਿਅਰਥੀਆਂ ਦੇ ਸ਼ੁਰੂ ਹੋਣ ਵਾਲੀਆਂ ਪ੍ਰੀਖਿਆਵਾਂ ਵਿਚ ਚੰਗੇ ਨੰਬਰ ਮਿਲਣ ਦੀਆਂ ਸ਼ੁੱਭ ਇੱਛਾਵਾਂ ਵੀ ਭੇਂਟ ਕੀਤੀਆਂ। ਪ੍ਰਿੰਸੀਪਲ ਡਾ. ਰਾਧਿਕਾ ਰਤਨ, ਪ੍ਰਿੰਸੀਪਲ ਆਈ.ਟੀ.ਆਈ ਕੈਲਾਸ਼ ਕੁਮਾਰੀ ਅਤੇ ਸਮੂਹ ਸਟਾਫ ਵਲੋਂ ਆਏ ਹੋਏ ਮਹਿਮਾਨਾਂ ਅਤੇ ਪਤਵੰਤਿਆਂ ਨੂੰ ਸਨਮਾਨ ਚਿੰਨ੍ਹ ਭੇਂਟ ਕਰਕੇ ਸਨਮਾਨਤ ਵੀ ਕੀਤਾ ਗਿਆ। ਲੰਗਰ ਦੀ ਸੇਵਾ ਅਤੁਟ ਵਰਤਾਈ ਗਈ। ਇਸ ਮੌਕੇ ਡਾ. ਰਮਨ, ਸਰਬਜੀਤ ਕੌਰ ਕੌਂਸਲਰ ਪੀ.ਐਨ.ਬੀ. ਬੈਂਕ ਮੈਨੇਜਰ ਰੋਹਨ ਤੋਂ ਇਲਾਵਾ ਹੋਰ ਪਤਵੰਤੇ ਵੀ ਹਾਜਰ ਸਨ।



## ਜਨਮ ਦਿਨ ਮੁਬਾਰਕ



ਜਸਕੀਰਤ ਸਿੰਘ ਚਹਿਲ
ਪਿਤਾ: ਗੁਰਜੀਵਨ ਸਿੰਘ ਚਹਿਲ
ਮਾਤਾ: ਰੁਪਿੰਦਰ ਕੌਰ
ਵਾਸੀ: ਮੱਲਕਪੁਰ ਖਿਆਲਾ
ਜਿਲ੍ਹਾ: ਮਾਨਸਾ

# ਅੰਬੇਡਕਰ ਪਾਰਕ ਵਿਖੇ ਪਾਣੀ ਦੀ ਟੰਕੀ ਬਨਾਉਣ ਦੇ ਮੁਹੱਲਾ ਨਿਵਾਸੀਆਂ ਵਲੋਂ ਕੀਤਾ ਵਿਰੋਧ

**ਫਗਵਾੜਾ (ਰੱਤੂ)-** ਮੁਹੱਲਾ ਕੌਲਸਰ ਵਿਖੇ ਬਾਬਾ ਸਾਹਿਬ ਡਾ. ਬੀ.ਆਰ. ਅੰਬੇਡਕਰ ਪਾਰਕ ਵਿਖੇ ਪਾਣੀ ਦੀ ਟੰਕੀ ਬਨਾਉਣ ਦੇ ਮੁਹੱਲਾ ਨਿਵਾਸੀਆਂ ਵਲੋਂ ਕੀਤੇ ਵਿਰੋਧ ਦੇ ਚਲਦਿਆਂ ਅੱਜ ਸੀਨੀਅਰ ਬਸਪਾ ਆਗੂ ਅਤੇ ਕੌਂਸਲਰ ਰਮੇਸ਼ ਕੌਲ ਨੇ ਮੁਹੱਲਾ ਕੌਲਸਰ ਵਿਖੇ ਉਕਤ ਪਾਰਕ ਦਾ ਦੌਰਾ ਕਰਨ ਉਪਰੰਤ ਕਿਹਾ ਕਿ ਬਾਬਾ ਸਾਹਿਬ ਦੇ ਨਾਮ ਤੇ ਸਥਾਪਤ ਪਾਰਕ ਨੂੰ ਖਰਾਬ ਕਰਨ ਦੀ ਕੋਸ਼ਿਸ਼ ਕਿਸੇ ਕੀਮਤ ਤੇ ਬਰਦਾਸ਼ਤ ਨਹੀਂ ਕੀਤੀ ਜਾਵੇਗੀ।

ਉਹਨਾਂ ਕਿਹਾ ਕਿ ਬਸਪਾ ਸਾਫ ਸੁਥਰੇ ਪੀਣ ਵਾਲੇ ਪਾਣੀ ਦੀ ਸਪਲਾਈ ਦਾ ਵਿਰੋਧ ਨਹੀਂ ਕਰਦੀ ਪਰ ਸੱਤਾ ਧਿਰ ਨੇ ਪਹਿਲਾਂ ਹੀ ਸਾਜਿਸ਼ਨ ਡਾ. ਅੰਬੇਡਕਰ ਪਾਰਕ ਨੂੰ ਹੀ ਇਸ ਪੀਣ ਵਾਲੇ ਪਾਣੀ ਦੀ ਟੰਕੀ ਲਈ ਚੁਣ ਕੇ ਪਾਰਕ ਤੇ ਕਬਜਾ ਕਰਨ ਦੀ ਕੋਸ਼ਿਸ਼ ਕੀਤੀ ਹੈ ਪਰ ਬਾਵਜੂਦ ਇਸਦੇ ਡਾ. ਬੀ.ਆਰ. ਅੰਬੇਡਕਰ ਸਪੋਰਟਸ ਐਂਡ ਵੈਲਫੇਅਰ ਕਲੱਬ ਰਜਿ. ਜੋ ਕਿ ਉਕਤ ਪਾਰਕ ਦੀ ਦੇਖਭਾਲ ਕਰਦੀ ਹੈ ਵਲੋਂ ਬੋਰ ਲਈ 46 ਫੁਟ ਬਾਈ 46 ਫੁਟ ਜਗ੍ਹਾ ਦੇਣ ਤੇ ਸਹਿਮਤੀ ਪ੍ਰਗਟਾਈ ਸੀ ਪਰ ਹੁਣ ਨਗਰ ਨਿਗਮ ਫਗਵਾੜਾ ਵਲੋਂ ਧੱਕੇਸ਼ਾਹੀ ਨਾਲ ਇਸ ਸਹਿਮਤੀ ਦੀ ਉਲੰਘਣਾ ਕਰਕੇ ਬਾਬਾ ਸਾਹਿਬ ਦੇ ਸਟੈਚੂ ਦੇ ਨਜਦੀਕ ਦੇ ਹਿੱਸੇ ਨੂੰ ਵੀ ਬੋਰ ਵਿਚ ਸ਼ਾਮਲ ਕੀਤਾ ਜਾ ਰਿਹਾ ਹੈ ਜਿਸਨੂੰ ਬਰਦਾਸ਼ਤ ਨਹੀਂ ਕੀਤਾ ਜਾਵੇਗਾ।



ਉਹਨਾਂ ਇਹ ਵੀ ਕਿਹਾ ਕਿ ਜਿਸ ਜਗ੍ਹਾ ਤੇ ਟੰਕੀ ਦੀ ਉਸਾਰੀ ਕਰਨ ਦੀ ਹੁਣ ਕੋਸ਼ਿਸ਼ ਕੀਤੀ ਜਾ ਰਹੀ ਹੈ ਉਸਦੇ ਨਜਦੀਕ ਹੀ ਹਾਈ ਵੋਲਟੇਜ ਤਾਰਾਂ ਲੰਘਦੀਆਂ ਹਨ ਅਤੇ ਨਜਦੀਕ ਹੀ ਸਰਕ-ਾਰੀ ਪ੍ਰਾਇਮਰੀ ਸਕੂਲ ਦੀ ਇਮਾਰਤ ਵੀ ਸਥਿਤ ਹੈ ਜਿਸ ਨਾਲ ਹਾਦਸਾ ਵਾਪਰਨ ਦਾ ਖਤਰਾ ਬਣਿਆ ਰਹੇਗਾ।

ਉਹਨਾਂ ਦੱਸਿਆ ਕਿ ਮਾਮਲੇ ਬਾਰੇ ਨਗਰ ਨਿਗਮ ਕਮੀਸ਼ਨਰ ਅਤੇ ਆਲਾ ਅਧਿਕਾਰੀਆਂ ਨੂੰ ਜਾਣੂ ਕਰਵਾ ਦਿੱਤਾ ਗਿਆ ਹੈ ਅਤੇ ਪ੍ਰਸ਼ਾਸਨ ਵਲੋਂ ਭਰੋਸਾ ਦਿੱਤਾ ਗਿਆ ਹੈ ਕਿ ਮਾਮਲੇ ਦੀ ਗੰਭੀਰਤਾ ਨੂੰ ਦੇਖਦੇ ਹੋਏ ਹੀ ਉਚਿਤ ਫੈਸਲਾ ਲਿਆ ਜਾਵੇਗਾ।

ਇਸ ਮੋਕੇ ਡਾ. ਬੀ.ਆਰ. ਅੰਬੇਡਕਰ ਸਪੋਰਟਸ ਅਤੇ ਵੈਲਫੇਅਰ ਕਲੱਬ ਰਜਿ. ਦੇ ਪ੍ਰਧਾਨ ਜਸਵੰਤ ਕੁਮਾਰ, ਜਨਰਲ ਸਕੱਤਰ ਰਾਜਕੁਮਾਰ ਨੇ ਵੀ ਨਗਰ ਨਿਗਮ ਦੀ ਕਾਰਗੁਜਾਰੀ ਦੀ ਸਖਤ ਨਖੇਦੀ ਕਰਦਿਆਂ ਤਾੜਨਾ ਕੀਤੀ ਕਿ ਧੱਕੇ ਸ਼ਾਹੀ ਕਰਕੇ ਪਾਰਕ ਦੀ ਦਿੱਖ ਨੂੰ ਖਰਾਬ ਕਰਨ ਦੀ ਕੋਸ਼ਿਸ਼ ਨਾ ਕੀਤੀ ਜਾਵੇ ਨਹੀਂ ਤਾਂ ਨਤੀਜੇ ਠੀਕ ਨਹੀਂ ਹੋਣਗੇ। ਇਸ ਮੋਕੇ ਰਾਕੀ, ਬੰਟੀ, ਹੈਰੀ, ਬੀਬੀ ਤਾਰੋ, ਬੀਬੀ ਜਸਵਿੰਦਰ ਕੌਰ, ਬੀਬੀ ਗੁਰ-ਦੇਵ ਕੌਰ, ਸਤਿਆ ਦੇਵੀ, ਰਾਣੋ, ਨਿੱਮੋ, ਮਹਿੰਦਰ ਪਾਲ, ਕੁਲਦੀਪ ਕੌਰ, ਸਵਰਨ ਕੌਰ, ਰਾਜਪਾਲ, ਭਾਗਮਲ, ਕੋਮਲਜੋਤ, ਸ਼ਰਦਾ ਰਾਮ, ਪਿਆਰਾ ਲਾਲ, ਮੋਹਨ ਲਾਲ, ਰਾਮ ਕਿਸ਼ਨ, ਤਰਸੇਮ ਲਾਲ, ਮਨਜੀਤ ਵਿਰਦੀ, ਨਹਿਰੂ ਬੰਗੜ, ਰਾਕੇਸ਼ ਕੁਮਾਰ ਰਾਜਾ, ਭਜਨ ਕੌਰ, ਵਿਦਿਆ ਦੇਵੀ, ਸੀਤਾ ਦੇਵੀ, ਮਦਨ ਲਾਲ ਆਦਿ ਵੀ ਹਾਜਰ ਸਨ।

## ਅੰਤਰਰਾਸ਼ਟਰੀ ਮਾਂ ਬੋਲੀ ਦਿਵਸ 'ਤੇ ਵਿਸ਼ੇਸ਼

# ਮਤਰੇਈ ਮਾਂ ਵਾਲਾ ਸਲੂਕ ਹੋ ਰਿਹਾ ਹੈ ਮਾਂ ਬੋਲੀ ਪੰਜਾਬੀ ਨਾਲ

**ਅਸਲ ਵਿਚ ਪੰਜਾਬੀ ਮਾਂ ਬੋਲੀ ਦੀ ਇਸ ਦੁਰਦਸ਼ਾ ਲਈ ਮੁੱਖ ਤੌਰ 'ਤੇ ਪੰਜਾਬ ਦਾ ਸਿਆਸਤਦਾਨ ਦੋਸ਼ੀ ਹੈ! ਜਦੋਂ ਬੋਲੀ ਦੇ ਅਧਾਰ ਉੱਤੇ ਪੰਜਾਬੀ ਸੂਬਾ ਬਣਿਆ ਤਾਂ ਪੰਜਾਬੀ ਸਰਕਾਰੀ ਦਫ਼ਤਰਾਂ 'ਚ ਲਾਗੂ ਕਿਉਂ ਨਾ ਹੋਈ? ਕਿਉਂ ਪੰਜਾਬੀ ਵਿਰੋਧੀ ਅਫ਼ਸਰਸ਼ਾਹੀ ਨੂੰ ਨੱਥ ਨਾ ਪਾਈ ਗਈ, ਜਿਸ ਵੱਲੋਂ ਪੰਜਾਬੀ ਬੋਲੀ ਨੂੰ ਨਾ ਸਰਕਾਰੀ ਦਫ਼ਤਰਾਂ 'ਚ ਲਾਗੂ ਕੀਤਾ ਗਿਆ, ਨਾ ਹੋਣ ਦਿੱਤਾ ਗਿਆ ਅਤੇ ਨਾ ਹੀ ਉੱਚ ਅਦਾਲਤਾਂ ਦੇ ਹੁਕਮਾਂ ਦੇ ਬਾਵਜੂਦ ਹੇਠਲੀਆਂ ਅਦਾਲਤਾਂ ਤੱਕ ਪੰਜਾਬੀ ਨੂੰ ਲਾਗੂ ਹੋਣ ਦਿੱਤਾ ਗਿਆ।**



ਗੁਰਮੀਤ ਸਿੰਘ ਪਲਾਹੀ
91-98158-02070

ਕੁਲ ਮਿਲਾਕੇ ਦੁਨੀਆਂ ਵਿੱਚ 7,102 ਬੋਲੀਆਂ, ਬੋਲੀਆਂ ਜਾਂਦੀਆਂ ਹਨ ਅਤੇ ਦੁਨੀਆਂ ਦੀਆਂ ਇਨ੍ਹਾਂ ਬੋਲੀਆਂ ਵਿਚੋਂ 2016 'ਚੋਂ ਕੀਤੇ ਇੱਕ ਅਧਿਆਨ ਮੁਤਾਬਕ ਪੰਜਾਬੀ ਬੋਲੀ ਦਸਵੇਂ ਥਾਂ ਉਤੇ ਆਂਕੀ ਗਈ ਹੈ, ਜਦਕਿ 15 ਸਾਲ ਪਹਿਲਾਂ ਇਹ ਦਸਵਾਂ ਥਾਂ ਜਰਮਨੀ ਬੋਲੀ ਕੋਲ ਸੀ। ਦੁਨੀਆਂ ਦੀ ਕੁਲ ਵਸੋਂ ਦਾ 1.44% ਪੰਜਾਬੀ ਬੋਲਦਾ ਹੈ ਅਤੇ ਪੰਜਾਬੀ ਬੋਲਣ ਵਾਲਿਆਂ ਦੀ ਕੁਲ ਗਿਣਤੀ 10.2 ਕਰੋੜ ਹੈ। ਪੰਜਾਬੀ ਮੁਖ ਤੌਰ ਤੇ ਭਾਰਤ ਅਤੇ ਪਾਕਿਸਤਾਨ ਵਿੱਚ ਬੋਲੀ ਜਾਂਦੀ ਹੈ। ਵਿਦੇਸ਼ਾਂ ਖਾਸ ਕਰਕੇ ਕੈਨੇਡਾ, ਅਮਰੀਕਾ , ਬਰਤਾਨੀਆਂ ਵਿਚ ਵਸਦੇ ਚੜ੍ਹਦੇ ਲਹਿੰਦੇ ਪੰਜਾਬ ਦੀ ਪੰਜਾਬੀ ਆਪਣੀ ਮਾਂ ਬੋਲੀ ਦੀ ਪ੍ਰਫੁੱਲਤਾ ਲਈ ਯਤਨਸ਼ੀਲ ਹਨ। ਕੈਨੇਡਾ ਵਿੱਚ ਤਾਂ ਪੰਜਾਬੀ ਨੂੰ ਤੀਜੀ ਭਾਸ਼ਾ ਦਾ ਦਰਜਾ ਵੀ ਮਿਲਿਆ ਹੋਇਆ ਹੈ। ਪਰ ਕੁਝ ਸਾਲ ਪਹਿਲਾਂ ਛਾਇਆ ਇੱਕ ਰਿਪੋਰਟ ਵਿੱਚ ਯੂਨੈਸਕੋ ਵਲੋਂ 2050 ਤੱਕ ਦੁਨੀਆਂ ਵਿਚੋਂ ਮਰ ਰਹੀਆਂ ਭਾਸ਼ਾਵਾਂ ਵਿੱਚ ਪੰਜਾਬੀ ਬੋਲੀ ਨੂੰ ਸ਼ਾਮਲ ਕਰਕੇ ਪੰਜਾਬੀ ਪਿਆਰਿਆਂ ਨੂੰ ਫਿਕਰਾਂ ਵਿੱਚ ਪਾ ਦਿੱਤਾ। ਭਾਵੇਂ ਕਿ ਯੂਨੈਸਕੋ ਨੇ ਬਾਅਦ ਵਿੱਚ ਇਸ ਰਿਪੋਰਟ ਦਾ ਖੰਡਨ ਕੀਤਾ, ਪਰ ਪੰਜਾਬੀ ਬੋਲੀ ਦੇ ਚਿੰਤਕਾਂ ਨੇ ਇਹ ਡਰ ਪ੍ਰਗਟਾਇਆ ਹੈ ਕਿ ਪੰਜਾਬ ਸਮੇਤ ਹਰਿਆਣਾ, ਰਾਜਸਥਾਨ, ਹਿਮਾਚਲ ਪ੍ਰਦੇਸ਼, ਦਿਲੀ 'ਚ ਰਹਿੰਦੇ ਪੰਜਾਬੀ, ਆਪਣੇ ਬੱਚਿਆਂ ਨੂੰ ਪੰਜਾਬੀ ਬੋਲਣ, ਲਿਖਣ ਪੜ੍ਹਨ ਤੋਂ ਪ੍ਰਹੇਜ ਕਰਾਉਂਦੇ ਹਨ ਅਤੇ ਵਾਹ ਲਗਦਿਆਂ ਬਹੁਤੇ "ਉਚੇ ਘਰਾਂ" 'ਚ ਫੈਸ਼ਨ ਵਜੋਂ ਹਿੰਦੀ ਜਾਂ ਅੰਗਰੇਜੀ ਬੋਲਣ, ਬੁਲਾਉਣ ਨੂੰ ਹੀ ਤਰਜ਼ੀਹ ਦੇਣ ਲੱਗੇ ਹਨ। ਅਤੇ ਪੰਜਾਬੀ ਨੂੰ ਸਿੱਖਾਂ ਦੀ, ਅਤੇ ਉਰਦੂ ਨੂੰ ਮੁਸਲਮਾਨਾਂ ਦੀ ਬੋਲੀ ਗਰਦਾਨਕੇ ਇਸ ਤੋਂ ਆਪਣੀ ਦੂਰੀ ਬਨਾਉਣ ਦੇ ਰਾਹ ਤੁਰੇ ਹੋਏ ਹਨ। ਕੀ ਇਹ ਆਪਣੀ ਮਾਂ ਬੋਲੀ ਨਾਲ ਬੇਇਨਸਾਫੀ ਨਹੀਂ ਹੈ?

### ਮਾਖਿਉਂ ਮਿੱਠੀ ਬੋਲੀ

'ਮਾਂ' ਸ਼ਬਦ ਜਿਹਾ ਮਾਖਿਉਂ ਮਿੱਠਾ ਸ਼ਬਦ ਹੋਰ ਕਿਹੜਾ ਹੈ? ਬੱਚੇ ਦੇ ਮੂੱਖ ਤੋਂ ਨਿਕਲਿਆ 'ਮਾਂ' ਸ਼ਬਦ, ਜੇ ਮਾਂ ਦੇ ਸੀਨੇ ਠੰਢ ਪਾਉਂਦਾ ਹੈ ਤਾਂ ਬੱਚੇ ਨੂੰ ਵੀ ਤਾਂ ਉਹੋ ਜਿਹਾ ਸਕੂਨ ਦਿੰਦਾ ਹੈ 'ਮਾਂ' ਸ਼ਬਦ! ਮਾਂ ਦੀ ਗੋਦੀ ਦਾ ਨਿੱਘ ਲੈਂਦਿਆਂ, ਬੱਚੇ ਦੇ ਤੋਤਲੇ ਸ਼ਬਦ ਉਹਦੀ ਮਾਂ ਬੋਲੀ 'ਚ ਹੀ ਤਾਂ ਹੁੰਦੇ ਹਨ, ਮਿੱਠੇ-ਮਿੱਠੇ, ਪਿਆਰੇ-ਪਿਆਰੇ, ਅੱਧੇ-ਅਧੂਰੇ ਪਰ ਅਸਲੋਂ ਸੱਚੇ, ਨਿਰਛਲ, ਨਿਰਕਪਟ! ਪਰ ਇਹ ਸ਼ਬਦ ਜਦੋਂ ਉਮਰ ਲੰਘਦਿਆਂ ਭੁਲਾ ਦਿੱਤੇ ਜਾਂਦੇ ਹਨ, ਇਨ੍ਹਾਂ ਉੱਤੇ ਕਪਟੀ ਮੁਲੰਮਾ ਚੜ੍ਹਾ ਦਿੱਤਾ ਜਾਂਦਾ ਹੈ, ਤਦੋਂ ਬੱਚੇ ਦਾ ਹਾਸਾ ਵੀ ਬਨਾਉਟੀ ਬਣ ਜਾਂਦਾ ਹੈ, ਬੋਲ ਵੀ ਬਨਾਉਟੀ ਹੋ ਜਾਂਦੇ ਹਨ। ਮਾਂ ਬੋਲੀ ਪੰਜਾਬੀ ਨਾਲ ਵੀ ਪੰਜਾਬ ਦੇ ਆਪਣਿਆਂ ਇਹੋ ਧ੍ਰੋਹ ਕਮਾਇਆ ਹੈ। ਮਾਪਿਆਂ ਦਰੋਂ, ਘਰੋਂ ਬੱਚਿਆਂ ਤੋਂ ਪੰਜਾਬੀ ਨੂੰ ਦੂਰ ਕਰਨ ਦਾ ਯਤਨ ਕੀਤਾ ਹੈ, ਮੌਕੇ ਦੇ ਹਾਕਮਾਂ ਪੰਜਾਬੀ ਨੂੰ ਦਫ਼ਤਰਾਂ, ਕਾਰੋਬਾਰੀ ਥਾਵਾਂ ਤੋਂ ਦੂਰ ਕਰ ਦਿੱਤਾ ਹੈ। ਪੰਜਾਬ ਨਾਲ ਹੋ ਰਹੇ ਧੱਕਿਆਂ ਤੋਂ ਵੀ ਵੱਡਾ ਧੱਕਾ 'ਸਾਜ਼ਿਸ਼ਨ' ਪੰਜਾਬੀਆਂ ਨੂੰ ਮਾਂ ਬੋਲੀ ਪੰਜਾਬੀ ਤੋਂ ਦੂਰ ਕਰਨ ਦਾ ਹੈ, ਨਹੀਂ ਤਾਂ ਬੋਲੀ ਦੇ ਅਧਾਰ ਉੱਤੇ ਬਣੇ ਸੂਬੇ 'ਚ ਸਰਕਾਰੀ ਕੰਮਕਾਜ ਪੂਰੀ ਤਰ੍ਹਾਂ ਪੰਜਾਬੀ ਭਾਸ਼ਾ 'ਚ ਕਿਉਂ ਨਾ ਹੋਵੇ? ਕਿਉਂ ਪੰਜਾਬੀ ਨੂੰ ਲੰਗੜੀ ਕਰਨ ਲਈ ਹਰ ਹੀਲਾ ਵਸੀਲਾ ਕੀਤਾ ਜਾਵੇ? ਕਿਉਂ ਪੰਜਾਬੀ ਨਾਲ ਪੰਜਾਬ 'ਚ ਪਬਲਿਕ, ਮਾਡਲ ਸਕੂਲਾਂ 'ਚ ਮਤਰੇਈ ਮਾਂ ਵਾਲਾ ਸਲੂਕ ਕੀਤਾ ਜਾਵੇ? ਕਿਉਂ ਇਨ੍ਹਾਂ ਸਕੂਲਾਂ 'ਚ ਬੱਚਿਆਂ ਦੀ ਤੋਤਲੀ ਜ਼ੁਬਾਨ ਉੱਤੇ ਜ਼ਹਿਰੀ ਮੁਲੰਮਾ ਚੜ੍ਹਾ ਕੇ ਉਨ੍ਹਾਂ ਨੂੰ ਆਪਣੀ ਮਾਂ ਤੋਂ ਦੂਰ ਕਰਨ ਦਾ ਕੋਝਾ ਕਰਮ ਕੀਤਾ ਜਾਵੇ?

### ਭੈੜੀ ਹਾਲਤ ਮਾਂ ਬੋਲੀ ਦੀ

ਪੰਜਾਬ ਦੇ ਚੰਡੀਗੜ੍ਹ ਵਿਚਲੇ ਮੁੱਖ ਸਰਕਾਰੀ ਦਫ਼ਤਰਾਂ ਸਮੇਤ ਪੰਜਾਬ ਸਕੱਤਰੇਤ ਅਤੇ ਸਰਕਾਰੀ ਬੋਰਡਾਂ, ਕਾਰਪੋਰੇਸ਼ਨਾਂ ਵਿਚ ਅੰਗਰੇਜ਼ੀ ਦੀ ਵਰਤੋਂ ਸ਼ਰੇਆਮ ਹੈ। ਪੰਜਾਬ ਦੀਆਂ ਅਦਾਲਤਾਂ ਵਿਚ ਅੰਗਰੇਜ਼ੀ ਦਾ ਬੋਲਬਾਲਾ ਹੈ। ਪਬਲਿਕ ਸਕੂਲਾਂ ਵਿਚ ਅੰਗਰੇਜ਼ੀ, ਹਿੰਦੀ ਦੀ ਵਰਤੋਂ ਨੂੰ ਪੰਜਾਬੀ ਦੇ ਮੁਕਾਬਲੇ ਤਰਜ਼ੀਹ ਦਿੱਤੀ ਜਾ ਰਹੀ ਹੈ। ਇਹੋ ਜਿਹੇ ਹਾਲਤ ਵਿਚ ਪੰਜਾਬੀ ਕਿਵੇਂ ਵਧੇ, ਫੁਲੇ?

1966'ਚ ਪੰਜਾਬੀ ਸੂਬਾ ਹੋਂਦ ਵਿੱਚ ਆਉਣ ਤੇ 1967 ਵਿੱਚ ਪੰਜਾਬ ਸਟੇਟ ਆਫੀਸ਼ੀਅਲ ਲੈਂਗੂਏਜ ਐਕਟ ਬਨਾਇਆ ਗਿਆ। ਪਰ ਇਹ ਐਕਟ ਪੰਜਾਬ'ਚ ਠੋਸ ਢੰਗ ਨਾਲ ਲਾਗੂ ਨਾ ਹੋਣ ਦੇ ਸਿੱਟੇ ਵਜੋਂ 25 ਮਾਰਚ 2008 ਨੂੰ ਪੰਜਾਬ ਅਸੰਬਲੀ ਵਿੱਚ ਮਤਾ ਪਾਸ ਕੀਤਾ ਜਿਸ ਅਧੀਨ ਸਰਕਾਰ, ਪ੍ਰਾਸ਼ਾਸ਼ਕੀ ਢਾਂਚੇ ਅਤੇ ਵਿਦਿਅਕ ਸੰਸਥਾਵਾਂ ਨੂੰ ਪੰਜਾਬੀ ਨੂੰ ਲਾਜ਼ਮੀ ਤੌਰ ਤੇ ਲਾਗੂ ਕਰਨ ਦੇ ਆਦੇਸ਼ ਹੋਏ। ਪਰ ਅੱਜ ਵੀ ਪੰਜਾਬੀ ਬੋਲੀ ਨਾਲ ਪੰਜਾਬ ਵਿੱਚ ਮਤਰੇਈ ਮਾਂ ਵਾਲਾ ਸਲੂਕ ਹੋ ਰਿਹਾ ਹੈ।

ਬਿਨ੍ਹਾਂ ਸ਼ੱਕ ਮਾਂ ਬੋਲੀ ਪੰਜਾਬੀ, ਇੱਕ ਅਮੀਰ ਭਾਸ਼ਾ ਹੈ। ਪਰ ਇਸਦੀ ਅਮੀਰੀ ਤਦੇ ਕਾਇਮ ਰਹੇਗੀ ਜੇ ਪੰਜਾਬੀ ਬੋਲੀ ਘਰਾਂ ਦਾ ਸ਼ਿੰਗਾਰ ਬਣੇ। ਸਿੱਖਿਆ ਅਦਾਰਿਆਂ'ਚ ਇਸ ਨੂੰ ਮਾਣ ਮਿਲੇ। ਦਫਤਰਾਂ, ਕਚਿਹਰੀਆਂ, ਕਾਰੋਬਾਰੀ ਥਾਵਾਂ ਉਤੇ ਇਸਦੀ ਸਹੀ ਵਰਤੋਂ ਹੋਵੇ। ਸਰਕਾਰੀ ਸਟੇਸ਼ਨਰੀ, ਕਾਰੋਬਾਰੀ ਕਾਰਡ, ਸਰਕਾਰ ਅਤੇ, ਪਬਲਿਕ ਦੇ ਸਾਰੇ ਦਾਸਤਾਵੇਜ ਪੰਜਾਬੀ ਵਿੱਚ ਛਪਣ।

ਪੰਜਾਬੀ, ਆਪਣੀ ਮਾਂ ਬੋਲੀ ਤੋਂ ਦੂਰੀ ਨਾ ਬਨਾਉਣ, ਇਸਨੂੰ ਆਪਣੀ ਹਿੱਕ ਨਾਲ ਲਾਕੇ ਰੱਖਣ। ਪਰ ਨਾਲ ਦੀ ਨਾਲ ਪੰਜਾਬ ਦੀ ਸਰਕਾਰ ਪੰਜਾਬੀ ਬੋਲੀ ਨੂੰ ਸਰਕਾਰੀ ਦਫਤਰਾਂ, ਕਚਿਹਰੀਆਂ, ਸਕੂਲਾਂ, ਕਾਲਜਾਂ, ਪ੍ਰੋਫੈਸ਼ਨਲ ਕਾਲਜਾਂ, ਯੂਨੀਵਰਸਿਟੀਆਂ'ਚ ਪੂਰੀ ਤਰ੍ਹਾਂ ਲਾਗੂ ਕਰਕੇ, ਉਹ ਕਰਜ਼ਾ ਮੋੜੇ ਜਿਹੜਾ ਬਦਨੀਤੀ ਨਾਲ ਉਸਨੇ ਪਿਛਲੀ ਅੱਧੀ ਸਦੀ ਪੰਜਾਬੀ ਬੋਲੀ ਨੂੰ ਅੱਖੋਂ ਪਰੋਖੇ ਕਰਕੇ ਆਪਣੇ ਸਿਰ ਚੜ੍ਹਾ ਲਿਆ ਹੈ।

### ਕੌਣ ਜ਼ੁੰਮੇਵਾਰ

ਅਸਲ ਵਿਚ ਪੰਜਾਬੀ ਮਾਂ ਬੋਲੀ ਦੀ ਇਸ ਦੁਰਦਸ਼ਾ ਲਈ ਮੁੱਖ ਤੌਰ 'ਤੇ ਪੰਜਾਬ ਦਾ ਸਿਆਸਤਦਾਨ ਦੋਸ਼ੀ ਹੈ! ਜਦੋਂ ਬੋਲੀ ਦੇ ਅਧਾਰ ਉੱਤੇ ਪੰਜਾਬੀ ਸੂਬਾ ਬਣਿਆ ਤਾਂ ਪੰਜਾਬੀ ਸਰਕਾਰੀ ਦਫ਼ਤਰਾਂ 'ਚ ਲਾਗੂ ਕਿਉਂ ਨਾ ਹੋਈ? ਕਿਉਂ ਪੰਜਾਬੀ ਵਿਰੋਧੀ ਅਫ਼ਸਰਸ਼ਾਹੀ ਨੂੰ ਨੱਥ ਨਾ ਪਾਈ ਗਈ, ਜਿਸ ਵੱਲੋਂ ਪੰਜਾਬੀ ਬੋਲੀ ਨੂੰ ਨਾ ਸਰਕਾਰੀ ਦਫ਼ਤਰਾਂ 'ਚ ਲਾਗੂ ਕੀਤਾ ਗਿਆ, ਨਾ ਹੋਣ ਦਿੱਤਾ ਗਿਆ ਅਤੇ ਨਾ ਹੀ ਉਚ ਅਦਾਲਤਾਂ ਦੇ ਹੁਕਮਾਂ ਦੇ ਬਾਵਜੂਦ ਹੇਠਲੀਆਂ ਅਦਾਲਤਾਂ ਤੱਕ ਪੰਜਾਬੀ ਨੂੰ ਲਾਗੂ ਹੋਣ ਦਿੱਤਾ ਗਿਆ। ਜੇਕਰ ਪੰਜਾਬ ਵਿਚ ਪੰਜਾਬੀ ਨੂੰ ਪੂਰਾ ਮਾਣ ਤਾਣ ਮਿਲਦਾ, ਪੰਜਾਬ ਦੇ ਸਰਕਾਰੀ ਦਫ਼ਤਰਾਂ ਵਿਚ ਇਸ ਦੀ ਪੂਰੀ ਤਰ੍ਹਾਂ ਵਰਤੋਂ ਹੁੰਦੀ, ਸਰਕਾਰੀ, ਪ੍ਰਾਈਵੇਟ, ਸਕੂਲਾਂ, ਮਾਡਲ ਪਬਲਿਕ ਸਕੂਲਾਂ, ਯੂਨੀਵਰਸਿਟੀਆਂ 'ਚ ਇਹ ਪੂਰੀ ਤਰ੍ਹਾਂ ਲਾਗੂ ਕੀਤੀ ਜਾਂਦੀ।

ਤ੍ਰੈ-ਭਾਸ਼ੀ ਫਾਰਮੂਲੇ ਨੂੰ ਐਂਵੇ ਹੀ ਪੰਜਾਬ 'ਚ ਘੁਸੇੜਿਆ ਨਾ ਜਾਂਦਾ ਤਾਂ ਅੱਜ ਪੰਜਾਬੀ, ਪੰਜਾਬ 'ਚ ਕਾਰੋਬਾਰੀ ਭਾਸ਼ਾ ਹੁੰਦੀ, ਕਿਉਂਕਿ ਕਾਰੋਬਾਰ ਕਰਨ ਵਾਲੇ ਲੋਕਾਂ ਨੂੰ ਜਦ ਸਰਕਾਰੇ ਦਰਬਾਰੇ ਪੰਜਾਬੀ ਬੋਲੀ 'ਚ ਹੀ ਆਪਣੇ ਕੰਮ ਕਰਵਾਉਣੇ ਪੈਂਦੇ ਤਾਂ ਉਹ ਆਪਣੇ-ਆਪ ਪੰਜਾਬੀ ਭਾਸ਼ਾ ਦੀ ਵਰਤੋਂ ਕਰਦੇ।

ਡੁਲ੍ਹੇ ਬੇਰਾਂ ਦਾ ਹਾਲੀ ਵੀ ਕੁਝ ਨਹੀਂ ਵਿਗੜਿਆ, ਆਪਣੀ ਮਾਂ ਬੋਲੀ ਪੰਜਾਬੀ ਨੂੰ ਪੰਜਾਬ 'ਚ ਮੁੜ ਪਟਰਾਣੀ ਬਨਾਉਣ ਲਈ ਹੰਭਲਾ ਮਾਰਨ ਅਤੇ ਉਨ੍ਹਾਂ ਸਾਜ਼ਿਸ਼ੀ ਤਾਕਤਾਂ ਨੂੰ ਨੰਗਿਆਂ ਕਰਨ ਲਈ ਅੱਗੇ ਆਉਣ ਦੀ ਜ਼ਰੂਰਤ ਹੈ, ਜਿਹੜੇ ਮਾਂ ਬੋਲੀ ਪੰਜਾਬੀ ਨੂੰ ਪੰਜਾਬ ਵਿਚੋਂ ਖਤਮ ਕਰਨ ਦੇ ਰਾਹ ਪਏ ਹੋਏ ਹਨ। ਭਾਵੇਂ ਕਿ ਪੰਜਾਬੀ ਦੇ ਲੇਖਕਾਂ ਅਤੇ ਪੰਜਾਬੀ ਪਿਆਰਿਆਂ ਵਲੋਂ ਸਮੇਂ ਸਮੇਂ 'ਤੇ, ਮਾਂ ਬੋਲੀ ਨਾਲ ਹੁੰਦੇ ਵਿਤਕਰੇ, ਸਰਾਸਰ ਧੱਕੇ ਸਬੰਧੀ ਧਰਨੇ ਦਿੱਤੇ ਜਾਂਦੇ ਰਹੇ ਹਨ।

ਪੰਜਾਬੀ ਬੋਲੀ ਦੀ ਪ੍ਰਫੁਲਤਾ ਲਈ ਕੰਮ ਕਰਦੀਆਂ ਕੇਂਦਰੀ ਪੰਜਾਬੀ ਲੇਖਕ ਸਭਾਵਾਂ ਸਮੇਤ ਹੋਰ ਸੰਗਠਨਾਂ ਵਲੋਂ ਸਮੇਂ ਦੇ ਮੁੱਖ ਮੰਤਰੀਆਂ ਨਾਲ ਮੁਲਾਕਾਤਾਂ ਕਰਕੇ ਇਨ੍ਹਾਂ ਵਿਤਕਰਿਆਂ ਸਬੰਧੀ ਸਾਰੇ ਮਸਲੇ ਧਿਆਨ ਵਿੱਚ ਲਿਆਂਦੇ, ਪਰ ਮੌਜੂਦਾ ਸਰਕਾਰ ਸਮੇਤ ਕਿਸੇ ਵੀ ਸਰਕਾਰ ਨੇ ਮਾਂ-ਬੋਲੀ ਪੰਜਾਬੀ ਨੂੰ ਨਾ ਇਮਾਨਦਾਰੀ ਨਾਲ ਸੂਬੇ ਦੇ ਦਫਤਰਾਂ ਸਕੂਲਾਂ, ਕਾਲਜਾਂ 'ਚ ਲਾਗੂ ਕੀਤਾ ਅਤੇ ਨਾ ਕਚਿਹਰੀਆਂ 'ਚ ਇਸਦੀ ਵਰਤੋਂ ਯਕੀਨੀ ਬਣਾਈ। ਇਥੋਂ ਤੱਕ ਕਿ ਲੇਖਕ ਸਭਾਵਾਂ ਵਲੋਂ ਭੇਜੇ ਮੰਮੋਰੰਡਮ ਜਾਂ ਰਿਪੋਰਟਾਂ ਸਰਕਾਰੀ ਅਧਿਕਾਰੀਆਂ ਤੇ ਸਿਆਸਤਦਾਨਾਂ ਵਲੋਂ ਰੱਦੀ ਦੀ ਟੋਕਰੀ 'ਚ ਹੀ ਸੁੱਟੇ ਜਾਂਦੇ ਰਹੇ ਹਨ। ਆਪਣੀ ਅਵਾਜ਼ ਸਰਕਾਰ ਦੇ ਬੋਲੇ ਕੰਨਾਂ ਤੱਕ ਨਾ ਪਹੁੰਚਣ ਕਾਰਨ, ਇਹੀ ਕਾਰਨ ਹੈ ਕਿ ਪੰਜਾਬੀ ਲੇਖਕਾਂ ਦੀ ਇੱਕ ਸਿਰਮੌਰ ਜਥੇਬੰਦੀ ਕੇਂਦਰੀ ਪੰਜਾਬੀ ਲੇਖਕ ਸਭਾ ਰਜਿ: ਨਾਲ ਜੁੜੇ ਲੇਖਕਾਂ ਵਲੋਂ ਅੰਤਰ-ਰਾਸ਼ਟਰੀ ਮਾਂ ਬੋਲੀ ਦਿਵਸ ਦੇ ਮੌਕੇ ਚੰਡੀਗੜ੍ਹ 'ਚ ਗ੍ਰਿਫਤਾਰੀਆਂ ਦੇਣ ਤੇ ਮਜ਼ਬੂਰ ਹੋਣਾ ਪੈ ਰਿਹਾ ਹੈ।

ਯੂਨੈਸਕੋ ਵੱਲੋਂ ਇਸ ਵਰ੍ਹੇ 21 ਫਰਵਰੀ 2017 ਨੂੰ ਅੰਤਰਰਾਸ਼ਟਰੀ ਮਾਂ ਬੋਲੀ ਦਿਵਸ ਦੁਨੀਆਂ ਭਰ 'ਚ ਵੱਡੀ ਪੱਧਰ 'ਤੇ ਮਨਾਇਆ ਜਾ ਰਿਹਾ ਹੈ।

ਪੰਜਾਬੀ ਪਿਆਰੇ ਇਸ ਦਿਨ ਇਕੱਠੇ ਹੋ ਕੇ ਆਪਣੀ 'ਮਾਂ' ਨੂੰ ਯਾਦ ਹੀ ਨਾ ਕਰਨ, ਮਾਂ ਬੋਲੀ ਦੇ ਹੱਕਾਂ ਦੀ ਰਾਖੀ ਲਈ ਸੰਘਰਸ਼ ਹੀ ਨਾ ਕਰਨ ਸਗੋਂ ਉਸਨੂੰ ਸੱਚੇ ਮਨੋਂ ਪਿਆਰ ਵੀ ਕਰਨ ਅਤੇ ਆਪਣੇ ਬੱਚਿਆਂ ਨੂੰ ਮਾਂ ਬੋਲੀ ਨਾਲ ਜੋੜਨ ਅਤੇ ਜੁੜੇ ਰੱਖਣ ਦਾ ਪ੍ਰਣ ਕਰਨ।

# ਕੌਮਾਂਤਰੀ ਮਾਤ-ਭਾਸ਼ਾ ਦਿਵਸ ਫਗਵਾੜਾ 'ਚ ਮਨਾਇਆ

## ਅੰਤਰਰਾਸ਼ਟਰੀ ਪ੍ਰਸਿੱਧੀ ਪ੍ਰਾਪਤ ਲੇਖਕ-ਪੱਤਰਕਾਰ ਸ਼ਾਮਲ ਹੋਏ

**ਫਗਵਾੜਾ-** ਮਾਤ-ਭਾਸ਼ਾ ਦਿਵਸ ਨੂੰ ਸਮਰਪਿਤ ਇਕ ਵਿਸ਼ਾਲ ਸਮਾਗਮ ਪੰਜਾਬੀ ਵਿਰਸਾ ਟਰੱਸਟ (ਰਜਿ.) ਪਲਾਹੀ ਵੱਲੋਂ ਬਲੱਡ ਬੈਂਕ ਫਗਵਾੜਾ ਵਿਖੇ ਕਰਵਾਇਆ ਗਿਆ। ਇਸ ਕਰੋੜ 20 ਲੱਖ ਲੋਕ ਬੋਲਦੇ ਹਨ। ਪਰ ਪੰਜਾਬੀ ਨੂੰ ਪੰਜਾਬ ਵਿਚ ਸਮੇਂ-ਸਮੇਂ ਦੀਆਂ ਸਰਕਾਰਾਂ ਵੱਲੋਂ ਬਣਦਾ ਸਥਾਨ ਨਾ ਮਿਲਣ ਕਾਰਨ, ਆਉਣ ਵਾਲੀ ਪੀੜ੍ਹੀ ਇਸ ਤੋਂ ਦੂਰ ਹੁੰਦੀ ਜਾ ਕਿਹਾ ਕਿ ਮੌਜੂਦਾ ਸਰਕਾਰ ਨੇ ਮਾਂ-ਬੋਲੀ ਨੂੰ ਰੋਲ ਕੇ ਰੱਖ ਦਿੱਤਾ ਹੈ, ਭਾਸ਼ਾ-ਵਿਭਾਗ ਪੰਜਾਬ ਨੂੰ ਅਣਗੌਲਿਆ ਜਾ ਰਿਹਾ ਹੈ ਅਤੇ ਪੰਜਾਬੀ ਦੀ ਪ੍ਰਫੁੱਲਤਾ ਲਈ ਬਜਟ ਨਾ-ਮਾਤਰ ਹੈ। ਕੈਨੇਡਾ ਤੋਂ ਨੁਸਰਤ ਫਤਿਹ ਅਲੀ ਖਾਨ, ਰੇਸ਼ਮਾਂ, ਪੁਸਤਕਾਂ ਰਿਲੀਜ਼ ਕੀਤੀਆਂ ਗਈਆਂ ਅਤੇ ਸ਼ਰਨਜੀਤ ਬੈਂਸ ਸਮੇਤ ਤਲਵਿੰਦਰ ਮੰਡ, ਨਰਪਾਲ ਸਿੰਘ ਸ਼ੇਰਗਿੱਲ, ਉਜਾਗਰ ਸਿੰਘ, ਡਾ. ਹਰਪ੍ਰੀਤ





ਸਮਾਗਮ ਦੀ ਪ੍ਰਧਾਨਗੀ ਮੰਡਲ ਵਿਚ ਅਮਰੀਕਾ ਤੋਂ ਪੰਜਾਬੀ ਅਖ਼ਬਾਰ 'ਦੀ ਟਾਈਮਜ਼ ਆਫ਼ ਪੰਜਾਬ' ਦੇ ਸੰਪਾਦਕ ਸ਼ਰਨਜੀਤ ਬੈਂਸ, ਬਰਤਾਨੀਆਂ ਤੋਂ ਕੌਮਾਂਤਰੀ ਪੱਤਰਕਾਰ ਨਰਪਾਲ ਸਿੰਘ ਸ਼ੇਰਗਿੱਲ, ਪ੍ਰਸਿੱਧ ਕਾਲਮਨਵੀਸ ਉਜਾਗਰ ਸਿੰਘ, ਕੈਨੇਡਾ ਤੋਂ ਪੁੱਜੇ ਲੇਖਕ ਤਲਵਿੰਦਰ ਮੰਡ, ਪੰਜਾਬੀ ਵਿਦਵਾਨ ਡਾ. ਹਰਪ੍ਰੀਤ ਕੌਰ ਖ਼ਾਲਸਾ, ਪੱਤਰਕਾਰ ਅਤੇ ਸਿਖਿਆ ਸ਼ਾਸ਼ਤਰੀ ਪ੍ਰੋ. ਜਸਵੰਤ ਸਿੰਘ ਗੰਡਮ ਸ਼ਾਮਲ ਸਨ। ਸਮਾਗਮ ਦਾ ਆਰੰਭ ਕਰਦਿਆਂ ਪੰਜਾਬੀ ਲੇਖਕ ਗੁਰਮੀਤ ਪਲਾਹੀ ਨੇ ਕੌਮਾਂਤਰੀ ਪੱਧਰ 'ਤੇ ਪੰਜਾਬੀ ਦੀ ਸਥਿਤੀ ਬਾਰੇ ਵਿਸਥਾਰ ਦਿੰਦਿਆਂ ਦੱਸਿਆ ਕਿ ਦੁਨੀਆਂ ਭਰ ਵਿਚ ਬੋਲੀਆਂ ਜਾਣ ਵਾਲੀਆਂ 7102 ਬੋਲੀਆਂ ਵਿਚੋਂ ਪੰਜਾਬੀ ਦਾ 10ਵਾਂ ਸਥਾਨ ਹੈ ਅਤੇ ਇਸ ਬੋਲੀ ਨੂੰ 10 ਰਹੀ ਹੈ। ਉਨ੍ਹਾਂ ਕਿਹਾ ਕਿ "ਪੰਜਾਬੀ ਜੇ ਨਾ ਵਰਤਾਂਗੇ।। ਗੱਲ ਕਰਨ ਲਈ ਤਰਸਾਂਗੇ।।" ਕੌਮਾਂਤਰੀ ਪੱਤਰਕਾਰ ਨਰਪਾਲ ਸਿੰਘ ਸ਼ੇਰਗਿੱਲ ਨੇ ਇਸ ਗੱਲ 'ਤੇ ਤਸੱਲੀ ਪ੍ਰਗਟ ਕੀਤੀ ਕਿ ਪੰਜਾਬੀ ਵਿਸ਼ਵ ਭਰ 'ਚ ਆਪਣਾ ਸਥਾਨ ਬਣਾ ਰਹੀ ਹੈ, ਇਹ ਮਰ ਰਹੀ ਬੋਲੀ ਨਹੀਂ, ਸਗੋਂ ਇਸਦੇ ਬੋਲਣ-ਪੜ੍ਹਨ ਵਾਲਿਆਂ 'ਚ ਵਾਧਾ ਹੋ ਰਿਹਾ ਹੈ। ਪਰ ਪੰਜਾਬੀ ਨੂੰ ਪੰਜਾਬ ਦੇ ਵਿਚ ਸਹੀ ਸਥਾਨ ਨਾ ਮਿਲਣਾ ਚਿੰਤਾ ਦਾ ਵਿਸ਼ਾ ਹੈ। ਸਿੱਖਿਆ ਸ਼ਾਸ਼ਤਰੀ ਅਤੇ ਪੱਤਰਕਾਰ ਪ੍ਰੋ. ਜਸਵੰਤ ਸਿੰਘ ਗੰਡਮ ਨੇ ਇਸ ਸਮੇਂ ਬੋਲਦਿਆਂ ਕਿਹਾ ਕਿ ਪੰਜਾਬੀ ਜਦ ਤੱਕ ਰੁਜ਼ਗਾਰ, ਕਾਰੋਬਾਰ, ਸਰਕਾਰੇ-ਦਰਬਾਰੇ, ਕਚਿਹਰੀਆਂ 'ਚ ਲਾਗੂ ਨਹੀਂ ਕੀਤੀ ਜਾਂਦੀ, ਉਦੋਂ ਤੱਕ ਮਾਂ-ਬੋਲੀ ਪ੍ਰਫੁਲਤ ਨਹੀਂ ਹੋ ਸਕਦੀ। ਉਜਾਗਰ ਸਿੰਘ ਨੇ ਆਏ ਲੇਖਕ ਤਲਵਿੰਦਰ ਮੰਡ ਨੇ ਤਸੱਲੀ ਪ੍ਰਗਟ ਕੀਤੀ ਕਿ ਪੰਜਾਬੀ ਆਪਣੀ ਮਾਂ-ਬੋਲੀ ਨੂੰ ਮਨੋਂ ਪਿਆਰ ਕਰਦੇ ਹਨ ਅਤੇ ਕੈਨੇਡਾ 'ਚ ਲੇਖਕਾਂ ਦੇ ਯਤਨਾਂ ਸਦਕਾ ਪੰਜਾਬੀ ਤੀਜੀ ਭਾਸ਼ਾ ਵਜੋਂ ਪੜ੍ਹਾਈ ਜਾਣ ਲੱਗ ਪਈ ਹੈ। ਡਾ. ਐਸ.ਐਲ. ਵਿਰਦੀ ਨੇ ਪੰਜਾਬ ਵਿਚ ਪੰਜਾਬੀ ਬੋਲੀ ਨਾਲ ਹੋ ਰਹੇ ਵਿਤਕਰਿਆਂ ਸੰਬੰਧੀ ਵਿਸਥਾਰ ਨਾਲ ਚਾਨਣਾ ਪਾਇਆ। ਲੇਖਕ ਅਤੇ ਸੰਪਾਦਕ ਸ਼ਰਨਜੀਤ ਬੈਂਸ ਨੇ ਜਿਥੇ ਪੰਜਾਬੀ ਪਿਆਰਿਆਂ ਵੱਲੋਂ ਆਪਣੀ ਮਾਂ ਬੋਲੀ ਨੂੰ ਹਿੱਕ ਨਾਲ ਲਾਈ ਰੱਖਣ ਦੀ ਸ਼ਲਾਘਾ ਕੀਤੀ, ਉਥੇ ਇਸ ਗੱਲ ਉਤੇ ਅਸੰਤੁਸ਼ਟੀ ਪ੍ਰਗਟ ਕੀਤੀ ਕਿ ਪੰਜਾਬੀ ਬੋਲੀ 'ਚ ਛਪੀਆਂ ਪੁਸਤਕਾਂ ਨੂੰ ਪੜ੍ਹਨ ਵਾਲੇ ਪਾਠਕਾਂ ਦੀ ਕਮੀ ਰੜਕਦੀ ਹੈ। ਸਮਾਗਮ ਵਿਚ ਸ਼ਰਨਜੀਤ ਬੈਂਸ ਦੀਆਂ ਉਸਤਾਦ ਕੌਰ ਖ਼ਾਲਸਾ ਦਾ ਸਨਮਾਨ ਵੀ ਕੀਤਾ ਗਿਆ। ਭਜਨ ਵਿਰਕ, ਡਾ. ਜਵਾਹਰ ਧੀਰ, ਜਸਬੀਰ ਕੌਰ ਜੱਸੀ, ਲਸ਼ਕਰ ਸਿੰਘ, ਸੁਖਦੇਵ ਗੰਡਮ ਨੇ ਆਪਣੀਆਂ ਕਵਿਤਾਵਾਂ ਸੁਣਾਈਆਂ। ਹੋਰਨਾਂ ਤੋਂ ਬਿਨ੍ਹਾਂ ਇਸ ਸਮਾਗਮ ਵਿਚ ਸਾਬਕਾ ਜ਼ਿਲ੍ਹਾ ਸਿੱਖਿਆ ਅਫ਼ਸਰ ਰੂਪ ਲਾਲ, ਤਾਰਾ ਚੰਦ ਚੁੰਬਰ, ਕ੍ਰਿਸ਼ਨ ਕੁਮਾਰ, ਮਹਿੰਦਰ ਸਿੰਘ ਸੱਲ ਸਾਬਕਾ ਚੇਅਰਮੈਨ ਮਾਰਕੀਟ ਕਮੇਟੀ ਫਗਵਾੜਾ, ਸਰਬਜੀਤ ਕੌਰ ਐਮ.ਸੀ., ਰਘਬੀਰ ਸਿੰਘ ਮਾਨ, ਹਰਜਿੰਦਰ ਗੋਗਨਾ, ਪਰਵਿੰਦਰਜੀਤ ਸਿੰਘ ਪ੍ਰਧਾਨ ਸਕੇਮ, ਚੋਟ ਜਗਤਪੁਰੀ, ਅਮਨ, ਪ੍ਰਮੋਦ ਕੌਸ਼ਲ, ਬੀ.ਐਸ. ਪਰਮਾਰ, ਮਿਸਟਰ ਜੋਸ਼ੀ ਆਦਿ ਹਾਜ਼ਰ ਸਨ। ਸਮਾਗਮ ਦੀ ਸਟੇਜ਼ ਸਕੱਤਰੀ ਚੋਟ ਜਗਤਪੁਰੀ ਨੇ ਬਾਖ਼ੂਬੀ ਨਿਭਾਈ।

# ਯੂਬਾ ਸਿਟੀ 'ਚ ਸਤਿਗੁਰੂ ਰਵਿਦਾਸ ਜੀ ਦਾ 640ਵਾਂ ਪ੍ਰਕਾਸ਼ ਦਿਹਾੜਾ ਸ਼ਰਧਾ ਪੂਰਵਕ ਮਨਾਇਆ ਗਿਆ












ਰਿਪੋਰਟ ਤੇ ਤਸਵੀਰਾਂ- ਪ੍ਰੇਮ ਕੁਮਾਰ ਚੁੰਬਰ (ਦੇਸ਼ ਦੁਆਬਾ)















**ਯੂਬਾ ਸਿਟੀ (ਬਿਊਰੋ)** ਨਿਆਂ, ਸੁਤੰਤਰਤਾ, ਸਮਾਨਤਾ ਅਤੇ ਭਾਈਚਾਰੇ ਦੇ ਅਲੰਬਰਦਾਰ, ਸ਼ਹਿਨਸ਼ਾਹਾਂ ਦੇ ਸ਼ਹਿਨਸ਼ਾਹ ਸੱਚੇ ਪਾਤਸ਼ਾਹ ਸਾਹਿਬ ਸ੍ਰੀ ਗੁਰੂ ਰਵਿਦਾਸ ਜੀ ਦਾ 640ਵਾਂ ਪਵਿੱਤਰ ਦਿਹਾੜਾ ਵਿਸ਼ਵ ਭਰ 'ਚ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਮੰਨਣ ਅਤੇ ਉਸ ਵਿਚ ਅਟੁੱਟ ਵਿਸ਼ਵਾਸ ਰੱਖਣ ਵਾਲੀਆਂ ਸੰਗਤਾਂ ਅਤੇ ਸੰਸਥਾਵਾਂ ਬਹੁਤ ਹੀ ਸ਼ਰਧਾ ਪੂਰਵਕ ਦੇਸ਼-ਵਿਦੇਸ਼ 'ਚ ਲਗਾਤਾਰ ਹਰ ਐਤਵਾਰ ਮਨਾ ਰਹੀਆਂ ਹਨ। ਇਸੇ ਤਰ੍ਹਾਂ ਅਮਰੀਕਾ ਦੀ ਗੋਲਡਨ ਸਟੇਟ ਵਜੋਂ ਜਾਣੀ ਜਾਂਦੀ ਕੈਲੇਫੋਰਨੀਆ ਸਟੇਟ ਦੇ ਪੰਜਾਬੀਆਂ ਦੀ ਸੰਘਣੀ ਆਬਾਦੀ ਵਾਲੇ ਯੂਬਾ ਸਿਟੀ ਸ਼ਹਿਰ ਅੰਦਰ ਸ੍ਰੀ ਗੁਰੂ ਰਵਿਦਾਸ ਟੈਂਪਲ ਵਿਖੇ ਉਥੋਂ ਦੀ ਪ੍ਰਬੰਧਕ ਕਮੇਟੀ ਨੇ ਸਮੂਹ ਗੁਰੂ ਪਿਆਰੀ ਸਾਧ ਸੰਗਤ ਦੇ ਸੰਪੂਰਨ ਸਹਿਯੋਗ ਨਾਲ 19 ਫਰਵਰੀ ਨੂੰ ਸਤਿਗੁਰੂ ਰਵਿਦਾਸ ਜੀ ਦਾ 640ਵਾਂ ਪ੍ਰਕਾਸ਼ ਦਿਹਾੜਾ ਬਹੁਤ ਹੀ ਸ਼ਰਧਾ ਪੂਰਵਕ ਮਨਾਇਆ।

ਇਸ ਸਬੰਧਤ 17 ਫਰਵਰੀ ਦਿਨ ਸ਼ੁੱਕਰਵਾਰ ਨੂੰ ਸ੍ਰੀ ਅਖੰਡ ਪਾਠ ਸਾਹਿਬ ਆਰੰਭ ਹੋਏ ਅਤੇ 19 ਫਰਵਰੀ ਦਿਨ ਐਤਵਾਰ ਨੂੰ ਭੋਗ ਪਾਏ ਗਏ। ਸ਼ਨਿਚਰਵਾਰ 18 ਫਰਵਰੀ ਨੂੰ ਨਿਸ਼ਾਨ ਸਾਹਿਬ ਜੀ ਨੂੰ ਚੋਲੇ ਪਹਿਨਾਏ ਗਏ, ਜਿਸ ਦੀ ਸੇਵਾ ਗੁਰੂ ਘਰ ਦੀ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸ੍ਰੀ ਸ਼ਿੰਗਾਰਾ ਸਿੰਘ ਰੱਲ੍ਹ ਤੇ ਉਨ੍ਹਾਂ ਦੇ ਪਰਿਵਾਰ ਵੱਲੋਂ ਕੀਤੀ ਗਈ ਤੇ ਸ਼ਾਮਾਂ ਦੇ ਦੀਵਾਨ ਸਜਾਏ ਗਏ, ਜਿਸ ਦੌਰਾਨ ਸੰਗਤ ਨੇ ਭਰਵੀਂ ਹਾਜ਼ਰੀ ਭਰਦਿਆਂ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕੀਤੀਆਂ।

19 ਫਰਵਰੀ ਦਿਨ ਐਤਵਾਰ ਨੂੰ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਪਾਏ ਜਾਣ ਉਪਰੰਤ ਕੀਰਤਨ ਦੀਵਾਨ ਸਜਾਏ ਗਏ। ਇਸ ਦੌਰਾਨ ਗੁਰੂ ਘਰ ਦੇ ਮੁੱਖ ਗ੍ਰੰਥੀ ਭਾਈ ਸਾਹਿਬ ਭਾਈ ਪ੍ਰਿਤਪਾਲ ਸਿੰਘ ਤੇ ਭਾਈ ਕ੍ਰਿਸ਼ਨ ਸਿੰਘ ਜੀ ਦਾ ਸਾਥ ਭਾਈ ਪੂਰਨ ਸਿੰਘ ਜੀ ਨੇ ਦਿੱਤਾ। ਜਿਹਨਾਂ ਬਾਣੀ ਗੁਰੂ, ਗੁਰੂ ਹੈ ਬਾਣੀ, ਵਿਚ ਬਾਣੀ ਅੰਮ੍ਰਿਤ ਸਾਰੇ, ਰੱਖਿਓ ਪੱਤ ਮੇਰੀ ਪ੍ਰੇਮ ਦਾ ਪਟੋਲਾ ਦਿੱਤਾ ਆਦਿ ਗੁਰਬਾਣੀ ਸ਼ਬਦਾਂ ਨਾਲ ਸੰਗਤਾਂ ਨੂੰ ਨਿਹਾਲ ਕੀਤਾ। ਇਸ ਉਪਰੰਤ ਇੰਗਲੈਂਡ ਵਾਲੇ ਭਾਈ ਸਾਹਿਬ ਭਾਈ ਜਸਵੀਰ ਸਿੰਘ ਜੀ ਖਾਲਸਾ ਤੇ ਉਨ੍ਹਾਂ ਦੇ ਜਥੇ ਨੇ ਵੀ ਵਿਸ਼ੇਸ਼ ਤੌਰ 'ਤੇ ਹਾਜ਼ਰੀ ਲਗਾਉਂਦਿਆਂ 'ਬਹੁਤ ਜਨਮ ਵਿਛੜੇ ਥੇ ਮਾਧੋ ਇਹ ਜਨਮ ਤੁਮਾਰੇ ਲੇਖੇ' ਆਦਿ ਸ਼ਬਦਾਂ ਨਾਲ ਆਪਣੀ ਰਸਭਿੰਨੀ ਸ਼ਬਦ ਗਾਇਨ ਸ਼ੈਲੀ ਨਾਲ ਸੰਗਤਾਂ ਨੂੰ ਨਿਹਾਲ ਕੀਤਾ, ਜਿਸ ਨੂੰ ਸੰਗਤਾਂ ਨੇ ਮਨ ਚਿੱਤ, ਇਕਾਗਰਤਾ ਨਾਲ ਸਰਵਣ ਕੀਤਾ। ਇਨ੍ਹਾਂ ਤੋਂ ਇਲਾਵਾ ਗੁਰੂ ਘਰ ਦੇ ਮੀਤ ਪ੍ਰਧਾਨ ਅਤੇ ਮਸ਼ਹੂਰ ਢਾਡੀ ਗੁਰਨਾਮ ਸਿੰਘ ਭੰਡਾਲ ਤੇ ਉਨ੍ਹਾਂ ਦੇ ਢਾਡੀ ਜਥੇ ਨੇ ਸਤਿਗੁਰੂ ਰਵਿਦਾਸ ਜੀ ਦੇ ਜੀਵਨ ਤੇ ਰਸਭਿੰਨੀਆਂ ਵਾਰਾਂ ਗਾ ਕੇ ਸੰਗਤਾਂ ਨੂੰ ਨਿਹਾਲ ਕੀਤਾ।

ਅਕਾਲ ਪੁਰਖ ਦੀ ਹੋ ਰਹੀ ਸਿਫਤ ਸਲਾਹ 'ਚ ਸੰਗਤ ਦੀ ਇਕਾਗਰਤਾ ਦੇਖਣ ਵਾਲੀ ਸੀ। ਦੀਵਾਨ ਹਾਲ ਅੰਦਰ-ਬਾਹਰ ਸੰਗਤਾਂ ਨਾਲ ਠਾਠਾਂ ਮਾਰ ਰਿਹਾ ਸੀ। ਪ੍ਰਬੰਧਕ ਕਮੇਟੀ ਦਾ ਅੱਛਾ ਪ੍ਰਬੰਧ ਸਲਾਹੁਣਯੋਗ ਸੀ। ਸਤਿਗੁਰੂ ਦੀ ਉਪਮਾ 'ਚ ਮੌਸਮ ਨੇ ਵੀ ਆਪਣੀ ਪਿਛਲੇ ਦਿਨਾਂ ਵਿਚ ਜੌਹਰ ਦਿਖਾਇਆ ਤੇ ਵਰਖਾ ਤੋਂ ਤੌਬਾ ਕਰਕੇ ਸੰਗਤਾਂ ਦਾ ਮਾਣ ਵਧਾਇਆ।

ਜਿੱਥੇ ਗੁਰੂ ਘਰ ਵੱਲੋਂ ਅਤੁੱਟ ਲੰਗਰ ਵਰਤਾਏ ਜਾ ਰਹੇ ਸਨ, ਉਥੇ ਗੁਰਸਿੱਖ ਪਰਿਵਾਰਾਂ ਵੱਲੋਂ ਚਾਹ, ਸੋਡਾ, ਪਾਣੀ, ਗਰਮ ਗਰਮ ਛੋਲੇ ਭਟੂਰੇ, ਪਕੌੜੇ, ਭਾਂਤ-ਭਾਂਤ ਦੀਆਂ ਮਠਿਆਈਆਂ, ਗੋਲਗੱਪੇ, ਤਰ੍ਹਾਂ-ਤਰ੍ਹਾਂ ਦੇ ਤਾਜ਼ਾ ਫਰੂਟ, ਮੈਂਗੋ ਲੱਸੀ, ਆਲੂ ਟਿੱਕੀਆਂ ਆਦਿ ਦੇ ਸਟਾਰ ਲਗਾ ਕੇ ਸੰਗਤਾਂ ਦੀ ਸੇਵਾ ਕਰ ਰਹੇ ਸਨ, ਜਿਹਨਾਂ ਵਿਚ ਵਿਸ਼ੇਸ਼ ਤੌਰ 'ਤੇ 'ਦੀ ਤਾਜ਼ ਰੈਸਟੋਰੈਂਟ ਯੂਬਾ ਸਿਟੀ ਵਾਲੇ' ਅਤੇ ਹਰਨੇਕ ਸਿੰਘ, ਹਰਜਾਪ ਸਿੰਘ ਅਤੇ ਸਤਨਾਮ ਸਿੰਘ 'ਸਟਾਰ ਆਫ ਇੰਡੀਆ ਰੈਸਟੋਰੈਂਟ' ਯੂਬਾ ਸਿਟੀ ਵਾਲੇ ਦੀ ਤਾਰੀਫ ਕਰਨੀ ਬਣਦੀ ਹੈ। ਉਸੇ ਤਰ੍ਹਾਂ ਸ੍ਰੀ ਗੁਰੂ ਰਵਿਦਾਸ ਨੌਜਵਾਨ ਸਭਾ ਦੇ ਸੇਵਾਦਾਰਾਂ ਨੇ ਵੀ ਖੂਬ ਸੇਵਾ ਕੀਤੀ।

ਇਸੇ ਦੌਰਾਨ ਸੰਗਤਾਂ ਨੇ ਲਗਾਤਾਰ ਚੱਲਦੇ ਦੀ-ਵਾਨਾਂ ਅੰਦਰ ਉਪਰੋਕਤ ਰਾਗੀ/ਢਾਡੀ ਜਥਿਆਂ ਤੋਂ ਇਲਾਵਾ ਸਰਵਸ਼੍ਰੀ ਜੋਗਿੰਦਰ ਸਿੰਘ ਸ਼ੌਂਕੀ, ਅਸ਼ੋਕ ਕੁਮਾਰ ਚਮਕੀਲਾ, ਪਾਲ ਰਵਿਦਾਸੀਆ ਅਤੇ ਰਾਜ ਕੁਮਾਰ ਰਵਿਦਾਸੀਆ ਦੁਆਰਾ ਕੀਤੇ ਗਏ ਸ਼ਬਦ ਗਾਇਨ ਨੂੰ ਅੰਤਰ ਧਿਆਨ ਹੋ ਕੇ ਸਰਵਣ ਕੀਤਾ।

ਸਟੇਜ ਦੀ ਸੇਵਾ ਬਾਖੂਬੀ ਨਾਲ ਨਿਭਾਉਂਦਿਆਂ ਸ੍ਰੀ ਗੁਰਦੀਪ ਸਿੰਘ ਹੀਰਾ ਨੇ ਜਿਹਨਾਂ ਬੁਲਾਰਿਆਂ ਨੂੰ ਵਾਰੋ-ਵਾਰੀ ਸੱਦਾ ਦਿੱਤਾ, ਉਹਨਾਂ ਵਿਚ ਸਰਵ ਸ੍ਰੀ ਰਾਜ ਕੁਮਾਰ ਸੂਦ (ਸਕੱਤਰ), ਜਸਵਿੰਦਰ ਬੰਗਾ (ਸਾਬਕਾ ਚੇਅਰਮੈਨ ਸ੍ਰੀ ਗੁਰੂ ਰਵਿਦਾਸ ਸਭਾ ਸੈਕਰਾਮੈਂਟੋ) ਸ ਜੋਗਾ ਸਿੰਘ, ਸ ਦਲਜੀਤ ਸਿੰਘ, ਉਘੇ ਸ਼ਾਇਰ ਸ੍ਰੀ ਸ਼ਾਮ ਲਾਲ ਜੀ ਅਤੇ 'ਅੰਬੇਦਕਰ ਟਾਈਮਜ਼' ਅਤੇ 'ਦੇਸ਼ ਦੁਆਬਾ' ਦੇ ਮੁੱਖ ਸੰਪਾਦਕ ਸ੍ਰੀ ਪ੍ਰੇਮ ਕੁਮਾਰ ਚੁੰਬਰ ਜੀ ਆਦਿ ਨਾਂ ਵਰਣਨਯੋਗ ਹਨ। ਜਿਹਨਾਂ ਸਤਿਗੁਰੂ ਰਵਿਦਾਸ ਜੀ ਦੇ ਗੁਰਪੁਰਬ ਦਿਹਾੜੇ ਤੇ ਪ੍ਰਬੰਧਕ ਕਮੇਟੀ ਤੇ ਸਮੂਹ ਸੰਗਤਾਂ ਨੂੰ ਵਧਾਈਆਂ ਦਿੰਦਿਆਂ ਗੁਰੂ ਜੀ ਪ੍ਰਤੀ ਦੋ-ਦੋ ਸ਼ਬਦਾਂ ਨਾਲ ਹਾਜ਼ਰੀ ਲਗਵਾਈ। ਗੁਰੂ ਘਰ ਦੀ ਪ੍ਰਬੰਧਕ ਕਮੇਟੀ ਵੱਲੋਂ ਸ੍ਰੀ ਗੁਰੂ ਰਵਿਦਾਸ ਸਭਾਵਾਂ ਅਤੇ ਮਹਾਂਰਿਸ਼ੀ ਵਾਲਮੀਕ ਮੰਦਰ ਯੂਬਾ ਸਿਟੀ ਦੀ ਪ੍ਰਬੰਧਕ ਕਮੇ-ਟੀਆਂ, ਸ੍ਰੀ ਅਤੇ ਸ੍ਰੀਮਤੀ ਨਿਰਮਲ ਸਿੰਘ ਅਤੇ ਅਦਾਰਾ 'ਅੰਬੇਦਕਰ ਟਾਈਮਜ਼' ਅਤੇ 'ਦੇਸ਼ ਦੁਆਬਾ' ਦੇ ਮੁੱਖ ਸੰਪਾਦਕ ਸ੍ਰੀ ਪ੍ਰੇਮ ਕੁਮਾਰ ਚੁੰਬਰ ਜੀ ਆਦਿ ਨੂੰ ਸਿਰੋਪਾਓ ਨਾਲ ਸਨਮਾਨਿਤ ਕੀਤਾ ਗਿਆ।

ਅਖੀਰ ਵਿਚ ਸਮਾਗਮ ਦੀ ਸਮਾਪਤੀ 'ਤੇ ਭਾਈ ਪ੍ਰਿਤਪਾਲ ਸਿੰਘ ਜੀ ਨੇ ਸਰਬੱਤ ਦੇ ਭਲੇ ਲਈ ਅਰਦਾਸ ਕੀਤੀ। ਸ. ਗੁਰਦੀਪ ਸਿੰਘ ਹੀਰਾ ਜੀ ਨੇ ਸਮੂਹ ਪ੍ਰਬੰਧਕ ਕਮੇਟੀ ਵੱਲੋਂ ਸਮੂਹ ਗੁਰੂ ਪਿਆਰੀ ਸਾਧ ਸੰਗਤ, ਸਾਰੀਆਂ ਸੰਸਥਾਵਾਂ, ਮੀਡੀਆ ਆਦਿ ਦਾ ਹਾਜ਼ਰੀਆਂ ਭਰਨ ਲਈ ਅਤੇ ਪੂਰਨ ਸਹਿਯੋਗ ਦੇਣ ਲਈ ਕੋਟਿਨ-ਕੋਟਿ ਧੰਨਵਾਦ ਕੀਤਾ। ਉਹਨਾਂ ਨੇ ਉਨ੍ਹਾਂ ਪਰਿਵਾਰਾਂ ਦਾ ਵੀ ਧੰਨਵਾਦ ਕੀਤਾ, ਜਿਹਨਾਂ ਨੇ ਲੰਗਰ/ਸਟਾਲ ਰਾਹੀਂ ਸੰਗਤਾਂ ਦੀ ਸੇਵਾ ਕੀਤੀ। ਉਹਨਾਂ ਬੀਬੀਆਂ ਦਾ ਵੀ ਧੰਨਵਾਦ ਕੀਤਾ, ਜਿਹਨਾਂ ਲਗਾਤਾਰ ਰਸੋਈ 'ਚ ਸੇਵਾ ਬਾਖੂਬੀ ਨਿਭਾਈ।

ਵਾਹਿਗੁਰੂ ਸਭ ਨੂੰ ਸੁਖੀ ਤੇ ਖੁਸ਼ੀਆਂ ਦੇ ਖੇੜੇ ਬਖਸ਼ੇ।

**(ਹੋਰ ਤਸਵੀਰਾਂ ਦੇਖੋ ਸਫਾ 12 ਅਤੇ 13 'ਤੇ)**

# ਯੂਬਾ ਸਿਟੀ 'ਚ ਸਤਿਗੁਰੂ ਰਵਿਦਾਸ ਜੀ ਦਾ 640ਵਾਂ ਪ੍ਰਕਾਸ਼ ਦਿਹਾੜਾ ਸ਼ਰਧਾ ਪੂਰਵਕ ਮਨਾਇਆ ਗਿਆ


















ਰਿਪੋਰਟ ਤੇ ਤਸਵੀਰਾਂ- ਪ੍ਰੇਮ ਕੁਮਾਰ ਚੁੰਬਰ (ਦੇਸ਼ ਦੁਆਬਾ)







# ਯੂਬਾ ਸਿਟੀ 'ਚ ਸਤਿਗੁਰੂ ਰਵਿਦਾਸ ਜੀ ਦਾ 640ਵਾਂ ਪ੍ਰਕਾਸ਼ ਦਿਹਾੜਾ ਸ਼ਰਧਾ ਪੂਰਵਕ ਮਨਾਇਆ ਗਿਆ








ਰਿਪੋਰਟ ਤੇ ਤਸਵੀਰਾਂ- ਪ੍ਰੇਮ ਕੁਮਾਰ ਚੁੰਬਰ (ਦੇਸ਼ ਦੁਆਬਾ)















# ਸ੍ਰੀ ਗੁਰੂ ਰਵਿਦਾਸ ਸਭਾ ਆਫ ਨਿਊਯਾਰਕ ਵੱਲੋਂ ਸ੍ਰੀ ਗੁਰੂ ਰਵਿਦਾਸ ਜੀ ਦਾ ਪ੍ਰਕਾਸ਼ ਦਿਹਾੜਾ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਇਆ

**ਨਿਊਯਾਰਕ (ਬਿਊਰੋ)–** ਬੀਤੀ 12 ਫਰਵਰੀ ਦਿਨ ਐਤਵਾਰ ਨੂੰ ਨਿਊਯਾਰਕ ਦੀਆਂ ਸੰਗਤਾਂ ਅਤੇ ਪ੍ਰਬੰਧਕ ਕਮੇਟੀ ਵੱਲੋਂ ਸ੍ਰੀ ਗੁਰੂ ਰਵਿਦਾਸ ਜੀ ਦਾ 640ਵਾਂ ਪ੍ਰਕਾਸ਼ ਦਿਹਾੜਾ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਇਆ ਗਿਆ। ਇਸ ਸਬੰਧਤ ਬਹੁਤ ਹੀ ਸੁਚੱਜੇ ਪ੍ਰਬੰਧ ਕੀਤੇ ਗਏ। 31 ਜਨਵਰੀ ਦਿਨ ਮੰਗਲਵਾਰ ਤੋਂ ਲੈ ਕੇ 12 ਫਰਵਰੀ ਐਤਵਾਰ ਤੱਕ 11 ਅਖੰਡ ਪਾਠ ਸਾਹਿਬ ਦੀ ਲੜੀ ਸ਼ੁਰੂ ਕੀਤੀ ਗਈ, ਜਿਸ ਵਿਚ 12 ਫਰਵਰੀ ਨੂੰ ਸਮੁੱਚੀ ਸਾਧ ਸੰਗਤ ਵੱਲੋਂ 11ਵੇਂ ਅਖੰਡ ਪਾਠ ਸਾਹਿਬ ਦੇ ਭੋਗ ਠੀਕ 11 ਵਜੇ ਪਾਏ ਗਏ ਅਤੇ ਉਸ ਤੋਂ ਪਹਿਲਾਂ 9 ਵਜੇ ਗੁਰੂ ਘਰ ਦੀ ਪ੍ਰਬੰਧਕ ਕਮੇਟੀ ਅਤੇ ਟਰੱਸਟ ਕਮੇਟੀ ਅਤੇ ਸਮੂਹ ਸੰਗਤ ਵੱਲੋਂ ਨਿਸ਼ਾਨ ਸਾਹਿਬ ਦੀ ਸੇਵਾ ਕੀਤੀ ਗਈ। ਉਪਰੰਤ ਆਸਾ ਦੀ ਵਾਰ ਉਪਰੰਤ ਹੀ ਗੁਰੂ ਘਰ ਦੇ ਜਨਰਲ ਸਕੱਤਰ ਸੂਬੇਦਾਰ ਖੁਸ਼ੀਆ ਸਿੰਘ ਜੀ ਨੇ ਸਟੇਜ ਦੀ ਸੇਵਾ ਸੰਭਾਲਦੇ ਹੋਏ ਗੁਰੂ ਘਰ ਦੇ ਮੇਨ ਦੀਵਾਨ ਦੀ ਕਾਰਵਾਈ ਚਲਾਈ। ਜਿਸ ਵਿਚ ਗੁਰੂ ਘਰ ਦੇ ਕੀਰਤਨੀ ਜਥੇ ਭਾਈ ਮਹਾਂਵੀਰ ਸਿੰਘ ਜੀ ਨੇ ਆਸਾ ਦੀ ਵਾਰ ਸੁਣਾਈ। ਪੰਥ ਦੇ ਪ੍ਰਸਿੱਧ ਕੀਰਤਨੀਏ ਅਤੇ ਢਾਡੀ ਜਥੇ ਪਹੁੰਚੇ ਅਤੇ ਉਚੇਚੇ ਤੌਰ ਤੇ ਪੰਜਾਬ ਤੋਂ ਪੰਜਾਬੀ ਦੇ ਪ੍ਰਸਿੱਧ ਕਲਾਕਾਰ ਦਿਲਜਾਨ ਨੇ ਸ੍ਰੀ ਗੁਰੂ ਰਵਿਦਾਸ ਜੀ ਦਾ ਗੁਣਗਾਇਨ ਕੀਤਾ। ਕੀਰਤਨ ਦੇ ਚਲਦੇ-ਚਲਦੇ ਗੁਰੂ ਘਰ ਦੇ ਮੁੱਖ ਸੇਵਾਦਾਰ ਸ੍ਰੀ ਅਸ਼ੋਕ ਕੁਮਾਰ ਮਾਹੀ ਨੇ ਸੰਗਤ ਨੂੰ ਜੀ ਆਇਆਂ ਕਿਹਾ ਤੇ ਸੰਗਤਾਂ ਨੂੰ ਪ੍ਰਕਾਸ਼ ਦਿਵਸ ਦੀਆਂ ਵਧਾਈਆਂ ਦਿੱਤੀਆਂ। ਗੁਰੂ ਘਰ ਵਿਚ ਇਸ ਮੌਕੇ ਤੇ ਸਪੈਸ਼ਲ ਪਹੁੰਚੇ ਪੰਜਬੀ ਕਲਾਕਰ ਦਿਲਜਾਨ ਦਾ ਧੰਨਵਾਦ ਕੀਤਾ ਅਤੇ ਪ੍ਰਬੰਧਕ ਕਮੇਟੀ ਅਤੇ ਟਰੱਸਟ ਕਮੇਟੀ ਵੱਲੋਂ ਸ੍ਰੀ ਬਲਬੀਰ ਕਰਤਾਰਪੁਰੀ ਰਾਹੀਂ ਦਿਲਜਾਨ ਨੂੰ ਗੋਲਡ ਮੈਡਲ ਨਾਲ ਸਨਮਾਨਿਤ ਕੀਤਾ। ਮੇਅਰ ਆਫਿਸ ਤੋਂ ਪਹੁੰਚੇ ਐਮ. ਸੀ. ਨਿੱਕ, ਕਾਂਗਰਸ ਮੈਂਬਰ ਅਤੇ ਦੂਜੇ ਗੁਰੂ ਘਰਾਂ ਤੋਂ ਅਤੇ ਸੰਸਥਾਵਾਂ ਅਤੇ ਅਹੁਦੇਦਾਰਾਂ ਦਾ ਧੰਨਵਾਦ ਕੀਤਾ ਗਿਆ। ਗੁਰੂ ਘਰ ਦੇ ਚੇਅਰਮੈਨ ਬਲਵੀਰ ਚੌਹਾਨ ਨੇ ਪਹੁੰਚੀ ਸੰਗਤਾ ਦਾ ਸਵਾਗਤ ਕੀਤਾ ਅਤੇ ਧੰਨਵਾਦ ਕੀਤਾ ਅਤੇ ਸੰਗਤ ਨੂੰ ਗੁਰੂ ਘਰ ਵਿਖੇ ਪਹੁੰਚ ਕੇ ਮਾਣ ਵਧਾਉਣ ਲਈ ਬੇਨਤੀ ਕੀਤੀ। ਉਹਨਾਂ ਕਿਹਾ ਕਿ ਗੁਰੂ ਘਰ ਦੇ ਸਾਰੇ ਅਧੂਰੇ ਕਾਰਜਾਂ ਲਈ ਸੰਗਤਾਂ ਦੇ ਸਹਿਯੋਗ ਦੀ ਲੋੜ ਹੈ। ਸ੍ਰੀ ਗੁਰੂ ਰਵਿਦਾਸ ਸਭਾ ਆਫ ਨਿਊਯਾਰਕ ਦਾ ਸੰਪਰਕ ਨੰਬਰ 718-898-8150







ਪ੍ਰਧਾਨ
ਸ੍ਰੀ ਅਸ਼ੋਕ ਮਾਹੀ







ਚੇਅਰਮੈਨ
ਸ੍ਰੀ ਬਲਵੀਰ ਚੌਹਾਨ

ਸ੍ਰੀ ਗੁਰੂ ਰਵਿਦਾਸ ਸਭਾ ਆਫ ਨਿਊਯਾਰਕ ਦੇ ਚੇਅਰਮੈਨ ਸ੍ਰੀ ਬਲਵੀਰ ਚੌਹਾਨ ਅਤੇ ਪ੍ਰਧਾਨ ਸ੍ਰੀ ਅਸ਼ੋਕ ਮਾਹੀ ਵੱਲੋਂ ਸਮੂਹ ਪ੍ਰਬੰਧਕਾਂ ਅਤੇ ਸਮੂਹ ਸਾਧ ਸੰਗਤ ਦਾ ਗੁਰਪੁਰਬ ਦਿਹਾੜੇ ਵਿਚ ਸ਼ਿਰਕਤ ਅਤੇ ਸੇਵਾ ਕਰਨ ਬਦਲੇ ਕੋਟਿਨ-ਕੋਟਿ ਧੰਨਵਾਦ ਕੀਤਾ ਜਾਂਦਾ ਹੈ।





















# 'ਸ਼ਹੀਦੀ ਸਾਕਾ ਸ੍ਰੀ ਨਨਕਾਣਾ ਸਾਹਿਬ'



ਪ੍ਰੋ: ਐਚ.ਐਲ.ਕਪੂਰ
001- 916- 587-4002

ਸ੍ਰੀ ਨਨਕਾਣਾ ਸਾਹਿਬ ਦਾ ਸ਼ਹੀਦੀ ਸਾਕਾ ਇਕ ਅਜਿਹਾ ਨਿਰਦਾਇਤਾ ਭਰਪੂਰ ਖ਼ੂਨੀ ਪ੍ਰਸੰਗ ਹੈ ਜਿਹੜਾ ਕਿ ਉਸ ਸਮੇਂ ਵਾਪਰਿਆ ਜਦੋਂ 'ਗੁਰਦੁਆਰਾ ਸੁਧਾਰ ਲਹਿਰ' ਆਪਣੇ ਜੋਬਨ 'ਤੇ ਸੀ ਤੇ ਗੁਰਦੁਆਰਿਆਂ ਦੇ ਸੁਧਾਰ ਲਈ, ਸੁਧਾਰਕ ਸਿੱਖ ਬੜੇ ਸ਼ਾਂਤਮਈ ਤਰੀਕੇ ਨਾਲ ਆਪਣਾ ਫਰਜ਼ ਨਿਭਾਅ ਰਹੇ ਸਨ। ਉਨ੍ਹਾਂ ਦੇ ਇਕ ਜਥੇ 'ਤੇ ਬੰਦੂਕਧਾਰੀਆਂ ਨੇ ਮਿਤੀ 20 ਫਰਵਰੀ 1921 ਨੂੰ ਨਨਕਾਣਾ ਸਾਹਿਬ ਵਿਖੇ ਗੁਰੂ ਨਾਨਕ ਦੇਵ ਜੀ ਦੇ ਜਨਮ ਸਥਾਨ 'ਤੇ ਬਣੇ ਪਵਿੱਤਰ ਗੁਰਦੁਆਰਾ ਸਾਹਿਬ ਵਿਖੇ ਗੋਲੀਆਂ ਨਾਲ ਹਮਲਾ ਕਰ ਦਿੱਤਾ।

ਇਸ ਸਿੱਖਾਂ ਦੇ ਪਵਿੱਤਰ ਧਾਰਮਿਕ ਸਥਾਨ ਤੇ ਇਸ ਦੇ ਨਾਲ ਇਥੇ ਦੇ ਹੋਰ ਛੇ ਸਿੱਖ ਪਵਿੱਤਰ ਧਾਰਮਿਕ ਸਥਾਨ, ਉਦਾਸੀ ਮਹੰਤਾਂ ਦੇ ਕਬਜ਼ੇ ਹੇਠ, ਉਸ ਸਮੇਂ ਤੋਂ ਸਨ ਜਦੋਂ ਤੋਂ ਮੁਗਲ ਹਕੂਮਤ ਸਿੱਖਾਂ 'ਤੇ ਅੱਤਿਆਚਾਰ ਕਰਦੀ ਆ ਰਹੀ ਸੀ ਤੇ ਸਿੱਖ ਆਪਣੀਆਂ ਜਾਨਾਂ ਬਚਾਉਣ ਲਈ ਪਹਾੜਾਂ ਤੇ ਰਾਜਸਥਾਨ ਦੇ ਮਾਰੂਥਲਾਂ 'ਚ ਚਲੇ ਗਏ ਸਨ। ਇਹ ਮਹੰਤ ਇਨ੍ਹਾਂ ਗੁਰਦੁਆਰਿਆਂ ਅਤੇ ਧਾਰਮਿਕ ਸਥਾਨਾਂ ਦੀ ਵਰਤੋਂ ਆਪਣੀ ਇਕ ਨਿੱਜੀ ਜਾਇਦਾਦ ਵਜੋਂ ਕਰਦੇ ਸਨ ਤੇ ਇਹਨਾਂ ਪਵਿੱਤਰ ਧਾਰਮਿਕ ਸਥਾਨਾਂ 'ਤੇ ਅਜਿਹੇ ਕੁਕਰਮ ਤੇ ਭੈੜੀਆਂ ਹਰਕਤਾਂ ਕਰਦੇ ਸਨ, ਜਿਹਨਾਂ ਨੂੰ ਸਿੱਖ ਧਰਮ ਮਨਜ਼ੂਰੀ ਨਹੀਂ ਦਿੰਦਾ। ਇਨ੍ਹਾਂ ਮਹੰਤਾਂ ਦਾ ਚਾਲ ਚਲਣ ਤੇ ਨਿੱਜੀ ਜੀਵਨ ਬੜੀ ਬਦਕਾਰੀ ਵਾਲਾ, ਅਯਾਸ਼ੀ ਵਾਲਾ ਤੇ ਕਲੰਕਿਤ ਸੀ। ਉਨੀਵੀਂ ਸਦੀ ਦੇ ਅੰਤਿਮ ਦਹਾਕੇ 'ਚ 'ਸਿੰਘ ਸਭਾ ਲਹਿਰ' 'ਚ ਸ਼ਾਮਲ ਕੱਟੜਪੰਥੀ ਸਿੱਖਾਂ ਨੇ ਇਸ ਗੱਲ ਦਾ ਪ੍ਰਚਾਰ ਕਰਨਾ ਆਰੰਭ ਕਰ ਦਿੱਤਾ ਕਿ ਇਨ੍ਹਾਂ ਸਿੱਖ ਧਰਮ ਦੇ ਪਵਿੱਤਰ ਗੁਰਦੁਆਰਿਆਂ 'ਚੋਂ ਮਹੰਤਾਂ ਦੇ ਕਬਜ਼ੇ ਨੂੰ ਖਤਮ ਕਰਵਾਇਆ ਜਾਵੇ ਕਿਉਂਕਿ ਉਹ ਇਨ੍ਹਾਂ ਪਵਿੱਤਰ ਸਥਾਨਾਂ ਦੀ ਆਪਣੇ ਕੁਕਰਮਾਂ ਨਾਲ ਬੇਅਦਬੀ ਕਰਦੇ ਹਨ ਤੇ ਇਨ੍ਹਾਂ ਪਵਿੱਤਰ ਸਥਾਨਾਂ ਦਾ ਪ੍ਰਬੰਧ, ਵਿਦਰੋਹ ਕਰਕੇ ਆਪਣੇ ਹੱਥ 'ਚ ਲਿਆ ਜਾਵੇ। 20ਵੀਂ ਸਦੀ ਦੇ ਆਰੰਭ 'ਚ ਹੀ ਇਹ ਵਿਦਰੋਹ ਉਸ ਸਮੇਂ ਸਿਖਰ 'ਤੇ ਪਹੁੰਚ ਗਿਆ ਜਦੋਂ 'ਗੁਰਦੁਆਰਾ ਸੁਧਾਰ ਲਹਿਰ' ਤੇ ਅਕਾਲੀ ਲਹਿਰ' 1920-1926 ਆਰੰਭ ਹੋਈ।

ਉਦਾਸੀ ਮਹੰਤਾਂ 'ਚੋਂ ਗੁਰਦੁਆਰਾ ਜਨਮ ਸਥਾਨ ਨਨਕਾਣਾ ਸਾਹਿਬ ਵਿਖੇ ਮਹੰਤ ਨਰਾਇਣ ਦਾਸ ਮੁੱਖ ਮਹੰਤ ਸੀ। ਉਹ ਕਾਫ਼ੀ ਅਮੀਰ, ਅਯਾਸ਼ ਤੇ ਅੜਬ ਸੁਭਾਅ ਦਾ ਮਾਲਕ ਸੀ। ਉਹ ਇਸ ਧਰਮ ਸਥਾਨ ਦਾ ਖ਼ੁਦਮੁਖ਼ਤਿਆਰ ਮਹੰਤ ਸੀ। ਉਹ ਆਪਣੇ ਕੁਕਰਮਾਂ ਕਰਕੇ ਇਲਾਕੇ 'ਚ ਬੜਾ ਬਦਨਾਮ ਸੀ ਤੇ ਉਸ ਨੇ ਕਈ ਘਪਲੇ ਕੀਤੇ ਹੋਏ ਸਨ। ਸਿੱਖਾਂ ਵੱਲੋਂ ਸਰਕਾਰ ਪਾਸ ਕੀਤੀ ਗਈ ਬੇਨਤੀ ਕਿ ਇਸ ਮਹੰਤ ਨੂੰ ਇੱਥੋਂ ਕੱਢ ਦਿੱਤਾ ਜਾਵੇ, ਨੂੰ ਸਰਕਾਰ ਨੇ ਅਣਗੌਲਿਆ ਕਰ ਦਿੱਤਾ। ਇਸ ਮਹੰਤ ਦੀ ਬਦਕਾਰੀ ਦਾ ਇਕ ਮਸਲਾ ਉਸ ਸਮੇਂ 1918 'ਚ ਬਹੁਤ ਜ਼ੋਰ ਫੜ ਗਿਆ, ਜਦੋਂ ਦੋ ਮੁਸਾਫ਼ਰ ਸ਼ਰਧਾਲੂ ਔਰਤਾਂ ਇਸ ਪਵਿੱਤਰ ਸਥਾਨ ਦੀ ਯਾਤਰਾ ਤੇ ਆਈਆਂ ਤੇ ਮਹੰਤ ਨੇ ਉਨ੍ਹਾਂ ਨਾਲ ਛੇੜਖ਼ਾਨੀ ਕੀਤੀ।

ਅਕਤੂਬਰ 1920 ਦੇ ਆਰੰਭ 'ਚ ਪਿੰਡ ਧਾਰੋਵਾਲੀ, ਜ਼ਿਲ੍ਹਾ ਸ਼ੇਖ਼ੂਪੁਰਾ ਵਿਖੇ ਸਿੱਖਾਂ ਦੇ ਇਕ ਬੜੇ ਵੱਡੇ ਇਕੱਠ ਨੇ ਮਹੰਤ ਦੀ ਇਸ ਬਦਕਾਰੀ ਦਾ ਰੱਜ ਕੇ ਵਿਰੋਧ ਕੀਤਾ। ਉਸ ਸਮੇਂ ਇਕ ਅਜਿਹੀ ਘਟਨਾ ਵਾਪਰੀ ਕਿ ਗੁਰਦੁਆਰਾ ਬਾਬੇ ਦੀ ਬੇਰ, ਸਿਆਲਕੋਟ ਨੂੰ ਸਿੱਖ ਸੰਗਤਾਂ ਨੇ ਮਹੰਤਾਂ ਦੇ ਕਬਜ਼ੇ 'ਚੋਂ ਮਿਤੀ 5 ਅਕਤੂਬਰ 1920 ਨੂੰ ਮੁਕਤ ਕਰਵਾ ਲਿਆ ਤੇ ਇਹ ਸਿੱਖਾਂ ਦੀ 'ਗੁਰਦੁਆਰਾ ਸੁਧਾਰ ਲਹਿਰ' ਦੀ ਪਹਿਲੀ ਪ੍ਰਾਪਤੀ ਸੀ। ਸ੍ਰੀ ਹਰਿਮੰਦਰ ਸਾਹਿਬ ਤੇ ਸ੍ਰੀ ਅਕਾਲ ਤਖਤ ਸਾਹਿਬ ਤੋਂ ਮਹੰਤਾਂ ਦੇ ਕਬਜ਼ੇ ਨੂੰ ਮਿਤੀ 12 ਅਕਤੂਬਰ, 1920 ਨੂੰ ਵੀ ਹਟਾ ਦਿੱਤਾ ਗਿਆ। ਮਹੰਤ ਨਰਾਇਣ ਦਾਸ ਪਛਤਾਵਾਂ ਕਰਨ ਦੀ ਬਜਾਏ ਜਾਂ ਸਿੱਖਾਂ ਨਾਲ ਰਾਜ਼ੀਨਾਮਾ ਕਰਨ ਦੀ ਥਾਂ, ਉਸ ਨੇ ਪਵਿੱਤਰ ਧਾਰਮਿਕ ਸਥਾਨ ਤੇ ਆਪਣੇ ਨਿੱਜੀ ਹਥਿਆਰਬੰਦ ਬੰਦਿਆਂ ਨੂੰ ਇਕੱਠੇ ਕਰਨਾ ਆਰੰਭ ਕਰ ਦਿੱਤਾ।

20 ਫਰਵਰੀ, 1921 ਨੂੰ 150 ਸਿੱਖਾਂ ਦਾ ਜਥਾ ਨਨਕਾਣਾ ਸਾਹਿਬ ਦੇ ਪਵਿੱਤਰ ਜਨਮ ਸਥਾਨ ਗੁਰਦੁਆਰਾ ਸਾਹਿਬ ਦੇ ਅੰਦਰ ਦਾਖਲ ਹੋਇਆ। ਸਿੱਖਾਂ ਦਾ ਆਗੂ ਜਥੇਦਾਰ ਲਛਮਣ ਸਿੰਘ ਇਕ ਪੱਕਾ ਸਿੱਖ ਸੁਧਾਰਕ ਸੀ। ਉਹ ਪਿੰਡ ਧਾਰੋਵਾਲੀ ਦਾ ਇਕ ਉੱਚਾ ਲੰਮਾ ਤੇ ਸੋਹਣਾ ਸਿੱਖ ਸਰਦਾਰ ਸੀ, ਉਸ ਨੇ ਸਾਰੇ ਸਿੰਘਾਂ ਨੂੰ ਥਾਉਂ-ਥਾਈਂ ਡਿਊਟੀਆਂ ਸੌਂਪ ਦਿੱਤੀਆਂ ਅਤੇ ਆਪ ਕੁਝ ਸਿੰਘਾਂ ਸਮੇਤ ਗੁਰਦੁਆਰੇ ਦੇ ਅੰਦਰ 'ਗੁਰੂ ਗ੍ਰੰਥ' ਸਾਹਿਬ ਵਾਲੇ ਪ੍ਰਕਾਸ਼ ਸਥਾਨ ਵਾਲੇ ਕਮਰੇ 'ਚ ਪਹੁੰਚ ਗਏ। ਜਥੇਦਾਰ ਲਛਮਣ ਸਿੰਘ ਹੋਰੀਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਤਾਬਿਆ ਅਤੇ ਬਾਕੀ ਸਿੰਘ ਹੇਠਾਂ ਬੈਠ ਗਏ ਤੇ 'ਆਸਾ ਦੀ ਵਾਰ' ਦਾ ਕੀਰਤਨ ਆਰੰਭ ਕਰ ਦਿੱਤਾ। ਮਹੰਤ ਨਾਰਾਇਣ ਦਾਸ ਆਪਣੇ ਦੱਖਣ ਦੀ ਗੁੱਠ ਵਾਲੇ ਮਕਾਨ (ਮੁਸਾਫ਼ਰਖ਼ਾਨੇ) ਦੇ ਚੁਬਾਰੇ 'ਚੋਂ ਇਸ ਸਾਰੀ ਘਟਨਾ ਨੂੰ ਦੇਖ ਰਿਹਾ ਸੀ। ਉਸ ਨੇ ਆਪਣੇ ਆਦਮੀਆਂ ਰਾਂਝਾ, ਰਿਹਾਣਾ, ਮਾਛੀ ਅਤੇ ਪਠਾਣਾਂ ਨੂੰ ਮਿੱਥੀ ਹੋਈ ਕਾਰਵਾਈ ਕਰਨ ਦਾ ਹੁਕਮ ਦਿੱਤਾ। ਮਹੰਤ ਦੇ ਬੰਦਿਆਂ ਨੇ ਨਿਹੱਥੇ ਸਿੱਖਾਂ 'ਤੇ ਬੜੀ ਬੇਰਹਿਮੀ ਨਾਲ ਗੋਲੀਆਂ ਦੀ ਵਰਖਾ ਕਰ ਦਿੱਤੀ। ਇਸ 'ਚ ਅਨੇਕਾਂ ਸਿੱਖ ਮਾਰੇ ਗਏ ਤੇ ਅਨੇਕਾਂ ਹੀ ਜ਼ਖਮੀ ਹੋ ਗਏ।

ਮੁੱਖ ਦਰਵਾਜ਼ੇ ਦੇ ਬਾਹਰ ਮਹੰਤ ਨਰਾਇਣ ਦਾਸ ਮਫ਼ਲਰ ਨਾਲ ਆਪਣਾ ਮੂੰਹ ਢਕੀ ਤੇ ਆਪਣੇ ਹੱਥ 'ਚ ਪਿਸਤੌਲ ਫੜੀ ਘੋੜੇ 'ਤੇ ਸਵਾਰ ਹੋ ਕੇ ਆਇਆ। ਇਹ ਮਹੰਤ ਹੰਕਾਰ ਨਾਲ ਇੰਨਾ ਭਰਿਆ ਹੋਇਆ ਸੀ ਤੇ ਆਪਣੇ ਬੰਦਿਆਂ ਨੂੰ ਇਹ ਕਾਰਵਾਈ ਕਰਨ ਲਈ ਉੱਚੀ ਆਵਾਜ਼ 'ਚ ਲਲਕਾਰੇ ਮਾਰ-ਮਾਰ ਕੇ ਇਹ ਕਹਿ ਰਿਹਾ ਸੀ ਕਿ, "ਇਕ ਵੀ ਲੰਮੀ ਦਾੜ੍ਹੀ ਵਾਲਾ ਸਿੱਖ ਜਿੰਦਾ ਬਚ ਕੇ ਬਹਾਰ ਨਾ ਜਾਵੇ।" ਭਾਈ ਦਲੀਪ ਸਿੰਘ ਇਕ ਬਹੁਤ ਹੀ ਸਤਿਕਾਰਿਤ ਸਿੱਖ ਸੀ, ਉਹ ਮਹੰਤ ਨਰਾਇਣ ਦਾਸ ਦਾ ਬਹੁਤ ਹੀ ਜਾਣ-ਪਛਾਣ ਵਾਲਾ ਵੀ ਸੀ ਤੇ ਉਹ ਦੋਵਾਂ ਧਿਰਾਂ 'ਚ ਗੱਲਬਾਤ ਨਾਲ ਮਸਲਾ ਹੱਲ ਕਰਨ ਲਈ ਅੱਗੇ ਆਇਆ ਤੇ ਉਸ ਨੇ ਮਹੰਤ ਨੂੰ ਕਿਹਾ ਕਿ ਇਹ ਖ਼ੂਨੀ ਖੇਡ ਬੰਦ ਕੀਤੀ ਜਾਵੇ ਪਰ ਮਹੰਤ ਨੇ ਉਸ ਦੀ ਇਕ ਵੀ ਨਾ ਸੁਣੀ ਤੇ ਉਸ ਦੇ, ਆਪਣੇ ਪਿਸਤੌਲ ਨਾਲ ਗੋਲੀ ਮਾਰ ਕੇ ਉਸ ਨੂੰ ਮੌਕੇ 'ਤੇ ਹੀ ਮਾਰ ਦਿੱਤਾ। ਛੇ ਹੋਰ ਸਿੱਖ ਜਿਹੜੇ ਕਿ ਬਾਹਰੋਂ ਆਏ ਹੋਏ ਸਨ, ਜਿਉਂਦਿਆਂ ਨੂੰ ਘੁੰਮਿਆਰ ਦੇ ਮਘਦੇ ਹੋਏ ਆਵੇ 'ਚ ਸੁੱਟ ਕੇ ਮਾਰ ਦਿੱਤਾ। ਬਾਹਰੋਂ ਲੱਕੜਾਂ ਤੇ ਮਿੱਟੀ ਦਾ ਤੇਲ ਮੰਗਵਾ ਕੇ ਲੱਕੜਾਂ ਨੂੰ ਅੱਗ ਲਗਾ ਦਿੱਤੀ ਗਈ। ਮਰੇ ਹੋਏ ਸਿੱਖਾਂ ਤੇ ਜ਼ਖਮੀ ਸਿੱਖਾਂ ਨੂੰ ਚੁੱਕ ਕੇ ਉਸ ਬਲਦੀ ਹੋਈ ਚਿਤਾ 'ਚ ਸੁੱਟ ਕੇ ਸਭ ਦਾ ਸੰਸਕਾਰ ਕਰ ਦਿੱਤਾ। ਇਸ ਸਾਕੇ 'ਚ ਅਲੱਗ-ਅਲੱਗ ਅੰਦਾਜ਼ਿਆਂ ਮੁਤਾਬਕ 82 ਤੋਂ 156 ਦੇ ਕਰੀਬ ਸਿੱਖ ਮਾਰੇ ਗਏ।

ਇਸ ਨਨਕਾਣਾ ਸਾਹਿਬ ਦੇ ਸਾਕੇ ਦੇ ਸਾਰੇ ਭਾਰਤ ਵਰਸ਼ 'ਚ ਬੜਾ ਸੋਗ ਮਨਾਇਆ ਗਿਆ। ਉਸ ਸਮੇਂ ਪੰਜਾਬ ਦਾ ਗਵਰਨਰ ਸਰ ਇੱਡਵਰਡ ਮੈਕਲਾਗਨ ਇਸ ਸਾਕੇ ਦਾ ਮੌਕਾ ਦੇਖਣ ਲਈ 22 ਫਰਵਰੀ ਨੂੰ ਉਸ ਜਗ੍ਹਾ 'ਤੇ ਆਇਆ। ਮਹਾਤਮਾ ਗਾਂਧੀ, ਮੁਸਲਿਮ ਨੇਤਾ ਸ਼ੌਕਤ ਅਲੀ ਤੇ ਮੁਹੰਮਦ ਅਲੀ ਵੀ ਮਿਤੀ 3 ਮਾਰਚ ਨੂੰ ਨਨਕਾਣਾ ਸਾਹਿਬ ਵਿਖੇ ਮੌਕਾ ਦੇਖਣ ਲਈ ਇਕੱਠੇ ਆਏ। ਸ਼ਹਿਜ਼ਾਦੀ ਮੰਬਾ ਦਲੀਪ ਸਿੰਘ (1869-1957) ਸਪੁੱਤਰੀ ਮਹਾਰਾਜਾ ਦਲੀਪ ਸਿੰਘ ਵੀ ਸਰ ਜੋਗਿੰਦਰ ਸਿੰਘ (1877-1946) ਨਾਲ ਨਨਕਾਣਾ ਸਾਹਿਬ ਦੇ ਇਨ੍ਹਾਂ ਸ਼ਹੀਦਾਂ ਨੂੰ ਆਪਣੇ ਸ਼ਰਧਾ ਸੁੰਮਨ ਪੇਸ਼ ਕਰਨ ਲਈ ਆਈ।

ਮਹੰਤ ਨਰਾਇਣ ਦਾਸ ਤੇ ਉਸ ਦੇ ਭਾੜੇ 'ਤੇ ਲਿਆਂਦੇ ਟੱਟੂਆਂ (ਗੁੰਡਿਆਂ) ਨੂੰ ਗ੍ਰਿਫ਼ਤਾਰ ਕਰਕੇ ਉਹਨਾਂ 'ਤੇ ਮੁਕੱਦਮਾ ਚਲਾਇਆ ਗਿਆ। ਸਰਕਾਰ ਨੇ ਸਰਦਾਰ ਹਰਬੰਸ ਸਿੰਘ ਅਟਾਰੀ ਵਾਲਿਆਂ ਦੀ ਅਗਵਾਈ 'ਚ ਇਕ ਸੱਤ ਮੈਂਬਰੀ ਕਮੇਟੀ ਬਣਾਈ ਤੇ ਉਸ ਦੇ ਉਪ ਪ੍ਰਧਾਨ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ 'ਚੋਂ ਲਿਆ ਗਿਆ ਤੇ ਇਸ ਕਮੇਟੀ ਨੂੰ ਨਨਕਾਣਾ ਸਾਹਿਬ ਦੇ ਜਨਮ ਸਥਾਨ ਗੁਰਦੁਆਰਾ ਸਾਹਿਬ ਦੀ ਮਾਲਕੀ ਸਪੁਰਦ ਕਰ ਦਿੱਤੀ।

23 ਫਰਵਰੀ ਦਾ ਦਿਨ ਸੰਸਕਾਰ ਦੀ ਰਸਮ ਲਈ ਨਿਸ਼ਚਿਤ ਕੀਤਾ ਗਿਆ। ਕਈਆਂ ਦੇ ਅੰਗ ਕੱਟ ਦਿੱਤੇ ਗਏ ਸਨ। ਉਹਨਾਂ ਅੰਗਾਂ, ਕਈ ਸਿੱਖਾਂ ਦੇ ਸਰੀਰ ਦੇ ਟੁਕੜੇ ਆਦਿ ਅਜੇ ਬਿਖਰੇ ਪਏ ਸਨ ਤੇ ਕਈਆਂ ਦੇ ਸਰੀਰ ਦੇ ਟੁਕੜੇ ਕਮਰਿਆਂ 'ਚ ਵੀ ਪਏ ਸਨ, ਆਦਿ ਨੂੰ ਇਕ ਜਗ੍ਹਾ ਗੁਰਦੁਆਰਾ ਸਾਹਿਬ ਦੇ ਅਹਾਤੇ 'ਚ ਹੀ ਇਕ ਵੱਡੀ ਚਿਤਾ ਦੇ ਰੂਪ 'ਚ ਇਕੱਤਰ ਕਰਕੇ, ਅੰਤਿਮ ਸੰਸਕਾਰ ਕਰ ਦਿੱਤਾ ਗਿਆ। ਭਾਈ ਯੋਧ ਸਿੰਘ ਜੀ ਨੇ ਇਸ ਸੰਸਕਾਰ 'ਚ ਸ਼ਾਮਲ ਸਿੱਖਾਂ ਦੇ ਇਕੱਠ ਨੂੰ ਸੰਬੋਧਨ ਹੁੰਦਿਆਂ ਕਿਹਾ ਕਿ ਉਹ ਇਸ ਦੁੱਖ ਦੀ ਘੜੀ 'ਚ ਸ਼ਾਂਤ-ਚਿੱਤ ਰਹਿਣ, ਆਪਣਾ ਸਬਰ ਬਣਾਈ ਰੱਖਣ ਤੇ ਭਾਣਾ ਮੰਨਣ ਦਾ ਬਲ ਵੀ ਬਣਾਈ ਰੱਖਣ ਜਿਵੇਂ ਕਿ ਉਨ੍ਹਾਂ ਦੇ ਪੂਰਵਜਾਂ ਨੇ ਬਣਾਈ ਰੱਖਿਆ ਸੀ ਤੇ ਉਨ੍ਹਾਂ ਨੇ ਵੀ ਅਜਿਹੀਆਂ ਸਥਿਤੀਆਂ ਦਾ ਸਾਹਮਣਾ ਕੀਤਾ ਸੀ। ਇਕ ਭ੍ਰਿਸ਼ਟ ਹਕੂਮਤ ਦੇ ਰਾਜ 'ਚ ਅਜਿਹਾ ਵਿਵਹਾਰ ਬਹੁਤ ਜ਼ਰੂਰੀ ਹੈ। ਇਸ ਤਰ੍ਹਾਂ ਸਬਰ ਨਾਲ ਅਸੀਂ ਆਪਣੀ ਕੌਮ 'ਤੇ ਭਵਿੱਖ 'ਚ ਆਉਣ ਵਾਲੀਆਂ ਮੁਸੀਬਤਾਂ ਨਾਲ ਨਜਿੱਠਣ ਲਈ ਤਿਆਰ ਹੋ ਜਾਵਾਂਗੇ।

ਮਹੰਤ ਨਰਾਇਣ ਦਾਸ ਤੇ ਉਸਦੇ ਸਾਥੀਆਂ 'ਤੇ ਸਿੱਖਾਂ ਦੀ ਹੱਤਿਆ ਦਾ ਮੁਕੱਦਮਾ 5 ਅਪ੍ਰੈਲ 1921 ਨੂੰ ਸ਼ੁਰੂ ਹੋਇਆ ਤੇ ਇਸ ਦਿਨ ਨੂੰ ਸਿੱਖਾਂ ਦੀ ਸ਼ਹੀਦੀ ਦਾ ਦਿਨ ਐਲਾਨਿਆ ਗਿਆ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਸਿੱਖਾਂ ਨੂੰ ਇਹ ਐਲਾਨ ਕੀਤਾ ਕਿ ਉਹ 15 ਨਵੰਬਰ 1921 ਨੂੰ ਗੁਰੂ ਨਾਨਕ ਦੇਵ ਜੀ ਦੇ ਆਉਣ ਵਾਲੇ ਪ੍ਰਕਾਸ਼ ਪੁਰਬ ਤੱਕ, ਇਨ੍ਹਾਂ ਸ਼ਹੀਦਾਂ ਦੀ ਯਾਦ 'ਚ ਕਾਲੀ ਪੱਗੜੀ ਧਾਰਨ ਕਰਨ। ਸੈਸ਼ਨ ਜੱਜ ਦੀ ਅਦਾਲਤ ਨੇ 12 ਅਕਤੂਬਰ 1921 ਨੂੰ ਮਹੰਤ ਨਰਾਇਣ ਦਾਸ ਤੇ ਉਸ ਦੇ ਸਾਥੀਆਂ 'ਤੇ ਚੱਲ ਰਹੇ ਮੁਕੱਦਮੇ ਦਾ ਫੈਸਲਾ ਸੁਣਾਇਆ। ਮਹੰਤ ਨਰਾਇਣ ਦਾਸ ਤੇ ਸੱਤ ਹੋਰਾਂ ਨੂੰ ਮੌਤ ਦੀ ਸਜ਼ਾ ਤੇ ਅੱਠਾਂ ਨੂੰ ਕਾਲੇ ਪਾਣੀ ਦੀ ਸਜ਼ਾ ਸੁਣਾਈ ਗਈ। ਸੋਲਾਂ ਪਠਾਣਾਂ ਨੂੰ ਲਾਲਚ 'ਚ ਆ ਕੇ ਇਹ ਕਾਰਾ ਕਰਨ ਬਦਲੇ ਸਖ਼ਤ ਜੇਲ੍ਹ ਦੀ ਸਜ਼ਾ ਸੁਣਾਈ ਗਈ। ਬਾਕੀਆਂ ਨੂੰ ਬਰੀ ਕਰ ਦਿੱਤਾ ਗਿਆ। ਮਹੰਤ ਨਰਾਇਣ ਦਾਸ ਦੀ ਅਪੀਲ 'ਤੇ ਹਾਈ ਕੋਰਟ ਨੇ 3 ਮਾਰਚ 1922 ਨੂੰ ਆਪਣੇ ਫੈਸਲੇ 'ਚ ਮਹੰਤ ਨਰਾਇਣ ਦਾਸ ਦੀ ਮੌਤ ਦੀ ਸਜ਼ਾ ਨੂੰ ਘਟਾ ਕੇ ਉਮਰ ਕੈਦ 'ਚ ਤਬਦੀਲ ਕਰ ਦਿੱਤਾ। ਉਨ੍ਹਾਂ 'ਚੋਂ ਤਿੰਨ ਨੂੰ ਕੈਪੀਟਲ ਪਨਿਸ਼ਮੈਂਟ ਤੇ ਦੋ ਨੂੰ ਉਮਰ ਕੈਦ ਤੇ ਬਾਕੀਆਂ ਨੂੰ ਬਰੀ ਕਰ ਦਿੱਤਾ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਸ਼ਹੀਦਾਂ ਦੇ ਪਰਿਵਾਰਾਂ ਦੀ ਮਦਦ ਕਰਨ ਲਈ ਇਕ ਫੰਡ ਸ਼ੁਰੂ ਕੀਤਾ। ਇਸ ਨੇ ਇਕ 'ਸਿੱਖ ਮਿਸ਼ਨਰੀ ਸੁਸਾਇਟੀ' ਦੀ ਸਥਾਪਨਾ ਵੀ ਕੀਤੀ ਜਿਸ ਨੇ ਅੰਮ੍ਰਿਤਸਰ 'ਚ ਸ਼ਹੀਦਾਂ ਦੀ ਪੱਕੀ ਯਾਦਗਾਰ ਵਜੋਂ 'ਸ਼ਹੀਦ ਸਿੱਖ ਮਿਸ਼ਨਰੀ ਕਾਲਜ' ਵੀ ਸ਼ੁਰੂ ਕੀਤਾ।

ਅੱਜ ਸ਼ਹੀਦਗੰਜ ਵਾਲੇ ਸਥਾਨ 'ਤੇ ਸ਼ਹੀਦਾਂ ਦੀ ਯਾਦਗਾਰ ਹੈ। ਜਿਸਦੇ ਹੇਠ ਭੋਰੇ ਵਿਚ ਇਕ ਸ਼ੀਸ਼ੇ ਦੇ ਢਕਨੇ ਹੇਠ ਸ਼ਹੀਦਾਂ ਦੀ ਬਿਭੂਤੀ ਅਤੇ ਅਸਥੀਆਂ ਸੁਰੱਖਿਅਤ ਕੀਤੀਆਂ ਹੋਈਆਂ ਹਨ। ਸਾਕੇ ਦੇ ਮੁਕੰਮਲ ਹਾਲਾਤ ਪੰਜਾਬੀ, ਅੰਗਰੇਜ਼ੀ, ਫਾਰਸੀ, ਉਰਦੂ, ਹਿੰਦੀ ਆਦਿ ਸਭ ਭਾਸ਼ਾਵਾਂ 'ਚ ਅੰਕਿਤ, ਇਸ ਭੋਰੇ ਹੇਠ ਰੱਖੇ ਹੋਏ ਹਨ ਅਤੇ ਹਰ ਰੋਜ਼ ਹਰ ਗੁਰਸਿੱਖ ਅਰਦਾਸ 'ਚ ਇਹਨਾਂ ਸ਼ਹੀਦਾਂ ਦੀ ਯਾਦ ਤਾਜ਼ਾ ਕਰਦਾ ਹੈ।

ਇਹ ਸ਼ਹਾਦਤ ਆਪਣੇ ਆਪ 'ਚ ਇਸ ਗੱਲ ਦੀ ਗਵਾਹ ਹੈ ਕਿ ਜੇਕਰ ਇਹ ਸਿੰਘ ਇਸ ਦਿਨ ਨਨਕਾਣਾ ਸਾਹਿਬ ਨਾ ਆਉਂਦੇ ਤਾਂ ਮਹੰਤ ਇਸ ਦੁਰਘਟਨਾ ਲਈ ਕੀਤੀ ਤਿਆਰੀ ਨੂੰ 6 ਮਾਰਚ ਨੂੰ ਹੋਣ ਵਾਲੇ ਇਕੱਠ 'ਤੇ ਉਸ ਤਰ੍ਹਾਂ ਵਰਤਦਾ ਜਿਸ ਤਰ੍ਹਾਂ ਉਸ ਨੇ 20 ਫਰਵਰੀ ਨੂੰ ਵਰਤਿਆ ਤੇ ਐਸੀ ਹਾਲਤ 'ਚ ਜੋ ਕੌਮੀ ਨੁਕਸਾਨ ਹੁੰਦਾ ਉਸਨੂੰ ਸ਼ਾਇਦ ਕਈ ਪੁਸ਼ਤਾਂ 'ਚ ਵੀ ਸਿੱਖ ਕੌਮ ਪੂਰਾ ਨਾ ਕਰ ਸਕਦੀ।
ਇਸ ਸ਼ਹਾਦਤ ਦਾ ਹੋਰ ਫਾਇਦਾ ਇਹ ਹੋਇਆ ਕਿ ਉਹ ਸਾਰੇ ਦੇਸ਼ ਅਤੇ ਖਾਸ ਕਰ ਸਿੱਖ ਕੌਮ ਅੰਦਰ ਜਾਨਬਾਜ਼ੀ ਦੀ ਉਸ ਸਪਿਰਿਟ ਨੂੰ, ਜੋ ਗੁਰੂ ਗੋਬਿੰਦ ਸਿੰਘ ਜੀ ਨੇ ਖ਼ਾਲਸੇ ਵਿਚ ਭਰੀ ਸੀ ਅਤੇ ਇਸ ਨੂੰ ਇਹ ਲੋਕ ਭੁੱਲਦੇ ਜਾ ਰਹੇ ਸਨ, ਮੁੜ ਨਵੇਂ ਸਿਰਿਓਂ ਤਾਜ਼ਾ ਕਰ ਦਿੱਤਾ। ਜਿਸਦਾ ਸਿੱਟਾ ਸਮੁੱਚੀ ਅਕਾਲੀ ਲਹਿਰ ਅਤੇ ਗੁਰੂ ਕੇ ਬਾਗ ਗੁਰਦੁਆਰਾ ਗੰਗਸਰ ਜੈਤੋਂ ਦੀਆਂ ਬੇਮਿਸਾਲ ਕੁਰਬਾਨੀਆਂ ਸਨ।

ਅਕਾਲੀ ਇਸ ਭਿਆਨਕ ਮਹਾਂ-ਸਾਕੇ ਦੇ ਕਾਰਨ ਭੈਭੀਤ ਨਹੀਂ ਹੋਏ ਸਗੋਂ ਇਸ ਦੇ ਉਲਟ ਉਹ ਉਹਨਾਂ ਪੂਰਨਿਆਂ ਉੱਤੇ ਚੱਲਣ ਲਈ ਹੋਰ ਦ੍ਰਿੜ੍ਹ ਹੋ ਗਏ, ਜਿਹਨਾਂ ਉੱਤੇ ਨਨਕਾਣਾ ਸਾਹਿਬ ਦੇ ਸ਼ਹੀਦ ਚੱਲੇ ਸਨ।

ਉਰਦੂ ਅਖ਼ਬਾਰ 'ਜ਼ਿੰਮੀਦਾਰ' ਨੇ ਇਸ ਕਤਲੇਆਮ ਵਿਚ ਹਿੱਸਾ ਲੈਣ ਵਾਲੇ ਮੁਸਲਮਾਨਾਂ ਨੂੰ ਬੇ-ਹਿਯਾ ਅਤੇ ਬੇ-ਸ਼ਰਮ ਲਿਖਿਆ ਅਤੇ ਕਿਹਾ, "ਓ-ਬੇਸ਼ਰਮ ਮੁਸਲਮਾਨੋ, ਤੁਸੀਂ ਬੰਦੂਕਾਂ ਤੇ ਤਲਵਾਰਾਂ ਉਹਨਾਂ ਦੇ ਖ਼ਿਲਾਫ਼ ਵਰਤਦੇ ਹੋ, ਜਿਹੜੇ ਨਨਕਾਣਾ ਸਾਹਿਬ ਆਪਣਾ ਧਾਰਮਿਕ ਫਰਜ਼ ਪੂਰਾ ਕਰਨ ਲਈ ਗਏ ਸਨ।"

ਇਸ ਮਹਾਨ ਸ਼ਹੀਦੀ ਸਾਕੇ ਦੀ ਹੋਰ ਦੇਣ ਤੋਂ ਛੁੱਟ ਸਭ ਤੋਂ ਵੱਡੀ ਦੇਣ ਇਹ ਸੀ ਕਿ ਇਸਨੇ ਸਿੱਖਾਂ ਦੇ ਦਿਮਾਗਾਂ ਵਿਚੋਂ ਰਾਜ ਦੀ ਤਾਬਿਆਦਾਰੀ ਤੇ ਵਫ਼ਾਦਾਰੀ ਦਾ ਗੰਦ ਧੋ ਦਿੱਤਾ। ਨਨਕਾਣਾ ਸਾਹਿਬ ਦੇ ਸਾਕੇ ਦਾ ਇਕ ਪ੍ਰਤੀਕਰਮ ਇਹ ਵੀ ਹੋਇਆ ਕਿ ਅਕਾਲੀਆਂ ਨੂੰ ਮਹੰਤ-ਅੰਗਰੇਜ਼ ਸਰਕਾਰ ਦੀ ਸਾਜ਼ਿਸ਼ ਵਿਚ ਸ਼ਰੀਕ ਨਜ਼ਰ ਆਉਣ ਲੱਗ ਪਏ ਸਨ। ਇਸ ਲਈ ਉਨ੍ਹਾਂ ਨੇ ਕੁਝ ਥਾਈਂ ਗੁਰਦੁਆਰਿਆਂ ਉੱਤੇ ਕਬਜ਼ੇ ਕਰਨੇ ਹੋਰ ਤੇਜ਼ ਕਰ ਦਿੱਤੇ ਸਨ।

ਇਸ ਸਾਕੇ ਤੋਂ ਬਾਅਦ ਪੰਜਾਬੀ ਕਵੀਆਂ ਤੇ ਲਿਖਾਰੀਆਂ ਵਿਚ ਨਵਾਂ ਜੋਸ਼ ਤੇ ਉਭਾਰ ਪੈਦਾ ਹੋ ਗਿਆ ਅਤੇ ਅੰਗਰੇਜ਼ ਸਰਕਾਰ ਦੀ ਪਰਵਾਹ ਨਾ ਕਰਦੇ ਹੋਏ ਕੈਦਾਂ ਤੇ ਜ਼ੁਰਮਾਨਿਆਂ ਦੇ ਬਾਵਜੂਦ ਬੜੀਆਂ ਜੋਸ਼ੀਲੀਆਂ ਕਵਿਤਾਵਾਂ ਲਿਖੀਆਂ ਅਤੇ ਪੜ੍ਹੀਆਂ ਗਈਆਂ।

ਇਸ ਸਾਕੇ ਦਾ ਸਭ ਤੋਂ ਵੱਡਾ ਲਾਭ ਇਹ ਹੋਇਆ ਕਿ ਉਹ ਕੁਰਬਾਨੀਆਂ, ਜੋ ਸਾਡੇ ਸਿੱਖ ਬਜ਼ੁਰਗਾਂ ਨੇ ਦਿੱਤੀਆਂ ਸਨ, ਜਿਸ ਨੂੰ ਲੋਕੀ ਕੇਵਲ ਮਨਘੜਤ ਕਹਾਣੀਆਂ ਹੀ ਸਮਝ ਕੇ ਭੁੱਲਦੇ ਜਾ ਰਹੇ ਸਨ, ਉਹਨਾਂ ਨੂੰ ਇਸ ਸ਼ਹੀਦੀ ਸਾਕੇ ਨੇ ਤਾਜ਼ਾ ਕਰ ਦਿੱਤਾ।

ਲੋਕੀ ਇਹ ਕਹਿੰਦੇ ਸਨ ਕਿ ਇਹ ਕਿਵੇਂ ਹੋ ਸਕਦਾ ਹੈ ਕਿ ਬੰਦ-ਬੰਦ ਕਟਾਇਆ ਗਿਆ ਹੋਵੇ, ਆਰੇ ਨਾਲ ਸਰੀਰ ਚੀਰਿਆ ਗਿਆ ਹੋਵੇ, ਖੋਪਰੀ ਲਾਹੀ ਗਈ ਹੋਵੇ, ਚਰਖੜੀਆਂ 'ਤੇ ਚਾੜ੍ਹ ਕੇ ਤੂੰਬਾ-ਤੂੰਬਾ ਕੀਤਾ ਗਿਆ ਹੋਵੇ, ਪਰ ਸ਼ਹੀਦ ਭਾਈ ਲਛਮਣ ਸਿੰਘ, ਭਾਈ ਦਲੀਪ ਸਿੰਘ ਅਤੇ ਉਹਨਾਂ ਦੇ ਸਾਥੀਆਂ ਨੇ ਇਨ੍ਹਾਂ ਦੇ ਦਿਲਾਂ 'ਚ ਇਤਬਾਰ ਕਰਵਾਇਆ ਕਿ ਐਸੀਆਂ ਹਸਤੀਆਂ ਸਿੱਖ ਕੌਮ 'ਚ ਹੋਈਆਂ ਹਨ ਅਤੇ ਸਤਿਗੁਰੂ ਦੀ ਕਿਰਪਾ ਨਾਲ ਅੱਗੋਂ ਵੀ ਹੋਣਗੀਆਂ।

ਇਹਨਾਂ ਘਟਨਾਵਾਂ ਦਾ ਲਾਭ ਸਹੀ ਅਰਥਾਂ 'ਚ ਤਾਂ ਹੀ ਉਠਾਇਆ ਜਾ ਸਕਦਾ ਹੈ, ਜੇਕਰ ਇਹਨਾਂ ਵਰਤਮਾਨ ਹਾਲਾਤ 'ਚ ਸੁਧਾਰ ਕਰਨ ਹਿਤ ਸਿੱਖਿਆ ਲਈ ਜਾਵੇ। ਅੱਜ ਵੀ ਜੇ ਦੇਖਿਆ ਜਾਵੇ ਤਾਂ ਸਿੱਖ ਧਰਮ 'ਚੋਂ ਬ੍ਰਾਹਮਣਵਾਦ ਦਾ ਪ੍ਰਭਾਵ ਪੂਰੀ ਤਰ੍ਹਾਂ ਖਤਮ ਨਹੀਂ ਹੋਇਆ ਹੈ ਜਦਕਿ ਗੁਰਮਤਿ ਦੇ ਸਿਧਾਂਤ ਤੇ ਗੁਰੂ ਸਾਹਿਬਾਨ ਦੇ ਆਦੇਸ਼ ਇਸ ਦੀ ਆਲੋਚਨਾ ਕਰਦੇ ਹਨ। ਅਜੋਕੇ ਸਮੇਂ 'ਚ ਗੁਰਬਾਣੀ ਦੇ ਮਾਨਵਵਾਦੀ ਸਿਧਾਂਤ 'ਤੇ ਸਭ ਤੋਂ ਵੱਧ ਜ਼ੋਰ ਦੇਣਾ ਚਾਹੀਦਾ ਹੈ ਤਾਂ ਜੋ ਮਾਨਵਤਾ 'ਚ ਸਮਾਜਿਕ ਬਰਾਬਰੀ ਤੇ ਸਾਂਝੀਵਾਲਤਾ ਆ ਸਕੇ। ਇਸ ਆਸ਼ੇ ਨਾਲ ਹੀ ਸਿੱਖ ਧਰਮ ਦੀ ਚੜ੍ਹਦੀ ਕਲਾ ਨੂੰ ਹੋਰ ਚਾਰ ਚੰਨ ਲਾਏ ਜਾ ਸਕਦੇ ਹਨ।





# ਕ੍ਰਿਕਟ ਆਈਪੀਐਲ ਨਿਲਾਮੀ: ਇਸ਼ਾਂਤ, ਪੁਜਾਰਾ ਤੇ ਇਰਫ਼ਾਨ ਨੂੰ ਝਟਕਾ

**ਨਵੀਂ ਦਿੱਲੀ-** ਹਾਲ ਹੀ ਵਿਚ ਹੋਈ ਆਈਪੀਐਲ ਨਿਲਾਮੀ ਵਿੱਚ ਬੈਨ ਸਟੋਕਸ ਦੀ ਭਾਵੇਂ ਸਭ ਤੋਂ ਵਧ ਕੀਮਤ ਲੱਗੀ ਪਰ ਭਾਰਤ ਦੇ ਵੀ ਕੁਝ ਨੌਜਵਾਨ ਖਿਡਾਰੀਆਂ ਨੇ ਵੀ ਚੰਗੀ ਕਮਾਈ ਕੀਤੀ। ਇਸ ਦੇ ਨਾਲ ਹੀ ਇਸ਼ਾਂਤ ਸ਼ਰਮਾ, ਚੇਤੇਸ਼ਵਰ ਪੁਜਾਰਾ ਅਤੇ ਇਰਫਾਨ ਪਠਾਨ ਵਰਗੇ ਕੁਝ ਉਘੇ ਕ੍ਰਿਕਟਰਾਂ ਨੂੰ ਕੋਈ ਵੀ ਖਰੀਦਦਾਰ ਨਹੀਂ ਮਿਲਿਆ। ਅਖੀਰ ਫਰੈਂਚਾਇਜ਼ੀ ਮਾਲਕਾਂ ਨੇ ਕਿਸ ਤਰ੍ਹਾਂ ਖਿਡਾਰੀਆਂ ਦੀ ਚੋਣ ਕੀਤੀ ਇਹ ਧਿਆਨ ਮੰਗਦਾ ਹੈ। ਜੇਕਰ ਇਸ 'ਤੇ ਝਾਤ ਮਾਰੀ ਜਾਵੇ ਤਾਂ ਪਰਖੇ ਹੋਏ ਖਿਡਾਰੀਆਂ ਦੇ ਮਾਮਲਿਆਂ ਵਿੱਚ ਉਨ੍ਹਾਂ ਦੀ ਧਾਰਨਾ ਨੇ ਦੋ ਤਰ੍ਹਾਂ ਲਾਲ ਕੰਮ ਕੀਤਾ। ਇਸ ਨਾਲ ਕਿਸੇ ਖਿਡਾਰੀ ਨੂੰ ਲਾਭ ਹੋਇਆ ਤੇ ਕਿਸੇ ਨੂੰ ਨੁਕਸਾਨ। ਇਸ਼ਾਂਤ ਨੇ ਆਪਣੀ ਕੀਮਤ ਦੋ ਕਰੋੜ ਰੱਖੀ ਅਤੇ ਉਸ ਨੂੰ ਇਸ ਦਾ ਨੁਕਸਾਨ ਉਠਾਉਣਾ ਪਿਆ। ਦੋਨਾਂ ਸੈਸ਼ਨਾਂ ਵਿੱਚ ਉਸ ਨੂੰ ਕੋਈ ਖਰੀਦਦਾਰ ਨਹੀਂ ਮਿਲਿਆ।

ਆਈਪੀਐਲ ਟੀਮ ਦੇ ਇਕ ਮਾਲਕ ਨੇ ਇਸ ਖ਼ਬਰ ਏਜੰਸੀ ਨੂੰ ਦੱਸਿਆ ਕਿ ਇਸ਼ਾਂਤ ਨੂੰ ਆਪਣਾ ਬੇਸ ਮੁੱਲ ਦੋ ਕਰੋੜ ਰੁਪਏ ਨਹੀਂ ਰੱਖਣਾ ਚਾਹੀਦਾ ਸੀ।

ਉਥੇ ਉਹ ਭਾਰਤ ਵੱਲੋਂ ਟੀ-20 ਵੀ ਨਹੀਂ ਖੇਡਦਾ ਹੈ। ਉਸ ਨੂੰ ਟੈਸਟ ਗੇਂਦਬਾਜ਼ ਮੰਨਿਆ ਜਾਂਦਾ ਹੈ। ਉਹ ਸਿਰਫ ਟੈਸਟ ਕ੍ਰਿਕਟ ਖੇਡ ਰਿਹਾ ਹੈ। ਚੰਗਾ ਹੁੰਦਾ ਜੇ ਉਹ ਆਪਣਾ ਬੇਸ ਮੁੱਲ 30 ਲੱਖ ਰੁਪਏ ਦੇ ਨੇੜੇ ਤੇੜੇ ਰੱਖਦਾ। ਵਰੁਣ ਓਰਾਨ ਨੂੰ ਇਸ ਦਾ ਫਾਇਦਾ ਮਿਲਿਆ ਜਦੋਂ ਕਿ ਇਸ਼ਾਂਤ ਉਸ ਤੋਂ ਚੰਗਾ ਗੇਂਦਬਾਜ਼ ਹੈ।

ਦੂਜੇ ਪਾਸੇ ਖੱਬੇ ਹੱਥ ਦੇ ਤੇਜ਼ ਗੇਂਦਬਾਜ਼ ਟੀ ਨਟਰ-ਾਜਨ ਅਤੇ ਆਫ ਸਪਿੰਨਰ ਕ੍ਰਿਸ਼ਣੱਪਾ ਗੌਤਮ ਨੂੰ ਤਾਮਿਲਨਾਡੂ ਪ੍ਰੀਮੀਅਰ ਲੀਗ ਅਤੇ ਕਰਨਾਟਕ ਪ੍ਰੀਮੀਅਰ ਲੀਗ ਵਿੱਚ ਚੰਗੇ ਪ੍ਰਦਰਸ਼ਨ ਦਾ ਇਨਾਮ ਮਿਲਿਆ। ਨਟਰਾਜਨ ਨੂੰ ਕਿੰਗਸ ਇਲੈਵਨ ਪੰਜਾਬ ਨੇ ਤਿੰਨ ਕਰੋੜ, ਜਦੋਂ ਕਿ ਗੌਤਮ ਨੂੰ ਮੁੰਬਈ ਇੰਡੀਅਨਜ਼ ਨੇ ਦੋ ਕਰੋੜ ਵਿੱਚ ਖਰੀਦਿਆ। ਉੱਘੇ ਖਿਡਾਰੀਆਂ ਵਿਚੋਂ ਚੇਤੇਸ਼ਵਰ ਪੁਜਾਰਾ ਨੇ ਆਪਣਾ ਬੇਸ ਮੁੱਲ 50 ਲੱਖ ਰੁਪਏ ਰੱਖਿਆ ਸੀ ਪਰ ਉਸ 'ਤੇ ਟੈਸਟ ਮਾਹਿਰ ਦੀ ਛਾਪ ਸੀ ਜੋ ਉਸ ਦੇ ਖ਼ਿਲਾਫ਼ ਗਈ। ਰਾਹੁਲ ਦ੍ਰਾਵਿੜ ਤੋਂ ਬਾਅਦ ਭਾਰਤ ਦੀ ਦੂਜੀ ਕੰਧ ਮੰਨੇ ਜਾਣ ਵਾਲੇ ਪੁਜਾਰਾ ਨੇ ਹਾਲ ਹੀ ਵਿੱਚ ਹੈਦਰਾਬਾਦ ਵਿੱਚ ਕਿਹਾ ਸੀ ਕਿ ਉਸ ਨੂੰ ਉਮੀਦ ਸੀ ਕਿ ਲੋਕਾਂ ਦੀਆਂ ਧਾਰਨਾਵਾਂ ਬਦਲਣਗੀਆਂ, ਪਰ ਅਜਿਹਾ ਨਹੀਂ ਹੋਇਆ। ਉਸ ਨੂੰ ਲਗਾਤਾਰ ਦੂਜੇ ਸਾਲ ਆਈਪੀਐਲ ਸਮਝੌਤੇ ਤੋਂ ਬਾਹਰ ਰਹਿਣਾ ਪਿਆ।

ਇਰਫਾਨ ਪਠਾਨ ਨੂੰ ਇਕ ਵੱਖਰੀ ਤਰ੍ਹਾਂ ਦੀ ਹਕੀਕਤ ਕਾਰਨ ਬਾਹਰ ਰਹਿਣਾ ਪਿਆ। ਪਠਾਣ ਜੂਨੀਅਰ ਨੂੰ ਲੈ ਕੇ ਵਿਅੰਗ ਚਲ ਰਿਹਾ ਹੈ। ਉਹ ਜਨਵਰੀ ਤੋਂ ਜੂਨ ਤਕ ਕ੍ਰਿਕਟਰ ਹੈ ਜੋ ਆਈਪੀਐਲ ਤੋਂ ਪਹਿਲਾਂ ਚੰਗਾ ਪ੍ਰਦਰਸ਼ਨ ਕਰਦਾ ਹੈ। ਦੂਜੇ ਪਾਸੇ ਕੇਰਲ ਦੇ ਬਾਸਿਲ ਥੰਪੀ ਨੂੰ ਗੁਜਰਾਤ ਲਾਇਨਜ਼ ਨੇ 85 ਲੱਖ ਵਿੱਚ ਖਰੀਦਿਆ। ਮੁਸ਼ਤਾਕ ਅਲੀ ਟਰਾਫੀ ਵਿੱਚ ਉਸ ਨੇ ਲਗਾਤਾਰ 140 ਕਿਲੋਮੀਟਰ ਦੀ ਰਫ਼ਤਾਰ ਨਾਲ ਗੇਂਦਬਾਜ਼ੀ ਕੀਤੀ ਅਤੇ ਡੈਥ ਓਵਰਾਂ ਵਿੱਚ ਲਗਾਤਾਰ ਯੌਰਕਰ ਕੀਤੀ। ਉਸ ਨੇ ਸਹੀ ਸਮੇਂ 'ਤੇ ਚੰਗਾ ਪ੍ਰਦਰਸ਼ਨ ਕੀਤਾ। ਜਿਹੜੀ ਧਾਰਨਾ ਪੁਜਾਰਾ ਦੇ ਖ਼ਿਲਾਫ਼ ਗਈ ਉਹ ਰਾਜਸਥਾਨ ਦੇ ਤੇਜ਼ ਗੇਂਦਬਾਜ਼ ਅਨਿਕੇਤ ਚੌਧਰੀ ਲਈ ਸਕਾਰਾਤਮਕ ਬਣੀ।



### 15, ਮਾਰਚ 2017 ਦੇ ਬਹੁਜਨ ਸਮਾਜ ਦਿਵਸ ਦੇ ਮੌਕੇ 'ਤੇ

# ਪੂਨੇ ਦੀ ਇਤਿਹਾਸਕ ਘਟਨਾ

(ਲੜੀ 2)

1957-58 ਵਿੱਚ ਸਾਹਿਬ ਕਾਂਸ਼ੀ ਰਾਮ ਨੇ ਪੂਨਾ ਵਿਖੇ Defence Research and Development Organization(DRDO) ਵਿੱਚ ਬਤੌਰ Research Assitant (ਖੋਜ ਅਧਿਕਾਰੀ) ਨੌਕਰੀ ਸ਼ੁਰੂ ਕੀਤੀ। ਇੱਥੇ ਹੀ ਇਕ ਐਸੀ ਘਟਨਾ ਹੋਣ ਵਾਲੀ ਸੀ ਜਿਸਨੇ ਆਣ ਵਾਲੇ ਸਮੇ ਵਿੱਚ ਪੂਰੇ ਦੇਸ਼ ਦੇ ਸਮਾਜਿਕ ਅਤੇ ਰਾਜਨੀਤਿਕ ਢਾਂਚੇ ਵਿਚ ਭੁਚਾਲ ਲਿਆਣਾ ਸੀ। ਨੌਕਰੀ ਦੇ ਪਹਿਲੇ ਕੁਝ ਸਾਲ ਬੜੇ ਆਰਾਮ ਨਾਲ ਲੰਘੇ ਅਤੇ ਉਹ ਆਪਣੇ ਪਰਿਵਾਰ ਤੋਂ ਦੂਰ, ਪੂਨਾ ਸ਼ਹਿਰ ਵਿੱਚ ਆਪਣੇ ਕੰਮ ਵਿੱਚ ਲੱਗੇ ਰਹੇ। ਪੰਜਾਬ ਵਿੱਚ ਉਹਨਾਂ ਦੇ ਮਾਤਾ-ਪਿਤਾ, ਆਪਣੇ ਬੜੇ ਬੇਟੇ ਦੀ ਸ਼ਾਦੀ ਬਾਰੇ ਸੋਚਣ ਲੱਗੇ, ਤਾਂ ਕਿ ਉਹ ਆਪਣੇ ਘਰ ਨੂੰਹ ਲਿਆ ਸਕਣ। ਘਰ ਵਿੱਚ ਸਾਰੇ ਭੈਣਾਂ-ਭਰਾਵਾਂ ਵਿੱਚ ਬੜਾ ਹੋਣ ਕਰਕੇ ਵੀ, ਉਹਨਾਂ ਦੇ ਪਰਿਵਾਰ ਨੇ ਉਹਨਾਂ ਨੂੰ ਹੁਣ ਅੱਛੀ ਨੌਕਰੀ ਮਿਲ ਜਾਣ ਤੇ ਛੇਤੀ ਤੋਂ ਛੇਤੀ, ਸ਼ਾਦੀ ਕਰਨ ਬਾਰੇ ਸੋਚਣ ਨੂੰ ਕਿਹਾ। ਇਹਨਾਂ ਹਾਲਾਤਾਂ ਵਿੱਚ ਹੀ ਸਨ 1963 ਦੇ ਅਖੀਰ ਵਿੱਚ ਇੱਕ ਇਹੋ ਜਿਹੀ ਘਟਨਾ ਹੋਈ, ਜਿਸਨੇ ਸਾਹਿਬ ਕਾਂਸ਼ੀ ਰਾਮ ਦੇ ਪੂਰੇ ਜੀਵਨ ਦੀ ਦਿਸ਼ਾ ਹੀ ਬਦਲ ਦਿੱਤੀ।

DRDO ਵਿੱਚ ਹਰ ਸਾਲ ਦੋ ਛੁੱਟੀਆਂ, ਇਕ "ਬਾਬਾ ਸਾਹਿਬ ਅੰਬੇਡਕਰ" ਅਤੇ ਦੂਜੀ, "ਬੁੱਧ ਜੈਅੰਤੀ" ਦੇ ਮੌਕੇ ਤੇ ਹੁੰਦੀਆਂ ਸਨ, ਪਰ 1963 ਦੇ ਅਖੀਰ ਵਿੱਚ DRDO ਦੇ ਅਧਿਕਾਰੀਆਂ ਨੇ ਆਉਣ ਵਾਲੇ ਸਾਲ 1964 ਲਈ ਇਹਨਾਂ ਦੋਵਾਂ ਛੁੱਟੀਆਂ ਨੂੰ ਖ਼ਾਰਜ ਕਰ ਦਿੱਤਾ। ਉਹਨਾਂ ਦੀ ਜਗਾ ਇਕ ਛੁੱਟੀ, ਤਿਲਕ ਜੈਅੰਤੀ ਅਤੇ ਦੂਜੀ ਦੀਵਾਲੀ ਵਿੱਚ ਬਦਲ ਦਿੱਤੀ ਗਈ। ਰਾਜਸਥਾਨ ਦੇ ਵਸਨੀਕ, ਦੀਨਾ ਭਾਨਾ ਜੀ, ਜੋ ਕਿ ਬਾਲਮੀਕੀ ਜਾਤੀ ਨਾਲ ਸੰਬੰਧ ਰੱਖਦੇ ਸਨ, ਅਤੇ DRDO ਵਿੱਚ ਕਰਮਚਾਰੀਆਂ ਦੀ ਯੂਨੀਅਨ ਦੇ ਆਗੂ ਵੀ ਸਨ ਨੇ ਇਸ ਗੱਲ ਦਾ ਵਿਰੋਧ ਕੀਤਾ। DRDO ਦੇ ਅਧਿਕਾਰੀਆਂ ਨੇ, ਜੋ ਕਿ ਜ਼ਿਆਦਾ ਤਰ ਬ੍ਰਾਹਮਣਵਾਦੀ ਜਾਤਾਂ ਨਾਲ ਸੰਬੰਧਿਤ ਸਨ, ਦੀਨਾ ਭਾਨਾ ਜੀ ਨੂੰ ਡਰਾਉਣ ਧਮਕਾਉਣ ਦੀ ਕੋਸ਼ਿਸ਼ ਕੀਤੀ, ਪਰ ਦੀਨਾ ਭਾਨਾ ਜੀ ਬਾਬਾ ਸਾਹਿਬ ਅੰਬੇਡਕਰ ਅਤੇ ਬੁੱਧ ਜੈਅੰਤੀ ਦੀਆ ਛੁੱਟੀਆਂ ਨੂੰ ਬਿਨਾਂ ਕਿਸੇ ਵਜਾ, ਬ੍ਰਾਹਮਣਵਾਦੀਆਂ ਵਲੋਂ ਖ਼ਾਰਜ ਕਰਨ ਦੇ ਫੈਸਲੇ ਦੇ ਖ਼ਿਲਾਫ਼ ਡਟੇ ਰਹੇ। ਜਦ ਅਧਿਕਾਰੀਆਂ ਨੇ ਦੇਖਿਆ ਕਿ ਉਹਨਾਂ ਉਪਰ ਦਬਾਅ ਬਣਾਉਣ ਵਿੱਚ ਉਹ ਕਾਮਯਾਬ ਨਹੀਂ ਹੋ ਰਹੇ ਤਾਂ ਉਹਨਾਂ ਨੇ ਦੀਨਾ ਭਾਨਾ ਜੀ ਨੂੰ ਨੌਕਰੀ ਤੋਂ ਬਰਖ਼ਾਸਤ ਕਰ ਦਿੱਤਾ, ਇਸ ਸਾਰੀ ਵਧੀਕੀ ਦੇ ਬਾਵਜੂਦ ਭੀ ਉਹ ਇਸ ਲੜਾਈ ਵਿਚ ਡਟੇ ਰਹੇ। ਇਸੇ ਸਮੇਂ, ਮਹਾਰਾਸ਼ਟਰ ਦੀ ਮਹਾਰ ਜਾਤੀ (ਅਨੁਸੂਚਿਤ ਜਾਤੀ) ਨਾਲ ਸੰਬੰਧ ਰੱਖਣ ਵਾਲੇ D.K. Khaparde, ਜੋ ਕੀ ਅਨੁਸੂਚਿਤ ਜਾਤਾਂ ਦੇ ਕਰਮਚਾਰੀਆਂ ਵਿੱਚ ਕਾਫੀ ਸਰਗਰਮ ਰਹਿੰਦੇ ਸਨ ਨੇ ਉਹਨਾਂ ਦੀ ਮੁਲਾਕਾਤ ਸਾਹਿਬ ਕਾਂਸ਼ੀ ਰਾਮ ਨਾਲ ਕਰਵਾਈ। ਇਸ ਸਮੇਂ ਤਕ ਸਾਹਿਬ ਕਾਂਸ਼ੀ ਰਾਮ DRDO ਦੇ ਅਨੁਸੂਚਿਤ ਜਾਤੀ ਦੇ ਕਰਮਚਾਰੀਆਂ ਵਿੱਚ ਜ਼ਿਆਦਾ ਘੁਲੇ ਮਿਲੇ ਨਹੀਂ ਸਨ। ਪੰਜਾਬ ਤੋਂ ਹੋਣ ਦੇ ਕਾਰਣ ਅਤੇ ਇਕ ਵੱਢਾ ਅਧਿਕਾਰੀ ਹੋਣ ਕਰਕੇ ਵੀ ਉਹਨਾਂ ਦਾ ਅਨੁਸੂਚਿਤ ਜਾਤੀ ਦੇ ਕਰਮਚਾਰੀਆਂ ਨਾਲ ਜ਼ਿਆਦਾ ਸੰਬੰਧ ਨਹੀਂ ਸੀ। ਸਿਹਤ ਵਿੱਚ ਕਾਫੀ ਹੱਟੇ-ਕੱਟੇ ਅਤੇ ਤੰਦਰੁਸਤ ਹੋਣ ਕਰਕੇ ਵੀ ਕਈ ਲੋਕਾਂ ਨੂੰ ਇਸ ਗੱਲ ਦਾ ਅੰਦਾਜ਼ਾ ਨਹੀਂ ਸੀ ਕਿ ਉਹ ਅਨੁਸੂਚਿਤ ਜਾਤਾਂ ਵਰਗੀ ਇਕ ਜ਼ੁਲਮ ਦਾ ਸ਼ਿਕਾਰ ਅਤੇ ਕਮਜ਼ੋਰ ਸਮਝੇ ਜਾਣ ਵਾਲੇ ਵਰਗ ਨਾਲ ਸੰਬੰਧ ਰੱਖਦੇ ਹੋਣਗੇ। ਲੇਕਿਨ ਫਿਰ ਵੀ ਕੁਛ ਲੋਕਾਂ ਨੂੰ ਇਸ ਗੱਲ ਦਾ ਅਹਿਸਾਸ ਸੀ ਕਿ ਉਹ SC ਸਨ। ਕਹਿੰਦੇ ਨੇ ਕਿ ਉਹਨਾਂ ਦੀ ਦੀਨਾ ਭਾਨਾ ਜੀ ਨਾਲ ਪਹਿਲੀ ਮੁਲਾਕਾਤ ਕੋਈ ਜ਼ਿਆਦਾ ਕਾਮਯਾਬ ਨਹੀਂ ਹੋ ਸਕੀ ਅਤੇ ਸਾਹਿਬ ਕਾਂਸ਼ੀ ਰਾਮ ਨੇ ਦੀਨਾ ਭਾਨਾ ਵਲੋਂ ਛੇਤੀ ਹੀ ਇਸ ਲੜਾਈ ਵਿੱਚ ਪਿੱਛੇ ਹਟ ਜਾਣ ਦੀ ਆਪਣੀ ਸ਼ੰਕਾ ਜਤਾਈ ਅਤੇ ਕਿਹਾ ਕਿ ਸਾਡੇ ਲੋਗ ਜਲਦੀ ਹੀ ਬ੍ਰਾਹਮਣਵਾਦੀਆਂ ਅੱਗੇ ਘੁਟਣੇ ਟੇਕ ਦਿੰਦੇ ਨੇ। ਉਹ ਭੀ ਉਹਨਾਂ ਵਾਂਗ ਜਲਦੀ ਹੀ ਬ੍ਰਾਹਮਣਵਾਦੀਆਂ ਅੱਗੇ ਆਪਣੀ ਹਾਰ ਕਬੂਲ ਲਏਗਾ। ਪਰ ਬਾਅਦ ਵਿੱਚ ਦੀਨਾ ਭਾਨਾ ਜੀ ਵਲੋਂ ਪੂਰੇ DRDO ਦੇ ਅਧਿਕਾਰੀਆਂ ਨਾਲ, ਕੱਲੇ ਹੀ ਲੋਹਾ ਲੈਣ ਦੇ ਉਹਨਾਂ ਦੇ ਜਜ਼ਬੇ ਨੂੰ ਦੇਖ ਕੇ ਸਾਹਿਬ ਕਾਂਸ਼ੀ ਰਾਮ ਉਹਨਾਂ ਤੋਂ ਕਾਫੀ ਪ੍ਰਭਾਵਿਤ ਹੋਏ ਅਤੇ ਉਹਨਾਂ ਖੁਦ ਅੱਗੇ ਵੱਧ ਕੇ ਦੀਨਾ ਭਾਨਾ ਜੀ ਦੀ ਮਦਦ ਕੀਤੀ। ਅਦਾਲਤ ਵਿੱਚ ਬ੍ਰਾਹਮਣਵਾਦੀ ਅਧਿਕਾਰੀਆਂ ਖ਼ਿਲਾਫ਼ ਕੇਸ ਲੜਨ ਵਿੱਚ ਉਹਨਾਂ ਨੂੰ ਸਹਿਯੋਗ ਕੀਤਾ ਅਤੇ ਜਿੱਤ ਹਾਸਲ ਕਰਦੇ ਹੋਏ ਬਾਬਾ ਸਾਹਿਬ ਅੰਬੇਡਕਰ ਅਤੇ ਬੁੱਧ ਜੈਅੰਤੀ ਨੂੰ ਦੁਬਾਰਾ ਬਹਾਲ ਕਰਵਾਇਆ।

ਇਸ ਸਾਰੇ ਘਟਨਾਕ੍ਰਮ ਨੇ ਸਾਹਿਬ ਕਾਂਸ਼ੀ ਰਾਮ ਨੂੰ ਇਕ ਸਧਾਰਨ ਅਧਿਕਾਰੀ ਦੇ ਜੀਵਨ ਤੋਂ ਲਿਆ ਕੇ, ਹਜ਼ਾਰਾਂ ਸਾਲ ਤੋਂ ਭਾਰਤ ਅੰਦਰ ਚਲੀ ਆ ਰਹੀ ਇਸ ਭਿਆਨਕ ਗ਼ੈਰ ਮਨੁੱਖੀ ਬ੍ਰਾਹਮਣਵਾਦੀ ਵਿਵਸਥਾ ਦੇ ਸਾਹਮਣੇ ਲਿਆ ਖੜ੍ਹਾ ਕੀਤਾ। ਬਚਪਣ ਤੋਂ ਲੈ ਕੇ B.Sc ਕਰਨ ਤੱਕ ਦੇ ਆਪਣੇ ਪੰਜਾਬ ਵਿੱਚ ਗੁਜ਼ਾਰੇ ਜੀਵਨ ਵਿੱਚ ਉਹਨਾਂ ਨੂੰ ਕੋਈ ਜ਼ਿਆਦਾ ਛੂਆ-ਛੂਤ ਦਾ ਸ਼ਿਕਾਰ ਨਹੀਂ ਸੀ ਹੋਣਾ ਪਿਆ, ਪੰਜਾਬ ਵਿੱਚ ਸਿੱਖ ਧਰਮ ਦਾ ਕਾਫੀ ਪ੍ਰਭਾਵ ਹੋਣ ਕਰਕੇ ਭੀ ਬ੍ਰਾਹਮਣਾਂ ਦਾ ਕੋਈ ਜ਼ਿਆਦਾ ਜ਼ੋਰ ਨਹੀਂ ਸੀ। ਪਰ ਪੂਨਾ ਤਾਂ ਬ੍ਰਾਹਮਣਵਾਦੀਆਂ ਦਾ ਪੂਰੇ ਦੇਸ਼ ਅੰਦਰ ਇੱਕ ਕਾਫੀ ਮਜ਼ਬੂਤ ਕਿਲਾ ਸਮਝਿਆ ਜਾਂਦਾ ਸੀ ਅਤੇ ਜਾਤੀਵਾਦੀ ਮਾਨਸਿਕਤਾ ਦੇ ਇਸ ਕਹਿਰ ਨੇ ਉਹਨਾਂ ਨੂੰ ਬੁਰੀ ਤਰਾਂ ਝੰਜੋੜ ਕੇ ਰੱਖ ਦਿੱਤਾ। ਸਾਹਿਬ ਕਾਂਸ਼ੀ ਰਾਮ ਅਚਾਨਕ ਵਾਪਰੀ ਇਸ ਘਟਨਾ ਤੋਂ ਅਜੇ ਪੂਰੀ ਤਰਾਂ ਉਭਰ ਭੀ ਨਹੀਂ ਪਾਏ ਸੀ ਕਿ D.K.Khaparde ਜੀ ਨੇ ਉਹਨਾਂ ਨੂੰ ਬਾਬਾ ਸਾਹਿਬ ਅੰਬੇਡਕਰ ਦੀ ਲਿਖੀ ਕਿਤਾਬ, "ਜਾਤ-ਪਾਤ ਦਾ ਖਾਤਮਾ" ਪੜ੍ਹਨ ਨੂੰ ਦਿੱਤੀ। ਖੁਦ ਸਾਹਿਬ ਕਾਂਸ਼ੀ ਰਾਮ ਅਨੁਸਾਰ ਇਸ ਕਿਤਾਬ ਨੂੰ ਪੜ੍ਹਨ ਦੇ ਬਾਦ, ਉਹ ਪੂਰੀ ਰਾਤ ਸੌ ਨਹੀਂ ਸਕੇ ਅਤੇ ਉਹਨਾਂ ਇਕ ਹੀ ਰਾਤ ਵਿੱਚ ਉਸ ਨੂੰ ਤਿੰਨ ਬਾਰ ਪੜ੍ਹਿਆ। ਜਾਤੀ ਦੀ ਬਦਸੂਰਤ ਸ਼ਕਲ ਨੂੰ ਬੇਨਕਾਬ ਕਰਦੀ ਇਸ ਕਿਤਾਬ ਨੇ ਜਿਵੇਂ ਉਹਨਾਂ ਨੂੰ ਨੀਂਦ ਤੋਂ ਜਗਾ ਦਿੱਤਾ ਅਤੇ ਹਜ਼ਾਰਾਂ ਸਾਲਾਂ ਤੋਂ ਭਾਰਤ ਦੇ ਮੂਲ ਨਿਵਾ-ਸੀਆਂ ਉਪਰ ਵਿਦੇਸ਼ੀ ਬ੍ਰਾਹਮਣਾਂ ਵਲੋਂ ਕੀਤੇ ਗਏ ਜ਼ੁਲਮਾਂ ਦੀ ਹਕੀਕਤ ਤੋਂ ਭੀ ਉਹਨਾਂ ਨੂੰ ਜਾਣੂ ਕਰਵਾਇਆ।



ਸਤਵਿੰਦਰ ਮਦਾਰਾ
ਕੈਨੇਡਾ 639-317-4550

ਇਹ ਉਹਨਾਂ ਦੇ ਜੀਵਨ ਦਾ ਇਕ ਬਹੁਤ ਹੀ ਮਹੱਤਵਪੂਰਨ ਮੋੜ ਸੀ ਅਤੇ ਐਥੋਂ ਹੀ ਉਹਨਾਂ ਬ੍ਰਾਹਮਣਵਾਦੀ ਵਿਵਸਥਾ ਦੇ ਖ਼ਿਲਾਫ਼ ਹੋਣ ਵਾਲੇ ਸੰਘਰਸ਼ ਵਿੱਚ ਪੈਰ ਰੱਖਿਆ ਅਤੇ ਫਿਰ ਕਦੇ ਮੁੜ ਕੇ ਪਿੱਛੇ ਨਹੀਂ ਦੇਖਿਆ। ਸਿੱਧੇ-ਸਾਦੇ ਬਹੁਜਨ ਸਮਾਜ ਨੂੰ ਲੁੱਟ ਕੇ, ਆਪਣੀਆਂ ਜੇਬਾਂ ਭਰਨ ਵਾਲੇ ਅਤੇ ਆਪਣੇ ਆਪ ਨੂੰ ਅੰਬੇਡਕਰਵਾਦੀ ਕਹਿਣ ਵਾਲੇ ਉਹਨਾਂ ਝੂਠੇ ਅਤੇ ਸੁਆਰਥੀ ਲੀਡਰਾਂ ਤੋਂ ਸਬਕ ਲੈ ਕੇ, ਉਹਨਾਂ ਪੂਰਾ ਜੀਵਨ ਸ਼ਾਦੀ ਨਾ ਕਰਨ ਅਤੇ ਆਪਣੀ ਕੋਈ ਜਾਇਦਾਦ ਜਾਂ ਬੈਂਕ ਅਕਾਊਂਟ ਨਾ ਬਣਾਉਣ ਦਾ ਫੈਸਲਾ ਕੀਤਾ , ਤਾਂਕਿ ਉਹ ਪੂਰੀ ਇਮਾਨਦਾਰੀ ਨਾਲ ਬਾਬਾ ਸਾਹਿਬ ਦੇ ਅਧੂਰੇ ਰਹਿ ਗਏ ਸੁਪਨੇ ਨੂੰ ਪੂਰਾ ਕਰਨ ਵਿੱਚ ਆਪਣੀ ਜ਼ਿੰਦਗੀ ਲਾ ਸਕਣ। ਕਹਿੰਦੇ ਨੇ ਕਿ ਉਹਨਾਂ ਆਪਣੇ ਪਰਿਵਾਰ ਨੂੰ ਪੰਜਾਬ ਵਿੱਚ ਇਕ 24 ਪੰਨਿਆਂ ਦਾ ਖ਼ਤ ਲਿਖਿਆ ਅਤੇ ਆਪਣੇ ਇਸ ਔਖੇ ਫੈਸਲੇ ਤੋਂ ਉਹਨਾਂ ਨੂੰ ਜਾਣੂ ਕਰਵਾਇਆ, ਉਹਨਾਂ ਦੇ ਮਾਤਾ-ਪਿਤਾ ਅਤੇ ਸਾਰੇ ਪਰਿਵਾਰ ਦੇ ਲੋਕਾਂ ਨੂੰ ਭਾਰੀ ਸਦਮਾ ਲੱਗਾ। ਉਹਨਾਂ ਦੇ ਮਾਤਾ-ਪਿਤਾ ਨੇ ਕਦੇ ਸੁਪਨੇ ਵਿੱਚ ਭੀ ਨਹੀਂ ਸੀ ਸੋਚਿਆ ਕਿ ਉਹਨਾਂ ਦਾ ਸਭ ਤੋਂ ਬੜਾ ਅਤੇ ਹੋਣਹਾਰ ਬੇਟਾ, ਆਪਣੇ ਪਰਿਵਾਰ ਦੀ ਜ਼ਿੰਮੇਵਾਰੀ ਚੁੱਕਣ ਦੀ ਬਜਾਏ, ਪੂਰੇ ਦੇਸ਼ ਦੇ ਕਰੋੜਾਂ ਲਤਾੜੇ ਅਤੇ ਗਰੀਬ ਲੋਕਾਂ ਦੀ ਜ਼ੁੰਮੇਵਾਰੀ ਚੁੱਕਣ ਲਈ ਆਪਣਾ ਸਾਰਾ ਘਰ-ਪਰਿਵਾਰ ਹੀ ਤਿਆਗ ਦੇਵੇਗਾ। ਇਸ ਤੋਂ ਬਾਅਦ ਉਹਨਾਂ ਦਾ ਨੌਕਰੀ ਵਿੱਚ ਜ਼ਿਆਦਾ ਦਿਲ ਨਹੀਂ ਲੱਗਿਆ ਅਤੇ ਉਹਨਾਂ ਆਪਣਾ ਜ਼ਿਆਦਾ ਧਿਆਨ, ਦੇਸ਼ ਦੇ ਮੂਲ ਨਿਵਾਸੀ ਬਹੁਜਨ ਸਮਾਜ ਨੂੰ ਬ੍ਰਾਹਮਣਵਾਦ ਦੀ ਗ਼ੁਲਾਮੀ ਤੋਂ ਆਜ਼ਾਦ ਕਰਾਉਣ ਵਿੱਚ ਲਗਾਉਣਾ ਸ਼ੁਰੂ ਕੀਤਾ। 1971 ਤਕ ਉਹਨਾਂ ਨੌਕਰੀ ਪੂਰੀ ਤਰਾਹ ਛੱਡ ਦਿੱਤੀ ਅਤੇ ਆਪਣਾ ਪੂਰਾ ਸਮਾਂ, ਮੂਲ ਨਿਵਾਸੀ ਬਹੁਜਨ ਸਮਾਜ ਦੀ ਭਲਾਈ ਵਿੱਚ ਲਾ ਦਿੱਤਾ। ਇਸੇ ਸਮੇਂ ਦੌਰਾਨ, ਸਾਹਿਬ ਕਾਂਸ਼ੀ ਰਾਮ ਨੇ ਬਾਬਾ ਸਾਹਿਬ ਦੇ ਅੰਦੋਲਨ ਦੇ ਨਾਲ-ਨਾਲ ਹੀ ਮਹਾਤਮਾ ਫੂਲੇ, ਛਤ੍ਰਪਤਿ ਸ਼ਾਹੂ ਜੀ ਮਹਾਰਾਜ, ਪੇਰੀਅਰ ਨਾਇਕਰ, ਨਾਰਾਇਣਾ ਗੁਰੂ ਅਤੇ ਦੇਸ਼ ਦੇ ਹੋਰ ਮੂਲ ਨਿਵਾਸੀ ਮਹਾਪੁਰਸ਼ਾਂ ਦੇ ਅੰਦੋਲਨ ਦਾ ਡੂੰਘਾ ਅਧਿਐਨ ਕੀਤਾ।

ਉਹਨਾਂ ਕਾਫੀ ਸਮਾਂ ਬਾਬਾ ਸਾਹਿਬ ਦੁਆਰਾ ਬਣਾਈ RPI ਵਿੱਚ ਭੀ ਲਾਇਆ ਅਤੇ ਇਸ ਗੱਲ ਨੂੰ ਬੜੀ ਬਰੀਕੀ ਨਾਲ ਦੇਖਿਆ, ਕਿ ਕਿਵੇਂ ਬਾਬਾ ਸਾਹਿਬ ਅੰਬੇਡਕਰ ਦੇ ਬਾਅਦ, ਉਹਨਾਂ ਦੇ Leftinent (ਸਾਹਿਬ ਦੁਆਰਾ "ਵਾਰਿਸ" ਵਾਸਤੇ ਇਸਤੇਮਾਲ ਕੀਤਾ ਗਿਆ ਲਫ਼ਜ਼) ਨੇ ਉਹਨਾਂ ਦੇ ਅੰਦੋਲਨ ਨਾਲ ਧੋਖਾ ਕੀਤਾ ਅਤੇ ਆਪਣੇ ਨਿਜੀ ਸਵਾਰਥਾਂ ਲਈ ਬਾਬਾ ਸਾਹਿਬ ਦੀ ਮੂਵਮੈਂਟ ਨੂੰ ਤਬਾਹ ਅਤੇ ਬਰਬਾਦ ਕੀਤਾ। ਉਹਨਾਂ ਵਲੋਂ ਪੂਰੇ ਜੀ-ਜਾਨ ਨਾਲ ਕੀਤੀ ਗਈ ਕੋਸ਼ਿਸ਼ਾਂ ਦੇ ਬਾਦ ਭੀ ਮਹਾਰਾਸ਼ਟਰ ਦੇ RPI ਦੇ ਲੀਡਰਾਂ ਨੇ ਬਾਬਾ ਸਾਹਿਬ ਦੀ ਮੂਵਮੈਂਟ ਨੂੰ ਚਲਾਉਣ ਵਿੱਚ ਕੋਈ ਜ਼ਿਆਦਾ ਦਿਲਚਸਪੀ ਨਹੀਂ ਦਿਖਾਈ। 1971 ਵਿਖੇ RPI ਨੇ ਪੂਨਾ ਵਿੱਚ ਹੀ ਕਾਂਗਰਸ ਪਾਰਟੀ ਨਾਲ ਲੋਕ ਸਭਾ ਚੋਣਾਂ ਲਈ ਸਮਝੌਤਾ ਕੀਤਾ ਅਤੇ 521 ਸੀਟਾਂ ਵਿੱਚੋ ਸਿਰਫ ਇੱਕ ਸੀਟ ਆਪ ਲਈ ਅਤੇ 520 ਸੀਟਾਂ ਕਾਂਗਰਸ ਪਾਰਟੀ ਨੂੰ ਦਿੱਤੀਆਂ। ਸਾਹਿਬ ਕਾਂਸ਼ੀ ਰਾਮ ਨੇ ਆਪ ਇਸ ਗੱਲ ਦਾ ਜ਼ਿਕਰ ਕਈ ਬਾਰ ਆਪਣੇ ਭਾਸ਼ਣਾਂ ਵਿੱਚ ਕੀਤਾ, ਕਿ ਕਿਵੇਂ RPI ਵਲੋਂ "ਦਾਦਾ ਸਾਹਿਬ ਗਾਇਕਵਾੜ" ਅਤੇ ਕਾਂਗਰਸ ਵਲੋਂ "ਮੋਹਨ ਧਾਰਿਆ" ਨੇ ਪੂਨਾ ਦੀ ਬਾਬਾ ਖੜਗੇ ਮਹਾਰਾਜ ਧਰਮਸ਼ਾਲਾ ਤੋਂ ਬਾਹਰ ਆ ਕੇ, ਇਸ ਯੁਕਤੀ (ਸਮਝੌਤਾ) ਬਾਰੇ ਐਲਾਨ ਕੀਤਾ ਕਿ ਇਹ ਇੱਕ ਇਤਿਹਾਸਕ ਯੁਗਤੀ ਹੈ, ਜੋ ਕੀ ਬਾਬਾ ਸਾਹਿਬ ਅਤੇ ਗਾਂਧੀ ਦੀ ਯੁਗਤੀ ਹੈ।

ਇਸ ਘਟਨਾ ਨੇ ਸਾਹਿਬ ਕਾਂਸ਼ੀ ਰਾਮ ਦੇ ਭਰੋਸੇ ਨੂੰ ਪੂਰੀ ਤਰਾਂ ਤੋੜ ਦਿੱਤਾ ਅਤੇ ਉਹ ਇਸ ਨਤੀਜੇ ਤੇ ਪਹੁੰਚੇ ਕਿ ਹੁਣ ਮਹਾਰਾਸ਼ਟਰ ਵਿੱਚ ਕਦੇ ਵੀ ਬਾਬਾ ਸਾਹਿਬ ਦੇ ਅੰਦੋਲਨ ਨੂੰ ਨਹੀਂ ਚਲਾ ਪਾਏਗੀ ਅਤੇ ਉਹਨਾਂ ਨੂੰ ਹੁਣ ਦੇਸ਼ ਦੇ ਕਿਸੇ ਹੋਰ ਖੇਤਰ ਵਿੱਚ ਇਸ ਅੰਦੋਲਨ ਨੂੰ ਚਲਾਉਣ ਬਾਰੇ ਸੋਚਣਾ ਚਾਹੀਦਾ ਹੈ। ਇਹੋ ਹੀ ਸਮਾਂ ਸੀ, ਜਦ ਸਾਹਿਬ ਕਾਂਸ਼ੀ ਰਾਮ ਨੇ D.K.Khaparde ਅਤੇ ਦੀਨਾ ਭਾਨਾ ਜੀ ਦੇ ਨਾਲ ਮਿਲਕੇ ਇਕ ਨਵੇਂ ਸਿਰੇ ਤੋਂ ਪੂਰੇ ਦੇਸ਼ ਅੰਦਰ ਬਾਬਾ ਸਾਹਿਬ ਅੰਬੇਡਕਰ ਦੇ ਅੰਦੋਲਨ ਨੂੰ ਦੁਬਾਰਾ ਜਿਉਂਦਾ ਕਰਨ ਦੀ ਬੁਨਿਆਦ ਰੱਖੀ, ਜੋ ਕਿ ਅੱਗੇ ਜਾ ਕੇ ਭਾਰਤ ਦੇ ਮੂਲ ਨਿਵਾਸੀਆਂ ਦਾ ਵਿਦੇਸ਼ੀ ਬ੍ਰਾਹਮਣਾਂ ਦੇ ਖ਼ਿਲਾਫ਼ ਕੀਤਾ ਗਿਆ ਹੁਣ ਤੱਕ ਦਾ ਸਭ ਤੋਂ ਵੱਡਾ ਅੰਦੋਲਨ ਬਣਨ ਵਾਲਾ ਸੀ।

## ਗੋਆਰ ਭਾਈਚਾਰੇ ਵੱਲੋਂ ਸਤਗੁਰੂ ਸੇਵਾਲਾਲ ਜੀ ਮਹਾਰਾਜ ਦਾ 278ਵਾਂ ਜਨਮ ਦਿਹਾੜਾ ਪੂਰੇ ਵਿਸ਼ਵ ਵਿੱਚ ਮਨਾਇਆ ਗਿਆ

15 ਫ਼ਰਵਰੀ ਨੂੰ ਸਤਗੁਰੂ ਸੇਵਾਲਾਲ ਜੀ ਮਹਾਰਾਜ ਦਾ 278ਵਾਂ ਜਨਮ ਦਿਹਾੜਾ ਪੂਰੇ ਵਿਸ਼ਵ ਵਿੱਚ ਬੜੀ ਧੂਮ ਧਾਮ ਨਾਲ ਮਨਾਇਆ ਗਿਆ। ਸਤਗੁਰੂ ਸੇਵਾਲਾਲ ਜੀ ਮਹਾਰਾਜ ਜੀ ਦੇ ਜਨਮ ਸਥਾਨ ਸੇਵਾਗੜ੍ਹ (ਆਂਧਰਾ ਪ੍ਰਦੇਸ਼) ਅਤੇ ਸਮਾਧੀ ਸਥਾਨ ਪੋਹਰਾਦੇਵੀ (ਮਹਾਰਾਸ਼ਟਰ) ਵਿੱਚ ਲੱਖਾਂ ਸ਼ਰਧਾਲੂਆਂ ਨੇ ਪੁੱਜ ਕੇ ਆਪਣੀ ਅਕੀਦਤ ਦੇ ਫੁੱਲ ਭੇਂਟ ਕੀਤੇ।

ਗੋਆਰ ਭਾਈਚਾਰੇ ਵੱਲੋਂ ਵੱਖ ਵੱਖ ਸ਼ਹਿਰਾਂ ਵਿੱਚ ਗੋਰ ਸਿਕਵਾੜੀ ਅਤੇ ਗੋਰ ਸੈਨਾ ਵੱਲੋਂ ਵੱਖ ਵੱਖ ਥਾਵਾਂ ਉੱਤੇ ਕੀਤੇ ਗਏ ਵੱਡੇ ਸਮਾਗਮਾਂ ਵਿੱਚ ਲੱਖਾਂ ਦੀ ਗਿਣਤੀ ਵਿੱਚ ਲੋਕ ਬੜੇ ਉਤਸ਼ਾਹ ਨਾਲ ਸ਼ਾਮਲ ਹੋਏ। ਸਤਗੁਰੂ ਸੇਵਾਲਾਲ ਜੀ ਮਹਾਰਾਜ ਦਾ ਜਨਮ ਦਿਵਸ ਆਪਣੇ ਨਿਵਾਸ ਬੇਕਰਜ਼ਫੀਲਡ, ਕੈਲੀਫੋਰਨੀਆ ਵਿਖੇ ਮਨਾਉਂਦੇ ਹੋਏ ਓਮ ਪ੍ਰਕਾਸ਼ ਕਮਲ ਧਰਮਸੋਤ, ਸ਼ਿਖਾ ਧਰਮਸੋਤ, ਰਿਤੇਸ਼ ਧਰਮਸੋਤ ਅਤੇ ਮਿਤੇਸ਼ ਧਰਮਸੋਤ। ਵੈੱਬਸਾਈਟ ਬੰਜਾਰਾ ਟਾਈਮਜ਼ ਡਾਟ ਕਾਮ ਦੇ ਸੰਪਾਦਕ ਓਮ ਪ੍ਰਕਾਸ਼ ਕਮਲ ਧਰਮਸੋਤ ਨੇ ਪੂਰੀ ਲੋਕਾਈ ਨੂੰ ਸਤਗੁਰੂ ਸੇਵਾਲਾਲ ਜੀ ਮਹਾਰਾਜ ਦੇ ਜਨਮ ਦਿਨ ਦੀਆਂ ਬਹੁਤ ਬਹੁਤ ਮੁਬਾਰਕਾਂ ਭੇਂਟ ਕੀਤੀਆਂ।



ਗੋਆਰ ਸਮਾਜ ਵਿੱਚ ਸਮਾਜਿਕ ਚੇਤਨਾ ਪੈਦਾ ਕਰਨ ਲਈ ਚਲਾਈ ਜਾ ਰਹੀ ਸਮਾਜਿਕ ਲਹਿਰ ਗੋਰ ਸਿਕਵਾੜੀ ਅਤੇ ਗੋਰ ਸੈਨਾ ਵੱਲੋਂ ਸਤਗੁਰੂ ਸੇਵਾਲਾਲ ਜੀ ਮਹਾਰਾਜ ਦੇ 278ਵੇਂ ਜਨਮ ਦਿਵਸ ਉੱਤੇ ਕਿਨਵਟ, ਜ਼ਿਲਾ ਨਾਂਦੇੜ, ਮਹਾਰਾਸ਼ਟਰ ਵਿਖੇ ਕਰਵਾਏ ਗਏ ਸਮਾਗਮ ਵਿੱਚ ਗੋਰ ਸਿਕਵਾੜੀ ਦੇ ਨਾਇਕ ਕਾਸ਼ੀ ਨਾਥ ਰਾਠੌੜ।



ਸਤਗੁਰੂ ਸੇਵਾਲਾਲ ਜੀ ਮਹਾਰਾਜ ਜੀ ਦੇ ਜਨਮ ਸਥਾਨ ਸੇਵਾਗੜ੍ਹ (ਆਂਧਰਾ ਪ੍ਰਦੇਸ਼) ਵਿਖੇ ਸੇਵਾਲਾਲ ਜੀ ਦੇ ਮੰਦਰ ਉੱਤੇ ਕਰਵਾਏ ਗਏ ਸਮਾਗਮ ਵਿੱਚ ਗੋਰ ਸੈਨਾ ਦੇ ਕੌਮੀ ਪ੍ਰਧਾਨ ਪ੍ਰੋ. ਸੰਦੇਸ਼ ਚਵਾਨ ਅਤੇ ਹੋਰ ਪਤਵੰਤੇ ਸੱਜਣ।



ਸੇਵਾਭਾਇਆਗੜ੍ਹ, ਕਰਨਾਟਕ ਵਿਖੇ ਸੇਵਾਲਾਲ ਜੀ ਦੇ ਮੰਦਰ ਉੱਤੇ ਕਰਵਾਏ ਗਏ ਸਮਾਗਮ ਵਿੱਚ ਗੋਰ ਸਿਕਵਾੜੀ ਦੇ ਫੁੱਲ ਟਾਈਮ ਪ੍ਰਚਾਰਕ ਅਰੁਣ ਦਿਗਾਂਬਰ ਚਵਾਨ ਅਤੇ ਹੋਰ ਪਤਵੰਤੇ ਸੱਜਣ।



ਸਤਗੁਰੂ ਸੇਵਾਲਾਲ ਜੀ ਮਹਾਰਾਜ ਦਾ 278ਵਾਂ ਜਨਮ ਦਿਵਸ ਆਪਣੇ ਨਿਵਾਸ ਬੇਕਰਜ਼ਫੀਲਡ, ਕੈਲੀਫੋਰਨੀਆ ਵਿਖੇ ਮਨਾਉਂਦੇ ਹੋਏ ਓਮ ਪ੍ਰਕਾਸ਼ ਕਮਲ ਧਰਮਸੋਤ, ਸ਼ਿਖਾ ਧਰਮਸੋਤ, ਰਿਤੇਸ਼ ਧਰਮਸੋਤ ਅਤੇ ਮਿਤੇਸ਼ ਧਰਮਸੋਤ।



ਸਤਗੁਰੂ ਸੇਵਾਲਾਲ ਜੀ ਮਹਾਰਾਜ ਦਾ 278ਵਾਂ ਜਨਮ ਦਿਵਸ ਆਪਣੇ ਨਿਵਾਸ ਬੇਕਰਜ਼ਫੀਲਡ, ਕੈਲੀਫੋਰਨੀਆ ਵਿਖੇ ਮਨਾਉਂਦੇ ਹੋਏ ਓਮ ਪ੍ਰਕਾਸ਼ ਕਮਲ ਧਰਮਸੋਤ, ਸ਼ਿਖਾ ਧਰਮਸੋਤ ਅਤੇ ਮਿਤੇਸ਼ ਧਰਮਸੋਤ।



ਗੋਆਰ ਸਮਾਜ ਵਿੱਚ ਸਮਾਜਿਕ ਚੇਤਨਾ ਪੈਦਾ ਕਰਨ ਲਈ ਚਲਾਈ ਜਾ ਰਹੀ ਸਮਾਜਿਕ ਲਹਿਰ ਗੋਰ ਸਿਕਵਾੜੀ ਅਤੇ ਗੋਰ ਸੈਨਾ ਵੱਲੋਂ ਸਤਗੁਰੂ ਸੇਵਾਲਾਲ ਜੀ ਮਹਾਰਾਜ ਦੇ 278ਵੇਂ ਜਨਮ ਦਿਵਸ ਉੱਤੇ ਡੋਡਰਨਾ ਤਾਂਡਾ, ਕੁਬੇਰ ਮੰਡਲ ਵਿਖੇ ਕਰਵਾਏ ਗਏ ਸਮਾਗਮ ਵਿੱਚ ਗੋਰ ਸਿਕਵਾੜੀ ਦੇ ਫੁੱਲ ਟਾਈਮ ਪ੍ਰਚਾਰਕ ਵਿਲਾਸ ਰਾਮਾਵਤ।



ਗੋਆਰ ਸਮਾਜ ਵਿੱਚ ਸਮਾਜਿਕ ਚੇਤਨਾ ਪੈਦਾ ਕਰਨ ਲਈ ਚਲਾਈ ਜਾ ਰਹੀ ਸਮਾਜਿਕ ਲਹਿਰ ਗੋਰ ਸਿਕਵਾੜੀ ਅਤੇ ਗੋਰ ਸੈਨਾ ਵੱਲੋਂ ਸਤਗੁਰੂ ਸੇਵਾਲਾਲ ਜੀ ਮਹਾਰਾਜ ਦੇ 278ਵੇਂ ਜਨਮ ਦਿਵਸ ਉੱਤੇ ਸ਼ਾਹੂਜੀ ਨਗਰ ਤਾਂਡਾ, ਮੁਖੇੜ ਵਿਖੇ ਕਰਵਾਏ ਗਏ ਸਮਾਗਮ ਵਿੱਚ ਗੋਰ ਸਿਕਵਾੜੀ ਦੇ ਵਰਕਰ।



ਗੋਆਰ ਸਮਾਜ ਵਿੱਚ ਸਮਾਜਿਕ ਚੇਤਨਾ ਪੈਦਾ ਕਰਨ ਲਈ ਚਲਾਈ ਜਾ ਰਹੀ ਸਮਾਜਿਕ ਲਹਿਰ ਗੋਰ ਸਿਕਵਾੜੀ ਅਤੇ ਗੋਰ ਸੈਨਾ ਵੱਲੋਂ ਸਤਗੁਰੂ ਸੇਵਾਲਾਲ ਜੀ ਮਹਾਰਾਜ ਦੇ 278ਵੇਂ ਜਨਮ ਦਿਵਸ ਉੱਤੇ ਤਾਲੁਕਾ ਪੁਸਦ, ਜ਼ਿਲਾ ਯਵਤਮਾਲ, ਮਹਾਰਾਸ਼ਟਰ ਵਿਖੇ ਕਰਵਾਏ ਗਏ ਸਮਾਗਮ ਵਿੱਚ ਗੋਰ ਸਿਕਵਾੜੀ ਅਤੇ ਗੋਰ ਸੈਨਾ ਦੇ ਵਰਕਰ।



ਗੋਆਰ ਸਮਾਜ ਵਿੱਚ ਸਮਾਜਿਕ ਚੇਤਨਾ ਪੈਦਾ ਕਰਨ ਲਈ ਚਲਾਈ ਜਾ ਰਹੀ ਸਮਾਜਿਕ ਲਹਿਰ ਗੋਰ ਸਿਕਵਾੜੀ ਅਤੇ ਗੋਰ ਸੈਨਾ ਵੱਲੋਂ ਸਤਗੁਰੂ ਸੇਵਾਲਾਲ ਜੀ ਮਹਾਰਾਜ ਦੇ 278ਵੇਂ ਜਨਮ ਦਿਵਸ ਉੱਤੇ ਡੋਡਰਨਾ ਤਾਂਡਾ, ਕੁਬੇਰ ਮੰਡਲ ਵਿਖੇ ਕਰਵਾਏ ਗਏ ਸਮਾਗਮ ਵਿੱਚ ਗੋਰ ਸਿਕਵਾੜੀ ਦੇ ਫੁੱਲ ਟਾਈਮ ਪ੍ਰਚਾਰਕ ਵਿਲਾਸ ਰਾਮਾਵਤ।

### ਸ਼ਹੀਦੀ ਜੋੜ ਮੇਲੇ 'ਤੇ ਵਿਸ਼ੇਸ਼

# ਸਿੱਖ ਇਤਿਹਾਸ ਦਾ ਸਭ ਤੋਂ ਲੰਮਾ ਮੋਰਚਾ : ਜੈਤੋ ਦਾ ਮੋਰਚਾ



ਜੈਤੋ ਦਾ ਇਤਿਹਾਸਕ ਗੁਰਦੁਆਰਾ ਸ਼ਹੀਦ ਗੰਜ ਟਿੱਬੀ ਸਾਹਿਬ

ਫਰੀਦਕੋਟ ਜ਼ਿਲ੍ਹੇ ਦੇ ਇਤਿਹਾਸਕ ਸ਼ਹਿਰ ਜੈਤੋ ਦੀ ਸਿੱਖ ਇਤਿਹਾਸ 'ਚ ਬੜੀ ਅਹਿਮ ਥਾਂ ਹੈ। ਇਸ ਸ਼ਹਿਰ ਨੂੰ ਦਸਮ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਪਵਿੱਤਰ ਚਰਨ ਛੋਹ ਪ੍ਰਾਪਤ ਹੈ। ਦੇਸ਼ ਦੇ ਆਜ਼ਾਦੀ ਸਮਾਗਮ 'ਚ ਇਥੋਂ ਦੇ ਦੇਸ਼ ਭਗਤਾਂ ਦਾ ਯੋਗਦਾਨ ਭੁਲਾਇਆ ਨਹੀਂ ਜਾ ਸਕਦਾ । ਇਸ ਥਾਂ ਦੀ ਇਤਿਹਾਸਕ ਮਹਾਨਤਾ ਇਸ ਕਰਕੇ ਹੀ ਵਧੇਰੇ ਹੈ ਕਿ ਸਿੱਖ ਇਤਿਹਾਸ ਦਾ ਸਭ ਤੋਂ ਲੰਮਾ ਸਮਾਂ ਜਾਰੀ ਰਹਿਣ ਵਾਲਾ ਮੋਰਚਾ ਇਥੇ ਹੀ ਲੱਗਿਆ ਜਿਸ ਨੂੰ ਜੈਤੋ ਦਾ ਮੋਰਚਾ ਦੇ ਨਾਂਅ ਨਾਲ ਜਾਣਿਆ ਜਾਂਦਾ ਹੈ।

ਜੈਤੋ ਦਾ ਮੋਰਚਾ : ਜੈਤੋ ਦਾ ਮੋਰਚਾ ਪਟਿਆਲਾ ਅਤੇ ਨਾਭਾ ਰਿਆਸਤ ਦੇ ਬਾਹਰੀ ਝਗੜੇ ਵਜੋਂ ਹੋਂਦ ਵਿਚ ਆਇਆ, ਕਿਉਂਕਿ ਅੰਗਰੇਜ਼ ਹਕੂਮਤ ਪਹਿਲਾਂ ਹੀ ਇਸ ਤਾਕ



ਗੁਰਦੁਆਰਾ ਗੰਗ ਸਾਹਿਬ



ਗੁਰਦੁਆਰਾ ਟਿੱਬੀ ਸਾਹਿਬ




ਵਿਚ ਸੀ ਕਿ ਨਾਭਾ ਰਿਆਸਤ ਦੇ ਮਹਾਰਾਜ ਰਿਪੂਦਮਨ ਸਿੰਘ ਦੇ ਵਿਰੁੱਧ ਕੋਈ ਕਾਰਵਾਈ ਕਰਕੇ ਉਸ ਨੂੰ ਅੰਗਰੇਜ਼ੀ ਹਕੂਮਤ ਦਾ ਪ੍ਰਭਾਵ ਕਬੂਲ ਕਰਨ ਲਈ ਮਜਬੂਰ ਕੀਤਾ ਜਾ ਸਕੇ। ਅੰਗਰੇਜ਼ੀ ਹਕੂਮਤ ਨੇ ਦੋਹਾਂ ਰਿਆਸਤਾਂ ਦੇ ਵਿਚ-ਵਿਚਾਲੇ ਪੈ ਕੇ ਹੁਸ਼ਿਆਰੀ ਨਾਲ ਦੋਹਾਂ ਮਹਾਰਾਜਿਆਂ ਪਾਸੋਂ ਫੈਸਲਾ ਕਰਨ ਦੇ ਹੱਕ ਪ੍ਰਾਪਤ ਕਰ ਲਏ। ਹਕੂਮਤ ਨੂੰ ਅਜਿਹਾ ਹੱਕ ਦੇਣਾ ਹੀ ਮਹਾਰਾਜਾ ਨੂੰ ਮਹਿੰਗਾ ਪਿਆ। ਸਰਕਾਰ ਨੇ ਝਗੜੇ ਦੀ ਆੜ ਹੇਠ 8 ਜੂਨ 1923 ਨੂੰ ਮਹਾਰਾਜ ਰਿਪੂਦਮਨ ਸਿੰਘ ਨੂੰ ਨਾਭਾ ਰਿਆਸਤ ਦੀ ਰਾਜਗੱਦੀ ਤੋਂ ਲਾਹ ਕੇ ਉਸ ਨੂੰ ਰਾਜ ਵਿਚੋਂ ਕੱਢ ਦਿੱਤਾ। ਇਸ ਹਕੂਮਤ ਵਿਚ ਸਿੱਖ ਜਗਤ 'ਚ ਬੇਹੱਦ ਸਤਿਕਾਰ ਹੋਣ ਕਰਕੇ ਸਿੱਖਾਂ ਦੀ ਸ਼੍ਰੋਮਣੀ ਸੰਸਥਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਵੀ ਇਸ ਦਾ ਸਖਤ ਵਿਰੋਧ ਕੀਤਾ ਗਿਆ ਅਤੇ ਮਹਾਰਾਜਾ ਨਾਭਾ ਪ੍ਰਤੀ ਹਮਦਰਦੀ ਦਾ ਮਤਾ 9 ਸਤੰਬਰ 1923 ਨੂੰ 'ਨਾਭਾ ਡੇ' ਮਨਾਉਣ ਦਾ ਐਲਾਨ ਕਰ ਦਿੱਤਾ। ਇਸ ਦਿਨ ਪੰਜਾਬ ਵਿਚ ਥਾਂ-ਥਾਂ 'ਤੇ ਜਲੂਸ ਕੱਢੇ ਗਏ ਅਤੇ ਮਹਾਰਾਜੇ ਦੀ ਬਹਾਲੀ ਲਈ ਮਤੇ ਪਾਸ ਕੀਤੇ ਗਏ। ਜੈਤੋ ਵਿਖੇ ਵੀ ਅਜਿਹਾ ਜਲੂਸ ਕੱਢਿਆ ਗਿਆ। ਜਲੂਸ ਦੀ ਸਮਾਪਤੀ 'ਤੇ ਦੀਵਾਨ ਸਜਾਇਆ ਗਿਆ ਅਤੇ ਗੁਰਦੁਆਰਾ ਗੰਗਸਰ ਸਾਹਿਬ ਵਿਖੇ ਅਖੰਡ ਪਾਠ ਦੀ ਲੜੀ ਆਰੰਭ ਕੀਤੀ ਗਈ।

ਦੂਜੇ ਪਾਸੇ ਅੰਗਰੇਜ਼ੀ ਹਕੂਮਤ ਵੱਲੋਂ ਮਹਾਰਾਜਾ ਰਿਪੂਦਮਨ ਸਿੰਘ ਦੇ ਹੱਕ ਵਿਚ ਕੋਈ ਵੀ ਮਤਾ ਪਾਸ ਕਰਨ ਦੀ ਸਖਤ ਮਨਾਹੀ ਸੀ ਅਤੇ ਜੈਤੋ ਵਿਖੇ ਮਹਾਰਾਜੇ ਦੇ ਹੱਕ ਵਿਚ ਅਖੰਡ ਪਾਠਾਂ ਦੀ ਲੜੀ ਹਕੂਮਤੀ ਆਦੇਸ਼ਾਂ ਦੀ ਸਿੱਧੀ ਵਿਰੋਧਤਾ ਸੀ। ਇਸ ਕਰਕੇ 14 ਸਤੰਬਰ 1923 ਨੂੰ ਜਦੋਂ ਗੁਰਦੁਆਰਾ ਗੰਗਸਰ ਸਾਹਿਬ ਵਿਖੇ ਦੀਵਾਨ ਸਾਹਿਬ ਸਜਿਆ ਹੋਇਆ ਸੀ ਅਤੇ ਗੁਰੂ ਗ੍ਰੰਥ ਸਾਹਿਬ ਦੇ ਅਖੰਡ ਪਾਠ ਚੱਲ ਰਹੇ ਸਨ ਤਾਂ ਅੰਗਰੇਜ਼ੀ ਹਕੂਮਤ ਦੇ ਹਥਿਆਰਬੰਦ ਸਿਪਾਹੀਆਂ ਨੇ ਗੁਰਦੁਆਰਾ ਗੰਗਸਰ ਸਾਹਿਬ ਵਿਖੇ ਦਾਖਲ ਹੋ ਕੇ ਉਥੇ ਹੀ ਇਕੱਤਰ ਸ਼ਰਧਾਲੂਆਂ ਅਤੇ ਸੇਵਾਦਾਰਾਂ ਨੂੰ ਗ੍ਰਿਫਤਾਰ ਕਰ ਲਿਆ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਤਾਬਿਆ 'ਚ ਬੈਠੇ ਗ੍ਰੰਥੀ ਸਿੰਘਾਂ ਨੂੰ ਬਾਹਰ ਕੱਢ ਲਿਆਂਦਾ। ਇਸ ਤਰ੍ਹਾਂ ਚੱਲ ਰਹੇ ਅਖੰਡ ਪਾਠਾਂ ਨੂੰ ਖੰਡਿਤ ਕਰ ਦਿੱਤਾ। ਅਖੰਡ ਪਾਠ ਦਾ ਖੰਡਿਤ ਕੀਤਾ ਜਾਣਾ ਸਿੱਖ ਧਰਮ ਲਈ ਬਹੁਤ ਹੀ ਅਸਹਿ ਘਟਨਾ ਸੀ, ਜਿਸ ਦਾ ਵੱਡੇ ਪੱਧਰ 'ਤੇ ਵਿਰੋਧ ਹੋਣ ਲੱਗਾ। ਇਸ ਘਟਨਾ ਨੇ ਮਹਾਰਾਜਾ ਨਾਭਾ ਦੇ ਰਾਜਸੀ ਸਵਾਲ ਨੂੰ ਸਿੱਖ ਧਰਮ ਦਾ ਸਵਾਲ ਬਣਾ ਦਿੱਤਾ ਤੇ ਜੈਤੋ ਵਿਖੇ ਸਿੱਖਾਂ ਨੇ ਇਹ ਮੋਰਚਾ ਆਰੰਭ ਕਰ ਦਿੱਤਾ। ਇਸ ਮੋਰਚੇ ਦਾ ਮੁੱਖ ਨਿਸ਼ਾਨਾ ਖੰਡਿਤ ਕੀਤੇ ਗਏ ਅਖੰਡ ਪਾਠਾਂ ਨੂੰ ਅਖੰਡ ਰੂਪ 'ਚ ਮੁੜ ਚਾਲੂ ਕਰਨਾ ਸੀ।

ਸਿੱਖ ਇਤਿਹਾਸ ਦਾ ਪ੍ਰਸਿੱਧ ਜੈਤੋ ਦਾ ਮੋਰਚਾ ਸਾਰੇ ਸਿੱਖ ਮੋਰਚਿਆਂ ਤੋਂ ਲੰਮਾਂ ਸਮਾਂ (ਪੌਣੇ ਦੋ ਸਾਲ ਤੋਂ ਵੀ ਵੱਧ) ਜਾਰੀ ਰਿਹਾ ਅਤੇ ਇਸ ਮੋਰਚੇ ਦੀ ਸਭ ਤੋਂ ਵੱਡੀ ਪ੍ਰਾਪਤੀ ਇਹ ਰਹੀ ਕਿ ਉਸ ਵੇਲੇ ਦੀ ਅੰਗਰੇਜ਼ੀ ਹਕੂਮਤ ਨੂੰ 'ਗੁਰਦੁਆਰਾ ਐਕਟ' ਬਣਾਉਣ ਲਈ ਮਜ਼ਬੂਰ ਹੋਣਾ ਪਿਆ। ਇਸੇ ਐਕਟ ਦੇ ਅਧੀਨ ਹੀ ਸ਼ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਮੌਜੂਦਾ ਸਰੂਪ ਹੋਂਦ ਵਿਚ ਆਇਆ। ਅੰਗਰੇਜ਼ੀ ਹਕੂਮਤ ਵੱਲੋਂ ਮਹਾਰਾਜੇ ਦੇ ਸਬੰਧ ਵਿਚ ਕੋਈ ਵੀ ਮਤਾ ਪਾਸ ਕਰਨ ਦੀ ਆਗਿਆ ਨਾ ਹੋਣ ਦੇ ਬਾਵਜੂਦ ਸਿੱਖ ਸੰਗਤਾਂ ਵੱਲੋਂ ਪੰਜਾਬ ਭਰ ਵਿਚ ਥਾਂ-ਥਾਂ ਮੁਜ਼ਾਹਰੇ ਕੀਤੇ ਗਏ ਅਤੇ ਮਹਾਰਾਜਾ ਦੀ ਬਹਾਲੀ ਦੇ ਮਤੇ ਪਾਸ ਕੀਤੇ ਗਏ। ਜੈਤੋ ਮੰਡੀ ਵਿਚ ਵੀ ਅਜਿਹਾ ਮੁਜ਼ਾਹਰਾ ਕਰਨ ਉਪਰੰਤ ਗੁਰਦੁਆਰਾ ਪਾਤਸ਼ਾਹੀ ਦਸਵੀਂ ਸ੍ਰੀ ਗੰਗਸਰ ਸਾਹਿਬ ਵਿਖੇ ਦੀਵਾਨ ਸਜਾਇਆ ਗਿਆ ਅਤੇ ਅਖੰਡ ਪਾਠਾਂ ਦੀ ਲੜੀ ਆਰੰਭ ਕੀਤੀ ਗਈ।



ਪ੍ਰਮੋਦ ਧੀਰ ਜੈਤੋ
91-98550-31081

ਇਹ ਸਿੱਖ ਮਰਯਾਦਾ ਦੀ ਘੋਰ ਉਲੰਘਣਾ ਸੀ ਅਤੇ ਇਸ ਦੁਰਘਟਨਾ ਨੇ ਮਹਾਰਾਜਾ ਦੇ ਰਾਜਸੀ ਸਵਾਲ ਨੂੰ ਧਾਰਮਿਕ ਸਵਾਲ ਬਣਾ ਦਿੱਤਾ। ਜੈਤੋ ਮੋਰਚੇ ਦਾ ਮੁੱਖ ਨਿਸ਼ਾਨਾ ਖੰਡਿਤ ਅਖੰਡ ਪਾਠ ਨੂੰ ਮੁੜ ਅਖੰਡਿਤ ਰੂਪ ਵਿਚ ਚਾਲੂ ਕਰਨਾ ਸੀ। ਸਿੱਖਾਂ ਦੀ ਧਾਰਮਿਕ ਜੱਥੇਬੰਦੀ ਨੇ ਇਸ ਮੋਰਚੇ ਦੀ ਕਮਾਨ ਸੰਭਾਲਦਿਆਂ ਅੰਮ੍ਰਿਤਸਰ ਤੋਂ ਰੋਜ਼ਾਨਾ 25-25 ਸਿੰਘਾਂ ਦੇ ਜੱਥੇ ਜੈਤੋ ਵੱਲ ਭੇਜਣੇ ਸ਼ੁਰੂ ਕੀਤੇ। ਹਰ ਰੋਜ਼ ਇੱਕ ਜੱਥਾ ਸ੍ਰੀ ਅਕਾਲ ਤਖਤ ਸਾਹਿਬ ਤੋਂ ਚੱਲ ਕੇ ਜਦੋਂ ਜੈਤੋ ਪਹੁੰਚਦਾ ਤਾਂ ਹਕੂਮਤ ਵੱਲੋਂ ਸਿੰਘਾਂ ਨੂੰ ਗ੍ਰਿਫਤਾਰ ਕਰਕੇ ਜੰਗਲਾਂ ਵਿਚ ਲਿਜਾ ਕੇ ਛੱਡ ਦਿੱਤਾ ਜਾਂਦਾ। ਮੋਰਚੇ ਦੀ ਚਰਚਾ ਪੰਜਾਬ ਤੋਂ ਬਾਹਰ ਵੀ ਹੋਣ ਲੱਗੀ। ਕਾਂਗਰਸ ਵੱਲੋਂ ਪੰਡਿਤ ਜਵਾਹਰ ਲਾਲ ਨਹਿਰੂ, ਪ੍ਰਿੰਸੀਪਲ ਗਿਡਵਾਨੀ ਅਤੇ ਮਿਸਟਰ ਕੇ. ਸਨਾਤਮ ਸਥਿਤੀ ਦਾ ਜਾਇਜ਼ਾ ਲੈਣ ਲਈ ਜੈਤੋ ਮੰਡੀ ਭੇਜਿਆ ਗਿਆ। ਤਿੰਨਾਂ ਆਗੂਆਂ ਨੂੰ ਜੈਤੋ ਪੁੱਜਣ ਤੇ ਹੀ ਗ੍ਰਿਫਤਾਰ ਕਰ ਲਿਆ ਗਿਆ ਅਤੇ ਇਕ ਰਾਤ ਜੈਤੋ ਕਿਲੇ ਦੀ ਇਕ ਕੋਠੜੀ ਵਿਚ ਬੰਦ ਕਰਨ ਉਪਰੰਤ ਅਗਲੇ ਦਿਨ ਨਾਭਾ ਜੇਲ੍ਹ ਵਿਚ ਭੇਜ ਦਿੱਤਾ। 29 ਸਤੰਬਰ, 1923 ਨੂੰ ਸ਼੍ਰੋਮਣੀ ਗੁਰਦੁਆਰਾ ਕਮੇਟੀ ਵੱਲੋਂ ਸਿੱਖਾਂ ਦੇ ਧਾਰਮਿਕ ਮਾਮਲਿਆਂ ਵਿਚ ਹਕੂਮਤ ਦੀ ਦਖਲਅੰਦਾਜ਼ੀ ਨਾ ਸਹਿਣ ਕਰਨ ਦਾ ਮਤਾ ਪਾਸ ਕੀਤਾ ਗਿਆ ਅਤੇ 25 ਸਿੰਘਾਂ ਦੇ ਜੱਥੇ ਭੇਜਣ ਨਾਲ ਕੋਈ ਤਸੱਲੀਬਖਸ਼ ਸਿੱਟਾ ਨਿਕਲਦਾ ਨਾ ਵੇਖ ਕੇ ਮੋਰਚੇ ਨੂੰ ਹੋਰ ਤੇਜ਼ ਕਰਨ ਲਈ 500-500 ਸਿੰਘਾਂ ਦਾ ਜੱਥੇ ਭੇਜਣ ਦਾ ਫੈਸਲਾ ਕੀਤਾ ਗਿਆ। ਪਹਿਲੇ ਜੱਥੇ ਨੂੰ 21 ਫਰਵਰੀ, 1924 ਨੂੰ ਜੈਤੋ ਪੁੱਜ ਕੇ ਗੁਰਦੁਆਰਾ ਪਾਤਸ਼ਾਹੀ ਦਸਵੀਂ ਸ੍ਰੀ ਗੰਗਸਰ ਸਾਹਿਬ ਨੂੰ ਕਬਜ਼ੇ ਵਿਚ ਲੈਣ ਅਤੇ ਅਖੰਡ ਪਾਠ ਸ਼ੁਰੂ ਕਰਨ ਦਾ ਆਦੇਸ਼ ਦਿੱਤਾ ਗਿਆ।

ਇਹ ਵਿਸ਼ਾਲ ਜੱਥਾ 9 ਫਰਵਰੀ,1924 ਨੂੰ ਅਕਾਲ ਤਖਤ ਤੋਂ ਚੱਲ ਕੇ 20 ਫਰਵਰੀ ਨੂੰ ਫ਼ਰੀਦਕੋਟ ਜ਼ਿਲ੍ਹੇ ਦੇ ਪਿੰਡ ਬਰਗਾੜੀ ਵਿਖੇ ਪੁੱਜਿਆ। 21 ਫਰਵਰੀ ਨੂੰ ਸਵੇਰੇ ਕੀਰਤਨ ਕਰਨ ਉਪਰੰਤ ਇਹ ਜੱਥਾ ਜੈਤੋ ਵੱਲ ਕੂਚ ਕਰਨ ਲੱਗਿਆ। ਜੱਥੇ ਦੇ ਨਾਲ ਹਜਾਰਾਂ ਦੀ ਗਿਣਤੀ ਵਿਚ ਹੋਰ ਸੰਗਤ ਵੀ ਸ਼ਰਧਾਵੱਸ ਨਾਲ ਚੱਲ ਰਹੀ ਸੀ ਅਤੇ ਬੀਬੀਆਂ ਸਮੇਤ ਵੱਡੀ ਗਿਣਤੀ ਵਿਚ ਦਰਸ਼ਕ ਵੀ ਸਨ। ਕਾਂਗਰਸੀ ਨੇਤਾ ਡਾਕਟਰ ਕਿਚਲੂ, ਪ੍ਰਿੰਸੀਪਲ ਗਿਡਵਾਨੀ ਅਤੇ ਨਿਊਯਾਰਕ ਟਾਈਮਜ਼ ਦੇ ਪ੍ਰਤੀਨਿੰਧ ਮਿਸਟਰ ਜ਼ਿੰਮਦ ਕਾਰ ਵਿਚ ਸਵਾਰ ਹੋ ਕੇ ਜੱਥੇ ਦੇ ਨਾਲ-ਨਾਲ ਚੱਲ ਰਹੇ ਸਨ ਪਰ ਇਨ੍ਹਾਂ ਨੇਤਾਵਾਂ ਨੂੰ ਨਾਭਾ ਰਿਆਸਤ ਦੀ ਹੱਦ ਤੋਂ ਅੱਗੇ ਨਹੀਂ ਜਾਣ ਦਿੱਤਾ ਗਿਆ। ਜੱਥੇ ਦੇ ਅੱਗੇ ਪੰਜ ਸਿੰਘ ਨਿਸ਼ਾਨ ਸਾਹਿਬ ਲੈ ਕੇ ਚੱਲ ਰਹੇ ਸਨ ਅਤੇ ਵਿਚਾਲੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਪਾਲਕੀ ਸੀ। ਅੰਗਰੇਜ਼ੀ ਹਕੂਮਤ ਵੱਲੋਂ ਜੱਥੇ ਨੂੰ ਗੁਰਦੁਆਰਾ ਟਿੱਬੀ ਸਾਹਿਬ ਤੋਂ 150 ਮੀਟਰ ਦੀ ਵਿੱਥ 'ਤੇ ਰੋਕ ਕੇ ਗੋਲੀ ਚਲਾ ਦੇਣ ਦੀ ਧਮਕੀ ਦਿੱਤੀ ਪਰ ਜੱਥਾ ਸ਼ਾਂਤਮਈ ਅੱਗੇ ਵਧਦਾ ਰਿਹਾ ਜਿਸ 'ਤੇ ਵਿਲਸਨ ਜਾਨਸਟਨ ਨੇ ਪੁਲਿਸ ਨੂੰ ਗੋਲੀ ਚਲਾਉਣ ਦਾ ਹੁਕਮ ਦੇ ਦਿੱਤਾ ਅਤੇ ਸੈਂਕੜੇ ਸਿੰਘਾਂ ਨੂੰ ਸ਼ਹੀਦ ਕਰ ਦਿੱਤਾ ਗਿਆ (ਸ਼ਰੋਮਣੀ ਕਮੇਟੀ ਅਨੁਸਾਰ ਇਸ ਘਟਨਾ ਵਿਚ 300 ਸਿੰਘ ਗੋਲੀ ਦਾ ਸ਼ਿਕਾਰ ਹੋਏ ਜਿਨ੍ਹਾਂ ਵਿਚੋਂ 100 ਸਿੰਘ ਸ਼ਹਾਦਤ ਹਾਸਲ ਕਰ ਗਏ)। ਇਸ ਘਟਨਾ ਨੇ ਸਿੱਖਾਂ ਅੰਦਰ ਨਵਾਂ ਜੋਸ਼ ਭਰ ਦਿੱਤਾ ਅਤੇ ਉਨ੍ਹਾਂ ਵਿਚ ਇਸ ਮੋਰਚੇ ਵਿਚ ਸ਼ਹਾਦਤ ਪਾਉਣ ਦਾ ਚਾਅ ਠਾਠਾਂ ਮਾਰਨ ਲੱਗਾ। ਲੋਕ ਸ਼ਹੀਦੀ ਜੱਥਿਆਂ ਵਿਚ ਵਧ ਚੜ੍ਹ ਕੇ ਸ਼ਾਮਲ ਹੋਣ ਲੱਗੇ। 28 ਫਰਵਰੀ 1924 ਨੂੰ ਅਗਲਾ ਸਿੰਘਾਂ ਦਾ ਜੱਥਾ ਅਮ੍ਰਿਤਸਰ ਤੋਂ ਜੈਤੋ ਲਈ ਰਵਾਨਾ ਹੋਇਆ ਜਿਸਨੂੰ 14 ਮਾਰਚ 1924 ਨੂੰ ਹਿਰਾਸਤ ਵਿੱਚ ਲੈ ਲਿਆ ਗਿਆ। ਇਨ੍ਹਾਂ ਜੱਥਿਆਂ ਵਿੱਚ ਕੈਨੇਡਾ,ਹਾਂਗਕਾਂਗ,ਹੰਗਾਈ ਆਦਿ ਦੇਸ਼ਾਂ ਤੋਂ ਵੀ ਸਿੰਘਾਂ ਨੇ ਹਿੱਸਾ ਲਿਆ। ਇਸ ਤਰ੍ਹਾਂ 500-500 ਦੇ ਜੱਥੇ ਭੇਜਣ ਦਾ ਸਿਲਸਿਲਾ ਲਗਾਤਾਰ ਚਲਦਾ ਰਿਹਾ ਅਤੇ ਉਦੋਂ ਤੱਕ ਜਾਰੀ ਰਿਹਾ ਜਦੋਂ ਤੱਕ ਅੰਗਰੇਜ਼ੀ ਹਕੂਮਤ ਨੇ ਹੱਥ ਖੜ੍ਹੇ ਨਾ ਕੀਤੇ। ਅੰਤ ਹਕੂਮਤ ਸਿੱਖ ਸੰਘਰਸ਼ ਅੱਗੇ ਝੁਕ ਗਈ ਅਤੇ ਇਸ ਇਤਿਹਾਸਕ ਮੋਰਚੇ ਨੂੰ ਸਫਲਤਾ ਮਿਲੀ। ਸਿੱਖ ਸੰਗਤ ਨੇ ਗੁਰਦੁਆਰਾ ਗੰਗਸਰ ਸਾਹਿਬ ਜੈਤੋ ਵਿਖੇ ਮੁੜ ਆਖੰਡ ਪਾਠ ਸ਼ੁਰੂ ਕਰਕੇ ਮੋਰਚੇ ਨੂੰ ਤੋੜ ਚੜ੍ਹਾਇਆ। ਜੈਤੋ ਦੇ ਇਤਿਹਾਸਕ ਗੁਰਦੁਆਰਾ ਸ਼ਹੀਦ ਗੰਜ ਟਿੱਬੀ ਸਾਹਿਬ ਵਿਖੇ ਹਰ ਸ਼ਾਲ 21 ਫਰਵਰੀ ਨੂੰ ਸ਼ਹੀਦੀ ਜੋੜ ਮੇਲਾ ਲਗਾਇਆ ਜਾਂਦਾ ਹੈ ਜਿੱਥੇ ਵੱਡੀ ਗਿਣਤੀ ਵਿੱਚ ਸੰਗਤਾਂ ਪਹੁੰਚ ਕੇ ਸ਼ਹੀਦਾਂ ਨੂੰ ਸ਼ਰਧਾਂਜਲੀ ਅਰਪਣ ਕਰਦੀਆਂ ਹਨ।

## ਪੁਸਤਕ ਚਰਚਾ

# ਪਰਮ ਪਾਰਸ ਗੁਰੂ - ਸਤਿਗੁਰੂ ਰਵਿਦਾਸ ਜੀ ਮਹਾਰਾਜ

**ਲੇਖਕ- ਜੋਗਿੰਦਰ 'ਬੇਗਮ' ਮਜੰਡ**
**ਪ੍ਰਕਾਸ਼ਨਾ- ਰਵਿ ਪ੍ਰਕਾਸ਼ ਪ੍ਰਿੰਜੰਟਿਗ ਪ੍ਰੈਸ, ਮੁਹੱਲਾ ਸੁੰਦਰ ਨਗਰ ਜਲੰਧਰ**
**ਕੀਮਤ - 120 ਰੁਪੈ**
**ਮੋਬਾਈਲ: 98720-89408, 90414-88358**

'ਪਰਮ ਪਾਰਸ ਗੁਰੂ ਸਤਿਗੁਰੂ ਰਵਿਦਾਸ ਜੀ ਮਹਾਰਾਜ ਦੀ' ਪੁਸਤਕ ਲੇਖਕ ਜੋਗਿੰਦਰ 'ਬੇਗਮ' ਮਜੰਡ ਦੁਆਰਾ ਲਿਖੀਆਂ ਗਈਆਂ ਪੁਸਤਕਾਂ ਵਿਚੋਂ ਇਕ ਪੁਸਤਕ ਹੈ। ਸੱਚਖੰਡ ਬੱਲਾਂ ਦੇ ਮਹਾਪੁਰਸ਼ਾਂ ਸਤਿਗੁਰੂ ਨਿਰੰਜਣ ਦਾਸ ਜੀ ਨੇ ਵੀ ਲੇਖਕ ਦੇ ਇਸ ਉਪਰਾਲੇ ਦੀ ਬੜੀ ਸਰਾਹਨਾ ਕੀਤੀ ਹੈ। ਸ਼ਾਂਤ ਤੇ ਨਿਮਰ ਸੁਭਾਅ ਦਾ ਮਾਲਕ ਲੇਖਕ ਕਿਸੇ ਜਾਣ-ਪਛਾਣ ਦਾ ਮੁਹਤਾਜ ਨਹੀਂ ਸਤਿਗੁਰੂ ਰਵਿਦਾਸ ਮਹਾਰਾਜ ਜੀ ਮਹਿਮਾ ਨੂੰ ਆਪਣੀ ਆਵਾਜ਼ ਵਿਚ ਗਾ ਕੇ ਬਹਿਜਾ-ਬਹਿਜਾ ਖੱਟੀ। ਲੇਖਕ ਦੇ ਲਿਖੇ ਗੀਤ ਦੂਜੇ ਕਲਾਕਾਰਾਂ ਨੇ ਵੀ ਗਾਏ ਹਨ। ਪਰਾਈ ਨਿੰਦਿਆ-ਚੁੰਗਲੀ ਤੇ ਪਿੱਠ ਪਿੱਛੇ ਬੁਰਾਈ ਕਰਨਾ ਲੇਖਕ ਦੇ ਸ਼ੌਕ ਵਿਚ ਸ਼ਾਮਿਲ ਨਹੀਂ ਹੈ। ਅੱਜ ਦੁਨੀਆਂ ਇਸ ਸਥਿਤੀ 'ਤੇ ਖੜੀ ਹੈ ਜਿੱਥੇ ਕਿ ਉਚ-ਨੀਚ ਤੇ ਮੈਂ- ਮੇਰ ਅਦਿ ਦੀ ਪ੍ਰਧਾਨਤਾ ਪਾਈ ਜਾਂਦੀ ਹੈ। ਧਰਤੀ ਦਾ ਹਰ ਜੀਵ ਆਪਣੇ ਆਪ ਨੂੰ ਦੂਜੇ ਤੋਂ ਉੱਚਾ ਮਜੰਨ ਰਿਹਾ ਹੈ। ਇਹ ਬੜੀ ਪੇਚੀਦਾ ਤੇ ਗੁੰਝਲਦਾਰ ਸਮੱਸਿਆ ਇਹ ਹੈ ਕਿ ਦੁਨੀਆਂ ਨੂੰ ਪੰਜਾਬੀ ਵਿਕਾਰ-ਰੂਪੀ ਦੂਤਾਂ- ਕਾਮ, ਕ੍ਰੋਧ, ਲੋਭ, ਮੋਹ ਤੇ ਹੰਕਾਰ ਨੇ ਇੰਨੀ ਬੁਰੀ ਤਰਾਂ ਨਾਲ ਜਕੜਿਆ ਹੋਇਆ ਹੈ। ਲੇਖਕ ਅਨੁਸਾਰ ਅਜਿਹੀ ਗੁੰਝਲਦਾਰ ਸਮੱਸਿਆ ਤੋਂ ਬਚਣ ਲਈ ਧਰਤੀ ਦੇ ਹਰ ਜੀਵ ਨੂੰ ਇਕ ਪਰਮ ਪਾਰਸ ਗੁਰੂ ਦੀ ਲੋੜ ਹੈ ਕਿਉਂਕਿ ਦੁਨੀਆਂ ਦੇ ਮਨਾਂ 'ਤੇ ਭੈੜੇ ਵਿਕਾਰਾਂ ਦੀ ਚੜੀ ਹੋਈ ਜੰਗ-ਰੂਪੀ ਪਰਤ ਨੂੰ ਉਤਾਰ ਕੇ ਜੀਵ ਨੂੰ ਸੋਨੇ-ਰੂਪੀ ਚਮਕ ਦੇ ਦੁਨੀਆਂ ਦੇ ਭਵਸਾਗਰ ਤੋਂ ਪਾਰ ਲੰਘ-ਾਉਣ ਦਾ ਕੰਮ ਕੇਵਲ ਉਹ ਪਾਰਸ ਹੀ ਕਰ ਸਕਦਾ ਹੈ। ਲੇਖਕ ਅਨੁਸਾਰ ਬੇਗਮ-



ਪੁਰਾ ਸ਼ਹਿਰ ਦੇ ਨਿਰਮਾਤਾ ਸਤਿਗੁਰੂ ਰਵਿਦਾਸ ਜੀ ਮਹਾਰਾਜ ਹੀ ਉਹ ਪਾਰਸ ਹਨ। ਲੇਖਕ ਨੇ ਆਪਣੀ ਇਸ ਪੁਸਤਕ ਵਿਚ ਸੱਚ ਦਾ ਉਪਦੇਸ਼, ਪਰਮ-ਪਾਰਸ ਗੁਰੂ- ਸਤਿਗੁਰੂ ਰਵਿਦਾਸ ਜੀ ਮਹਾਰਾਜ, ਮਨੱਖ ਅਤੇ ਪਰਮਾਤਮਾ, ਪਾਰਸ ਦੀ ਗੁਰੂ ਦੀ ਲੋੜ, ਸੰਤਾਂ ਦੇ ਬਚਨਾਂ ਵਿਚ ਰਹੱਸ ਹੁੰਦਾ ਹੈ ਅਤੇ ਸਵਰਗ ਨਰਕ ਆਦਿ ਜਿਹੇ ਵਿਸ਼ੇ ਛੋਹ ਕੇ ਪੁਸਤਕ ਵਿਚ ਰੂਹ ਭਰਨ ਦੀ ਕੋਸ਼ਿਸ਼ ਕੀਤੀ ਹੈ। ਲੇਖਕ ਦੀ ਰੁਚੀ ਧਾਰਮਿਕ ਪੁਸਤਕਾਂ ਲਿਖਣ ਵਿਚ ਹੈ। ਪਰਸ ਪਾਰਸ ਗੁਰੂ ਰਵਿਦਾਸ ਜੀ ਮਹਾਰਾਜ ਪੁਸਤਕ ਤੋਂ ਇਲਾਵਾ ਲੇਖਕ ਨੇ "ਚੌਹ ਯੁੱਗਾਂ ਦੇ ਅਵਤਾਰ-ਸਤਿਗੁਰੂ ਰਵਿਦਾਸ ਜੀ ਮਹਾਰਾਜ", "ਪ੍ਰਭਾਤ ਫੇਰੀਆਂ ਅਤੇ ਸ਼ਬਦ ਸੰਗ੍ਰਹਿ ਸਤਿਗੁਰੂ ਰਵਿਦਾਸ ਜੀ" ਪੁਸਤਕਾਂ ਵੀ ਪਾਠਕਾਂ ਦੀ ਝੋਲੀ ਪਾਈਆਂ ਹਨ। ਗੁਰੂ ਨਾਨਕ ਦੇਵ ਜੀ ਮਹਾਰਾਜ, ਸਤਿਗੁਰੂ ਅੰਗਦ ਦੇਵ ਜੀ ਮਹਾਰਾਜ, ਸਤਿਗੁਰੂ ਅਰਜਨ ਦੇਵ ਜੀ ਮਹਾਰਾਜ, ਕਬੀਰ ਸਾਹਿਬ, ਨਾਮਦੇਵ ਜੀ ਆਦਿ ਮਹਾਂਪੁਰਸ਼ਾਂ ਦੀ ਬਾਣੀ ਦਾ ਹਵਾਲੇ ਦਿੰਦਾ ਹੋਇਆ ਲੇਖਕ ਵੀ ਇਸ ਗੱਲ ਦੀ ਪ੍ਰੋੜਤਾ ਕਰਦਾ ਦਿਖਾਈ ਦਿੱਤਾ ਹੈ ਕਿ ਦੁਨੀਆਵੀ ਜੀਵ ਨੂੰ ਅੱਜ ਸੱਚਮੁੱਚ ਪਰਮ-ਪਰਸ ਗੁਰੂ- ਸਤਿਗੁਰੂ ਰਵਿਦਾਸ ਜੀ ਮਹਾਰਾਜ ਜਿਹੇ ਪਰਮ ਪਰਾਸ ਗੁਰੂ ਦੀ ਲੋੜ ਹੈ। ਗੁਰੂ ਨਾਨਕ ਦੇਵ ਜੀ ਮਹਾਰਾਜ ਵੀ ਆਪਣੀ ਬਾਣੀ ਵਿਚ ਫ਼ਰਮਾਇਆ ਹੈ-

ਭਰੀਐ ਮਤ ਪਾਪ ਕੈ ਸੰਗਿ£ ਓਹੁ ਧੋਪੈ ਨਾਵੈ ਰੰਗਿ

ਭਾਵ ਸੱਚਾ ਗੁਰੂ ਹੀ ਲੋਹੇ-ਰੂਪੀ ਜੀਵ ਨੂੰ ਸੋਨੇ ਵਿਚ ਤਬਦੀਲ ਕਰ ਸਕਦਾ ਹੈ।

ਪੁਸਤਕ ਦੇ ਅੰਤ ਵਿਚ ਲੇਖਕ ਨੇ ਆਪਣੇ ਜੀਵਨ ਕਾਲ ਵਿੱਦਿਆ ਪ੍ਰਾਪਤੀ, ਨਿਭਾਈਆਂ ਗਈਆਂ ਸੇਵਾਂਵਾਂ ਤੇ ਸੇਵਾ ਦੌਰਾਨ ਪ੍ਰਾਪਤ ਕੀਤੇ ਸਨਮਾਨ ਪੱਤਰਾਂ ਦਾ ਵਿਓਰਾ ਹੀ ਦਿੱਤਾ ਗਿਆ। ਸਜੰਪਾਦਕ ਨੇ ਇਸ ਛਪਾਈ ਬੜੇ ਵਧੀਆਂ:ਤਰੀਕੇ ਨਾਲ ਕੀਤੀ ਹੈ ਤੇ ਲੇਖਕ ਦੁਆਰਾ ਹੋਇਆ ਉੱਦਮ ਵੀ ਬੜਾ ਸ਼ਲਾਘਾਯੋਗ ਹੈ।

**ਪਰਸ਼ੋਤਮ ਲਾਲ ਸਰੋਏ,**
**ਮੋਬਾ: 91-92175-44348**

# Buying or Selling Gas Stations and Hotels

*All over in California*

*Do you want to Buy/Sell your Gas Station and Hotel business property? Call us for a free consultation.*

Call us for a Free Consultation about Selling your Gas Station or Hotel and we can also Give you our Expert Opinion of the Value of Your Gas Station or Hotel.





ELITE REALTY SERVICES

TEAM JD

JOHN SINGH BANGA
916.271.5404
Lic # 01397975

DALVIR 'DIL' NIJJAR
916.628.2210
Lic # 01418648

*Commercial Real estate and investment adviser*

Shell Mobil EXXON TEXACO Chevron VALERO Holiday Inn Express Hampton Inn COURTYARD Marriott

7412 Elsie Avenue, Sacramento CA 95828

*"Honesty and Experience make the Difference"*

*www. buyorsellgasstationsandhotels. com*



# AAA AUTO AND BODY WORKS

ਸਾਡੇ ਇੱਥੇ ਹਰ ਕਿਸਮ ਦੀਆਂ ਕਾਰਾਂ ਦੀ ਮੁਰੰਮਤ ਅਤੇ ਰਿਪੇਅਰ ਤੋਂ ਇਲਾਵਾ ਕਾਰਾਂ ਦੇ ਪੇਂਟ ਦਾ ਕੰਮ ਤਸੱਲੀਬਖਸ਼ ਕੀਤਾ ਜਾਂਦਾ ਹੈ। ਪੁਰਾਣੀਆਂ ਕਾਰਾਂ ਖਰੀਦਣ ਅਤੇ ਟੋ-ਟਰੱਕ ਦਾ ਖਾਸ ਪ੍ਰਬੰਧ ਹੈ।

**We Do Complete Engine Transmission, Body and Paint Work We Sell Used Cars at a Good Price**



Free Estimates
Free Towing

510- 733- 2222

1421 Industrial PKWY West#F Hayward, CA 94544



Prop: Jasbir Singh Takhar
510-755-2132

Harmandeep Singh



33 ਸਾਲਾਂ ਤੋਂ ਸਾਡੇ ਆਯੂਰਵੈਦਿਕ ਜੜ੍ਹੀਆਂ ਬੂਟੀਆਂ ਦੇ ਤਿੰਨ ਪੁਸ਼ਤੀ ਖਾਨਦਾਨੀ ਨੁਸਖਿਆਂ ਦੇ ਇਲਾਜ

ਹਰ ਉਮਰ 'ਚ | ਵਿਆਹ ਤੋਂ ਪਹਿਲਾਂ ਜਾਂ ਬਾਅਦ 'ਚ ਹੋਈ ਕਮਜ਼ੋਰੀ | ਹਰ ਮੌਸਮ 'ਚ

# ਅਮਰ ਕੋਰਸ®

## ਹਰ ਉਮਰ 'ਚ ਸੈਕਸ ਕਰੋ, ਜਵਾਨੀ ਦਾ ਅਨੰਦ ਮਾਣੋ

ਬੇਔਲਾਦ ਤੇ ਬਾਂਝਪਨ ਲਾ-ਇਲਾਜ ਨਹੀਂ Nill ਸ਼ੁਕਰਾਣੂ ਵਾਲੇ ਜ਼ਰੂਰ ਮਿਲਣ

ਜ਼ਰੂਰੀ ਨੋਟ : ਦਵਾਈ ਦੇਸ਼-ਵਿਦੇਸ਼ ਵਿਚ ਡਾਕ ਰਾਹੀਂ ਭੇਜਣ ਦਾ ਖਾਸ ਪ੍ਰਬੰਧ ਹੈ।

ਸੈਕਸ 'ਚ ਪੂਰਾ ਜੋਸ਼ ਲਵੋ, ਮਨਚਾਹਾ ਸਮਾਂ ਲਗਾਓ, **ਸ਼ੂਗਰ ਜਾਂ ਵਧ ਰਹੀ ਉਮਰ ਕਾਰਨ ਹੋਈ ਕਮਜ਼ੋਰੀ,** ਵੀਰਜ ਪਤਲਾ, ਘੱਟ ਬਣਨਾ, ਧਾਂਤ, ਨਾਮਰਦੀ, ਸਮਾਂ ਘੱਟ ਲੱਗਣਾ, **ਸੁਪਨਦੋਸ਼,** ਵੀਰਜ ਪਤਲਾ, **ਬਚਪਨ ਦੀਆਂ ਗਲਤੀਆਂ ਨਾਲ ਹੋਈ ਕਮਜ਼ੋਰੀ,** ਸ਼ੁਕਰਾਣੂ ਘੱਟ ਬਣਨਾ ਜਾਂ ਬਿਲਕੁਲ ਨਾ ਹੋਣਾ, **ਪੂਰਾ ਅਮਰ ਕੋਰਸ ਕਰਨ ਤੋਂ ਬਾਅਦ ਦੁਬਾਰਾ ਦਵਾਈ ਖਾਣ ਦੀ ਲੋੜ ਨਹੀਂ ਪੈਂਦੀ।**



ਵੈਦ ਅਮਰਜੀਤ ਅਮਰ

**ਸਪੈਸ਼ਲ ਅਮਰ ਤਿੱਲਾ** ਮਾਲਸ਼ ਕਰਨ ਨਾਲ ਲੰਬਾਈ, ਮੋਟਾਈ, ਸਖਤਾਈ, ਢਿੱਲਾਪਣ, ਟੇਢਾਪਨ ਨਸਾਂ ਕਮਜ਼ੋਰ ਠੀਕ ਹੋ ਜਾਂਦੀਆਂ ਹਨ। ਸਾਡੇ ਆਯੂਰਵੈਦਿਕ ਜੜ੍ਹੀਆਂ ਬੂਟੀਆਂ ਦੇ ਤਿੰਨ ਪੁਸ਼ਤੀ ਖਾਨਦਾਨੀ ਨੁਸਖਿਆਂ ਦੇ ਗਾਰੰਟੀਸ਼ੁਦਾ ਇਲਾਜ ਲਈ ਮਿਲੋ ਜਾਂ ਫੋਨ ਕਰੋ।

**ਦਵਾਈ ਦਾ ਅਸਰ ਪਹਿਲੇ ਦਿਨ ਤੋਂ ਸ਼ੁਰੂ**

ਔਰਤਾਂ ਦੀ ਸੁੰਦਰਤਾ ਦਾ ਦੁਸ਼ਮਣ (ਸਫੈਦ ਪਾਣੀ ਲਕੋਰੀਆ)



ਛਾਤੀ ਸੁੰਗੜਨਾ, ਛੋਟੀ ਹੋਣਾ, ਢਿੱਲਾਪਨ, ਛਾਈਆਂ ਠੰਡਾਪਨ, (ਚੌੜੀ ਯੋਨੀ), ਖੁੱਲਾਪਨ, ਗਿੱਲਾਪਨ, ਹਿੱਪ ਭਾਰੀ, (ਮੋਟਾਪਾ), ਕਮਰ ਦਰਦ, ਸੰਭੋਗ ਨੂੰ ਮਨ ਨਾ ਕਰਨਾ।

ਭਾਰ ਪੈਣਾ ਬਿਨਾਂ ਆਪ੍ਰੇਸ਼ਨ ਆਰਾਮ | ਸਾਡੀ ਦਵਾਈ ਨਾਲ ਕੋਈ Side Effect ਨਹੀਂ ਹੁੰਦਾ

ਤੁਰੰਤ ਪੁੱਛਣ ਲਈ
+91-98140-29888
+91-98141-29888
+91-98763-39888

ਸਾਡਾ ਪੂਰਾ ਪਤਾ : ਤਿੰਨ ਪੁਸ਼ਤੀ ਖਾਨਦਾਨੀ ਵੈਦ

# ਅਮਰ ਦਵਾਖਾਨਾ (ਰਜਿ.)

ਇਨੋਸੈਂਟ ਸਕੂਲ ਰੋਡ, ਗਰੀਨ ਮਾਡਲ ਟਾਊਨ, ਜਲੰਧਰ (ਪੰਜਾਬ) ਭਾਰਤ।
ਫੋਨ : 91-181-2275777 ਫੈਕਸ : 91-181-2461888 ਸਮਾਂ 9 ਤੋਂ 8 ਵਜੇ ਤੱਕ ਐਤਵਾਰ 3 ਵਜੇ ਤੱਕ
website : www.amardawakhana.com email : amardawakhana@rediffmail.com



# A & S

## Auto Repair & Services

## Specializing in Brakes & Axles

10% of any repair of $ $75.00 or More

Free Tire Rotation and Brake Inspection with purchase of Oil Service for most cars

Diagnose check Engine light pre-buyers inspection tune-ups and more

Dealer Recommended Service Shocks/Struts A/C Servics



9:00 AM to 6:00 PM Mon-Sat



Ph: 916-238-4431
649 W. Elkhorn Blvd. Suite B2
Rio Linda, CA 95673

Amarjit Sandhu

# "ਸੂਰਜੁ ਏਕੋ ਰੁਤਿ ਅਨੇਕ"



ਸਰਵਜੀਤ ਸਿੰਘ ਸੈਕਰਾਮੈਂਟੋ
sarbjits@gmail.com

ਕਦੇ ਸਮਾਂ ਸੀ, ਜਦੋਂ ਇਹ ਮੰਨਿਆ ਜਾਂਦਾ ਸੀ ਕਿ ਧਰਤੀ ਚਪਟੀ ਅਤੇ ਖੜੀ ਹੈ। ਸੂਰਜ ਇਸ ਦੀ ਪ੍ਰਕਰਮਾ ਕਰਦਾ ਹੈ। ਕੋਪਰਨੀਕਸ (1473-1534)ਅਤੇ ਕੈਪਲਰ (1571-1630) ਨੇ ਗਿਣਤ ਰਾਹੀ ਇਹ ਸਾਬਿਤ ਕੀਤਾ ਕਿ ਧਰਤੀ ਘੁਮ ਰਹੀ ਹੈ। ਗੈਲੀਲੀਓ (1564-1642) ਨੇ ਪ੍ਰਯੋਗ ਰਾਹੀ ਸਾਬਿਤ ਕੀਤਾ ਸੀ ਕਿ ਗ੍ਰਹਿ ਚਾਲ ਦਾ ਕੇਂਦਰ ਧਰਤੀ ਨਹੀਂ ਸਗੋਂ ਸੂਰਜ ਹੈ। ਧਰਤੀ ਸਮੇਤ ਸਾਰੇ ਗ੍ਰਹਿ ਸੂਰਜ ਦੁਆਲੇ, ਇਕ ਖਾਸ ਰਫ਼ਤਾਰ ਅਤੇ ਇਕ ਖਾਸ ਦੂਰੀ ਤੇ ਰਹਿ ਕੇ ਚੱਕਰ ਲਾਉਂਦੇ ਹਨ। ਉਸ ਵੇਲੇ ਦੇ ਧਾਰਮਿਕ ਆਗੂਆਂ ਨੇ ਗੈਲੀਲੀਓ ਨਾਲ ਕਿਵੇਂ ਸਿਝਿਆ, ਉਹ ਇਤਿਹਾਸ ਦਾ ਅੰਗ ਬਣ ਚੁੱਕਾ ਹੈ। ਅਖੀਰ ਜਦੋਂ ਉਨ੍ਹਾਂ ਦੇ ਧਾਰਮਿਕ ਆਗੂਆਂ ਨੂੰ, ਕਰਤੇ ਦੇ ਨਿਯਮ ਦੀ ਸਮਝ ਆਈ ਤਾਂ ਉਨ੍ਹਾਂ ਨੂੰ ਆਪਣੇ ਪੂਰਵਜਾਂ ਵੱਲੋਂ ਕੀਤੀ ਗਈ ਗਲਤੀ ਦਾ ਅਹਿਸਾਸ ਹੋਇਆ ਕਿ ਗੈਲੀਲੀਓ ਨਾਲ ਜਿਆਦਤੀ ਹੋਈ ਸੀ। ਉਨ੍ਹਾਂ ਨੇ ਸਾਢੇ ਤਿੰਨ ਸਦੀਆਂ ਪਿਛੋਂ, 1992 ਈ: ਵਿੱਚਪਿਛਲਾ ਫੈਂਸਲਾ ਖਾਰਜ ਕਰ ਦਿੱਤਾ। ਪੋਪ ਜੋਹਨਪਾਲ (ਦੂਜਾ) ਨੇ ਗੈਲੀਲੀਓ ਤੋਂ ਮਾਫੀ ਮੰਗਿਆ ਕਿਹਾ ਕਿ "ਤੁਸੀ ਸਹੀ ਸੀ,ਅਸੀਂ ਸਾਰੇ ਹੀ ਗੱਲਤ ਸੀ"। ਅੱਜ ਇਹ ਘੋੜੇ ਚੜ੍ਹੀ ਸਚਾਈ ਹੈ ਕਿ ਧਰਤੀ ਗੋਲ ਹੈ। ਧਰਤੀ ਆਪਣੇ ਧੁਰੇ ਦੁਆਲੇ ਲੱਗਭੱਗ 1037 ਮੀਲ ਪ੍ਰਤੀਘੰਟਾ(ਭੂ ਮੱਧ ਰੇਖਾਂ ਉੱਪਰ) ਦੀ ਰਫਤਾਰ ਨਾਲ ਘੁੰਮਦੀ ਹੈ। ਇਸ ਕਾਰਨ ਧਰਤੀ ਉਤੇ ਦਿਨ ਅਤੇ ਰਾਤ ਬਣਦੇ ਹਨ। ਧਰਤੀ ਦਾ ਜਿਹੜਾ ਪਾਸਾ ਸੂਰਜ ਦੇ ਸਾਹਮਣੇ ਆ ਜਾਂਦਾ ਹੈ ਉਥੇ ਸੂਰਜ ਦੀ ਰੋਸ਼ਨੀ ਪੈਣ ਕਾਰਨ ਦਿਨ ਹੁੰਦਾ ਅਤੇ ਦੂਜੇ ਪਾਸੇ ਹਨੇਰਾ ਹੋਣ ਕਾਰਨ ਰਾਤ ਪੈ ਜਾਂਦੀ ਹੈ। ਧਰਤੀ ਸੂਰਜ ਤੋਂ ਲੱਗਭੱਗ 92962000 ਮੀਲ ਦੂਰ ਰਹਿ ਕੇ ਸੂਰਜ ਦੀ ਪ੍ਰਕਰਮਾ ਕਰਦੀ ਹੈ। ਧਰਤੀ ਦਾ ਇਹ ਚੱਕਰ, ਜਿਸ ਨੂੰ ਸਾਲ ਕਿਹਾ ਜਾਂਦਾ ਹੈ, 365 ਦਿਨ 5 ਘੰਟੇ 48 ਮਿੰਟ 45 ਸੈਕਿੰਡ ਵਿਚ ਪੂਰਾ ਹੁੰਦਾ ਹੈ। ਇਸ ਨੂੰ ਰੁੱਤੀ ਸਾਲ (ਠਰੋਪਚਿਅਲ ਇਅਰ) ਕਿਹਾਂ ਜਾਂਦਾ ਹੈ। ਧਰਤੀ ਤੇ ਰੁੱਤਾਂ ਇਸੇ ਮੁਤਾਬਕ ਬਦਲਦੀਆਂ ਹਨ।

ਧਰਤੀ ਦੇ ਸੂਰਜ ਦੁਆਲੇ ਇਸ ਚੱਕਰ ਵਿੱਚ ਦੋ ਦਿਨ ਅਜੇਹੇ ਆਉਂਦੇ ਹਨ ਜਦੋਂ ਉੱਤਰੀ ਅਰਧ ਗੋਲੇ ਵਿੱਚ ਦਿਨ ਵੱਡੇ ਤੋਂ ਵੱਡਾ ਅਤੇ ਰਾਤ ਛੋਟੀ ਤੋਂ ਛੋਟੀ ਹੁੰਦੀ ਹੈ ਉਸੇ ਵੇਲੇ ਦੱਖਣੀ ਅਰਧ ਗੋਲੇ ਵਿਚ ਰਾਤ ਵੱਡੀ ਤੋਂ ਵੱਡੀ ਅਤੇ ਦਿਨ ਛੋਟੇ ਤੋਂ ਛੋਟਾ ਹੁੰਦਾ ਹੈ। ਇਸ ਤੋਂ ਉਲਟ ਜਦੋਂ ਉਤਰੀ ਅਰਧ ਗੋਲੇ ਵਿੱਚ ਦਿਨ ਛੋਟੇ ਤੋਂ ਛੋਟਾ ਅਤੇ ਰਾਤ ਵੱਡੀ ਤੋਂ ਵੱਡੀ ਹੁੰਦੀ ਹੈ ਉਸ ਵੇਲੇ ਦੱਖਣੀ ਅਰਧ ਗੋਲੇ ਵਿੱਚ ਦਿਨ ਵੱਡੇ ਤੋਂ ਵੱਡਾ ਅਤੇ ਰਾਤ ਛੋਟੀ ਤੋਂ ਛੋਟੀ ਹੁੰਦੀ ਹੈ। ਸਾਲ ਵਿਚ ਦੋ ਦਿਨ ਅਜੇਹੇ ਵੀ ਆਉਂਦੇ ਹਨ ਜਦੋਂ ਸਾਰੀ ਧਰਤੀ ਤੇ ਦਿਨ ਅਤੇ ਰਾਤ ਬਾਰਬਰ ਹੁੰਦੇ ਹਨ। ਭਾਵੇਂ ਸਾਨੂੰ ਇਹ ਪੜਾਇਆ ਗਿਆ ਹੈ ਕਿ ਸੂਰਜ ਪੂਰਬ ਤੋਂ ਨਿਕਲਦਾ ਹੈ ਅਤੇ ਪੱਛਮ ਵਿੱਚ ਛਿਪ ਜਾਂਦਾ ਹੈ। ਪਰ ਅਜੇਹਾ ਸਾਲ ਵਿੱਚ ਦੋ ਕੁ ਦਿਨ ਹੀ ਹੁੰਦਾ ਹੈ ਜਦੋਂ ਸੂਰਜ ਪੂਰਬ ਭਾਵ $90^{\circ}$ ਤੋਂ ਨਿਕਲਦਾ ਹੈ। ਉਸ ਤੋਂ ਅਗਲੇ ਦਿਨ ਇਹ $89^{\circ}$ ਜਾਂ $91^{\circ}$ ਤੋਂ ਉਦੇ ਹੁੰਦਾ ਹੈ। ਸੂਰਜ ਦੇ ਉਦੇ ਹੋਣ ਦੀ ਦਿਸ਼ਾਲੱਗਭੱਗ $62^{\circ}$ ਤੋਂ $117^{\circ}$ ਤਾਂਈ ਬਦਲਦੀ ਰਹਿੰਦੀ ਹੈ। ਇਸ ਨੂੰ ਸੂਰਜ ਦਾ ਰੱਥ ਫਿਰਨਾ ਕਿਹਾ ਜਾਂਦਾ ਹੈ। "ਰਥੁ ਫਿਰੈ ਛਾਇਆ ਧਨ ਤਾਕੈ ਟੀਡੁ ਲਵੈ ਮੰਝਿ ਬਾਰੇ" (ਪੰਨਾ 1108)।

ਧਰਤੀ ਦੇ ਧੁਰੇ ਦਾ ਲੱਗਭੱਗ $23.5^{\circ}$ ਝੁਕਿਆ ਹੋਣ ਕਾਰਨ, ਜਦੋਂ ਧਰਤੀ ਸੂਰਜ ਦਾ ਚੱਕਰ ਕੱਟਦੀ ਹੈ ਤਾਂਧਰਤੀ ਦੇ ਵੱਖ-ਵੱਖ ਹਿੱਸਿਆਂ ਤੇ ਸੂਰਜ ਦੀ ਰੋਸ਼ਨੀ ਅਤੇ ਗਰਮੀ ਵੱਧਦੀ-ਘੱਟਦੀ ਰਹਿੰਦੀ ਹੈ। ਇਸ ਕਾਰਨਧਰਤੀ ਉਤੇ ਦਿਨ ਵੱਡੇ-ਛੋਟੇਹੁੰਦੇ ਹਨ ਅਤੇ ਵੱਖ-ਵੱਖ ਰੁੱਤਾਂ ਬਦਲਦੀਆਂ ਹਨ।

ਚੰਦ, ਧਰਤੀ ਦੇ ਦੁਆਲੇ ਘੁੰਮਦਾ ਹੈ। ਇਸ ਦੇ ਪੰਧ ਵਿੱਚ ਤਾਰਿਆਂ ਦੇ 27 ਸਮੂਹ ਮੰਨੇ ਗਏ ਹਨ। ਜਿਨ੍ਹਾਂ ਨੂੰ ਨਛੱਤਰ ਕਿਹਾ ਜਾਂਦਾ ਹੈ। ਇਕ ਦਿਨ ਦਾ ਇਕ ਨਛੱਤਰ ਮੰਨਿਆ ਗਿਆ ਹੈ। ਇਸ ਹਿਸਾਬ ਨਾਲ ਚੰਦ ਦਾ ਧਰਤੀ ਦੁਆਲੇ ਇਕ ਚੱਕਰ ਦਾ 27.32 ਦਿਨ (27 ਦਿਨ 7 ਘੰਟੇ 43 ਮਿੰਟ) ਸਮਾਂ ਬਣਦਾ ਹੈ। ਪਰ ਇਸੇ ਸਮੇਂ ਦੌਰਾਨ ਧਰਤੀ ਜੋ ਸੂਰਜ ਦੁਆਲੇ ਘੁੰਮਦੀ ਹੈ, ਲੱਗ ਭੱਗ $27^{\circ}$ ਅੱਗੇ ਵੱਧ ਜਾਂਦੀ ਹੈ ਤਾਂ ਇਹ ਵਧੇ ਹੋਏ ਫਾਸਲੇ ਸਮੇਤ ਇਕ ਚੱਕਰ ਪੂਰਾ ਕਰਨ ਲਈ ਚੰਦ ਨੂੰ 29.53






(29 ਦਿਨ 12 ਘੰਟੇ 44 ਮਿੰਟ) ਦਿਨ ਲੱਗਦੇ ਹਨ। ਇਸ ਨੂੰ ਚੰਦ ਦਾ ਇਕ ਮਹੀਨਾ ਕਿਹਾ ਜਾਂਦਾ ਹੈ। ਇਹ ਮੱਸਿਆ ਤੋਂ ਮੱਸਿਆ ( ਅਮੰਤਾ) ਜਾਂ ਪੂੰਨਿਆ ਤੋਂ ਪੂੰਨਿਆ (ਪੂਰਨਮੰਤਾ) ਤਾਂਈ ਗਿਣਿਆ ਜਾਂਦਾ ਹੈ। ਚੰਦ ਦੇ ਸਾਲ ਵਿੱਚ 12 ਮਹੀਨੇ ਹੁੰਦੇ ਹਨ, ਚੰਦ ਦੇ ਸਾਲ ਦੀ ਲੰਬਾਈ 354.37 ਦਿਨ ਮੰਨੀ ਗਈ ਹੈ। ਚੰਦ ਦਾ ਇਕ ਸਾਲ ਸੂਰਜ ਦੇ ਸਾਲ ਨਾਲੋਂ ਲੱਗਭੱਗ 11 ਦਿਨ ਛੋਟਾ ਹੁੰਦਾ ਹੈ। ਇਕ ਸਾਲ ਵਿੱਚ 11 ਦਿਨ, ਦੋ ਸਾਲਾਂ ਵਿੱਚ 22 ਜਦੋਂ ਚੰਦ ਦਾ ਸਾਲ ਸੂਰਜੀ ਸਾਲ ਤੋਂ ਪਿਛੇ ਰਹਿ ਜਾਂਦਾ ਹੈ ਇਸ ਨੂੰ ਸੂਰਜੀ ਸਾਲ ਦੇ ਨੇੜੇ ਤੇੜੇ ਰੱਖਣ ਲਈ ਇਸ ਵਿੱਚ ਇਕ ਮਹੀਨਾ ਜੋੜ ਦਿੱਤਾ ਜਾਂਦਾ ਹੈ। ਇਸ ਸਾਲ ਚੰਦ ਦੇ ਸਾਲ ਵਿੱਚ 384/85 ਦਿਨ ਹੋ ਜਾਂਦੇ ਹਨ। ਇਹ ਹੀ ਕਾਰਨ ਹੈ ਕਿ ਚੰਦ ਦੇ ਸਾਲ ਜਾਂ ਕੈਲੰਡਰ ਦਾ ਰੁੱਤਾਂ ਨਾਲ ਕੋਈ ਸਬੰਧ ਨਹੀਂ ਹੈ। ਹੈਰਾਨੀ ਹੁੰਦੀ ਹੈ ਜਦੋਂ ਆਪਣੇ ਆਪ ਨੂੰ ਸ਼੍ਰੋਮਣੀ ਸਮਝਣ ਵਾਲੀ ਕਮੇਟੀ, ਬਸੰਤ ਰੁੱਤ ਦਾ ਅਰੰਭ, ਚੰਦ ਦੇ ਕੈਲੰਡਰ ਮੁਤਾਬਕ ਮਾਘ ਸੁਦੀ 5 ਨੂੰ ਹੀ ਮਨਾਉਂਦੀ ਹੈ, ਜੋ ਇਸ ਸਾਲ 1 ਫਰਵਰੀ ਨੂੰ ਸੀ। ਹਰ ਸਾਲ ਮਾਘ ਸੁਦੀ ਪੰਚਮੀਂ ਨੂੰ ਸ਼੍ਰੋਮਣੀ ਕਮੇਟੀ ਦੇ ਪ੍ਰਬੰਧ ਹੇਠਲੇ ਇਤਿਹਾਸਕ ਗੁਰਦਵਾਰਿਆਂ ਵਿੱਚ ਵਿਸ਼ੇਸ਼ ਦਿਵਾਨ ਸਜਾਏ ਜਾਂਦੇ ਹਨ।


ਸਨਾਤਨ ਧਰਮ ਵਿੱਚ ਇਹ ਦਿਨ ਮਿਥਿਹਾਸਿਕ ਦੇਵੀ ਸਰਸਵਤੀ ਦਾ ਜਨਮ ਦਿਨ ਹੈ। ਜੋ ਹਰ ਸਾਲ ਮਾਘ ਸੁਦੀ ਪੰਚਮੀ ਨੂੰ ਮਨਾਇਆ ਜਾਂਦਾ ਹੈ। ਜਿਸ ਨੂੰ ਆਮ ਲੋਕਾਂ 'ਚ ਪ੍ਰਚੱਲਤ ਕਰਨ ਲਈ ਬਸੰਤ ਨੂੰ ਇਸ ਨਾਲ ਜੋੜ ਦਿੱਤਾ ਗਿਆ ਹੈ। ਬਸੰਤ ਤਾਂ ਇਕ ਰੁੱਤ ਹੈ। ਉਹ ਰੁੱਤ, ਜੋ ਹਿਮਕਰ ਰੁੱਤ ਭਾਵਅੱਤ ਦੀ ਸਰਦੀ ਖਤਮ ਹੋਣ ਤੋਂ ਪਿਛੋ ਬਨਸਪਤੀ ਵਿੱਚ ਖੇੜਾ ਆਉਂਦਾ ਹੈ। ਇਸ ਦਾ ਸਿੱਧਾ ਸਬੰਧ ਸੂਰਜ ਨਾਲ ਹੈ ਨਾ ਕਿ ਚੰਦ ਨਾਲ। ਮਾਘ ਸੁਦੀ 5 ਨੂੰ ਮਨਾਈ ਜਾਣ ਵਾਲੀ ਬਸੰਤ 2015 ਈ: ਵਿੱਚ 24 ਜਨਵਰੀ, 2016 ਈ: ਵਿੱਚ 12 ਫਰਵਰੀ, ਅਤੇ ਇਸ ਸਾਲ 1 ਫਰਵਰੀ ਨੂੰ ਆਈ ਸੀ। ਹੁਣ 2018 ਈ: ਵਿੱਚ 22 ਜਨਵਰੀ, 2019 ਈ: ਵਿੱਚ 10 ਫਰਵਰੀ ਅਤੇ 2020 ਈ: ਵਿੱਚ 30 ਜਨਵਰੀ ਨੂੰ ਆਵੇਗੀ। ਬੜੇ ਦੁਖ ਨਾਲ ਲਿਖਣਾ ਪੈ ਰਿਹਾ ਹੈ ਕਿ ਸਿੱਖਾਂ ਦੀ ਕੇਂਦਰੀ ਸੰਸਥਾ, ਇਹ ਗੱਲ ਸਮਝਣ ਤੋਂ ਅਸਮਰੱਥ ਹੈ ਕਿ ਕਿਸੇ ਵੀ ਰੁੱਤ ਦਾ ਆਰੰਭ ਇਸ ਤਰ੍ਹਾਂ ਡੱਡੂ ਛੜੱਪਿਆਂ ਨਾਲ ਨਹੀ ਹੁੰਦਾ। ਸਗੋਂਰੁੱਤ ਦਾ ਆਰੰਭ ਤਾਂ ਇਕ ਖਾਸ ਸਮੇਂ ਤੇ ਹੁੰਦਾ ਹੈ।ਉਨ੍ਹਾਂ ਨੂੰ ਕੋਈ ਵੀ ਸਵਾਲ ਪੁਛ ਕੇ ਵੇਖੋ, ਸਾਰੇ ਸਵਾਲਾਂ ਦਾ ਇਕ ਹੀ ਜਵਾਬ ਹੁੰਦਾ ਹੈ ਉਹ ਹੈ, "ਸੀਨਾ-ਬਸੀਨਾ ਚਲੀ ਆ ਰਹੀ ਮਰਯਾਦਾ"। ਭਾਵੇਂ ਇਹ ਮਰਯਾਦਾ, ਗੁਰਬਾਣੀ ਦੀ ਅਵੱਗਿਆ ਹੀ ਕਰਦੀ ਹੋਵੇ।

ਗੁਰੂ ਗ੍ਰੰਥ ਸਾਹਿਬ ਜੀ ਵਿੱਚ ਰਾਮਕਲੀ ਰਾਗ ਵਿੱਚ ਗੁਰੂ ਅਰਜਨ ਦੇਵ ਜੀ ਦਾ ਉਚਾਰਨ ਕੀਤਾ ਹੋਇਆ ਸ਼ਬਦ "ਰਾਮਕਲੀ ਮਹਲਾ ੫ ਰੁਤੀ ਸਲੋਕੁ" (ਪੰਨਾ 927) ਦਰਜ ਹੈ। ਇਸ ਸਲੋਕ ਵਿੱਚ 6 ਰੁੱਤਾਂ ਦਾ ਜਿਕਰ ਹੈ। ਜਿਸ ਅਨੁਸਾਰ ਬਸੰਤ ਰੁੱਤ ਚੇਤ ਅਤੇ ਵੈਸਾਖ ਮਹੀਨੇ 'ਚ ਆਉਂਦੀ ਹੈ। "ਰੁਤਿ ਸਰਸ ਬਸੰਤ ਮਾਹ ਚੇਤੁ ਵੈਸਾਖ ਸੁਖ ਮਾਸੁ ਜੀਉ"ਅਤੇ ਮਾਘ ਅਤੇ ਫੱਗਣ ਮਹੀਨੇ ਵਿੱਚ ਹਿਮਕਰ ਰੁੱਤਭਾਵ ਅੱਤ ਦੀ ਸਰਦੀ, "ਹਿਮਕਰ ਰੁਤਿ ਮਿਨ ਭਾਵਤੀ ਮਾਘੁ ਫਗਣੁ ਗੁਣਵੰਤ ਜੀਉ"। ਪਰ ਦਰਬਾਰ ਸਾਹਿਬ ਵਿਖੇ ਮਾਘ ਅਤੇ ਫੱਗਣ ਦੇ ਮਹੀਨੇ ਬਸੰਤ ਰਾਗ ਗਾਇਆ ਜਾਂਦਾ ਹੈ। ਅਜੇਹਾ ਕਿਉ? ਜੇ ਬਸੰਤ ਰਾਗ ਗਾਉਣਾ ਹੀ ਹੈ ਤਾਂ ਬਸੰਤ ਦੀ ਰੁੱਤ ਵਿੱਚ ਭਾਵ ਚੇਤ-ਵੈਸਾਖ ਦੇ ਮਹੀਨੇ 'ਚ ਕਿਓ ਨਹੀਂ? ਇਸ ਸਵਾਲ ਦੇ ਜਵਾਬ ਦੀ ਭਾਲ ਵਿੱਚ, ਧਰਮ ਪ੍ਰਚਾਰ ਕਮੇਟੀ ਦੇ ਇਕ ਉਚਅਹੁਦੇਦਾਰ ਨਾਲ ਸੰਪਰਕ ਕੀਤਾ ਤਾਂ ਉਨ੍ਹਾਂ ਦਾ ਜਵਾਬ ਸੀ ਕਿ ਤੁਸੀ ਦਰਬਾਰ ਸਾਹਿਬ ਦੇ ਸਿੰਘ ਸਾਹਿਬ ਨਾਲ ਸੰਪਰਕ ਕਰੋ। ਦਿੱਤੇ ਗਏ ਨੰਬਰ ਤੇ ਜਦੋਂ ਸਿੰਘ ਸਾਹਿਬ ਨਾਲ ਸੰਪਰਕ ਨਾ ਹੋਇਆ ਤਾਂ, ਉਸੇ ਨਾਮ ਵਾਲੇ ਸਹਾਇਕ ਸਿੰਘ ਸਾਹਿਬ ਨਾਲ ਸੰਪਰਕ ਕੀਤਾ ਤਾਂ ਉਨ੍ਹਾਂ ਦੱਸਿਆ ਕਿ ਇਹ ਤਾਂ ਗੁਰੂ ਅਰਜਨ ਦੇਵ ਜੀ ਵੱਲੋ ਚਲਾਈ ਹੋਈ ਮਰਯਾਦਾ ਦੇ ਅਨੂਸਾਰ ਹੀ ਮਾਘ-ਫੱਗਣ ਵਿੱਚ ਬਸੰਤ ਰਾਗ ਦਾ ਗਾਇਨ ਕੀਤਾ ਜਾਂਦਾ ਹੈ। ਉਨ੍ਹਾਂ ਸੀਨਾ-ਬਸੀਨਾ ਚਲੀ ਆ ਰਹੀ ਮਰਯਾਦਾ ਦਾ ਹਵਾਲਾ ਦੇ ਕੇ, ਰਾਗ ਆਰੰਭ ਕਰਨ ਵੇਲੇ ਕੀਤੀ ਜਾਣ ਵਾਲੀ ਅਰਦਾਸ ਦੀਆਂ ਪੰਗਤੀਆਂ ਦਾ ਉਚਾਨ ਵੀ ਕੀਤਾ। ਜਦੋਂ ਇਹ ਸਵਾਲ ਕੀਤਾ ਕਿ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਮੁਤਾਬਕ ਤਾਂ ਬਸੰਤ ਦੀ ਰੁੱਤ, ਚੇਤ-ਵੈਸਾਖ ਵਿੱਚ ਆਉਦੀਂ ਹੈ ਤਾਂ ਹਿਮਕਰ ਰੁੱਤ ਭਾਵ ਮਾਘ-ਫੱਗਣ ਵਿੱਚ ਬਸੰਤ ਰਾਗ ਦੇ ਗਾਉਣ ਦੀ ਮਰਯਾਦਾ ਗੁਰੂ ਜੀ ਨੇ ਆਰੰਭ ਕੀਤੀ ਹੋਵੇਗੀ? ਇਹ ਗੱਲ ਮੰਨਣ 'ਚ ਨਹੀਂ ਆਉਂਦੀ। ਤਾਂ ਜਵਾਬ ਮਿਲਿਆ ਕਿ ਰਾਗ ਬਾਰੇ ਮੈਨੂੰ ਜਿਆਦਾ ਜਾਣਕਾਰੀ ਨਹੀਂ ਹੈ ਤੁਸੀ ਕਿਸੇ ਰਾਗੀ ਜਥੇ ਨਾਲ ਸੰਪਰਕ ਕਰੋ।

ਉਪ੍ਰੋਕਤ ਚਰਚਾ ਤੋਂ ਇਹ ਸੱਚ ਸਾਹਮਣੇ ਆਉਂਦਾ ਹੈ ਕਿ ਰੁੱਤਾਂ ਦਾ ਸਬੰਧ ਧਰਤੀ ਦੁਆਲੇ ਚੰਦ ਦੀ ਚਾਲ ਨਾਲ ਨਹੀਂ ਸਗੋਂ ਸੂਰਜ ਦੁਆਲੇ ਧਰਤੀ ਦੀ ਚਾਲ ਨਾਲ ਹੈ। ਰੁੱਤਾਂ ਦਾ ਸਬੰਧ ਸੂਰਜ ਨਾਲ ਹੋਣ ਕਾਰਨ, ਸ਼੍ਰੋਮਣੀ ਕਮੇਟੀ ਵੱਲੋਂ ਮਾਘ ਸੁਦੀ ਪੰਚਮੀ ਨੂੰ,ਕਲਪਿਤ ਦੇਵੀ ਸਰਸਵਤੀ ਦੇ ਕਥਿਤ ਜਨਮ ਦਿਨ ਉੱਤੇ ਉਚੇਚੇ ਕੀਰਤਨਅਤੇ ਢਾਡੀ ਦਰਬਾਰ ਕਰਵਾਉਣ ਨੂੰ ਕਿਸੇ ਵੀ ਦਲੀਲ ਨਾਲ ਸਹੀ ਨਹੀਂ ਠਹਿਰਾਇਆ ਜਾ ਸਕਦਾ। ਸੀਨਾ-ਬਸੀਨਾ ਚਲੀ ਆ ਰਹੀ ਮਰਯਾਦਾ ਤੇ,ਗੁਰਬਾਣੀ ਦੀ ਪਰਖ ਕਸਵੱਟੀਲਾਉਣ ਦੀ ਸਖ਼ਤ ਲੋੜ ਹੈ।ਬਾਣੀ ਦੀ ਪਾਵਨ ਪੰਗਤੀ "ਸੂਰਜੁਏਕੋਰੁਤਿ ਅਨੇਕ ਨਾਨਕ ਕਰਤੇ ਕੇ ਕੇਤੇ ਵੇਸ" ਤੋਂ ਵੀ ਸਾਨੂੰ ਇਹ ਹੀ ਸੇਧ ਮਿਲਦੀ ਹੈ ਕਿ ਵੱਖ-ਵੱਖ ਰੁੱਤਾਂ ਦਾ ਸਬੰਧ ਸੂਰਜ ਨਾਲ ਹੈ ਨਾ ਕਿ ਚੰਦ ਨਾਲ। ਕਾਸ਼! ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਕਰਤੇ ਦੇ ਇਸ ਨਿਯਮ ਨੂੰ ਸਮਝ ਸਕਦੀ।




## 23 ਫਰਵਰੀ ਜਨਮ ਦਿਨ ਤੇ ਵਿਸ਼ੇਸ਼

# ਅਦੁੱਤੀ ਸਖਸ਼ੀਅਤ- ਬਾਬਾ ਹਰਦੇਵ ਸਿੰਘ ਜੀ



ਨਵਜੋਤ ਬਜਾਜ ਗੱਗੂ
91-98721-02614

ਬਾਬਾ ਹਰਦੇਵ ਸਿੰਘ ਨਿਰੰਕਾਰੀ ਮਿਸ਼ਨ ਦੇ ਚੌਥੇ ਮੁੱਖੀ ਸਨ। ਇਹਨਾਂ ਦਾ ਜਨਮ 23 ਫਰਵਰੀ ਨੂੰ ਦਿੱਲੀ ਵਿਖੇ ਪਿਤਾ ਗੁਰਬਚਨ ਸਿੰਘ ਮਾਤਾ ਕੁਲਵੰਤ ਕੌਰ ਦੀ ਕੁਖੋਂ ਹੋਇਆ। ਆਪ ਚਾਰ ਭੈਣਾਂ ਦੇ ਇਕਲੋਤੇ ਭਰਾ ਸਨ। ਆਪ ਨੇ ਆਪਣੀ ਪੜ੍ਹਾਈ ਪਟਿਆਲਾ (ਪੰਜਾਬ) ਵਿਖੇ ਕੀਤੀ। ਆਪ ਜੀ ਨੇ 27 ਅਪ੍ਰੈਲ 1980 ਨੂੰ ਮਿਸ਼ਨ ਦੀ ਵਾਗ ਡੋਰ ਸੰਭਾਲੀ ਤੇ ਆਪਣੀ ਅਧਿਆਤਮਿਕ ਸੂਝ- ਬੂਝ ਨਾਲ ਸਾਰੇ ਮਹੋਲ ਨੂੰ ਮਿਸ਼ਨ ਨੂੰ ਅੱਗੇ ਵਧਾਇਆ। ਨੌਜਵਾਨਾ ਨੂੰ ਚੰਗੇ ਕੰਮਾ ਪ੍ਰਤਿ ਪ੍ਰੇਰਿਤ ਕਰਨ ਲਈ ਆਪ ਜੀ ਨੇ ਖ਼ੂਨਦਾਨ ਕੈਂਪਾ ਦੀ ਸ਼ੁਰੂਆਤ ਕੀਤੀ ਤੇ ਮਨੁੱਖ ਨੂੰ ਮਨੁੱਖ ਦੇ ਨੇੜੇ ਕਰਨ ਲਈ ਇੱਕ ਨਾਅਰਾ ਦਿੱਤਾ। ਹਰ ਸਾਲ 24 ਅਪ੍ਰੈਲ ਨੂੰ ਪੂਰੇ ਭਾਰਤ ਵਿੱਚ ਖ਼ੂਨਦਾਨ ਕੈਂਪ ਲੱਗਦੇ ਹਨ ਤੇ ਇਹ ਸਿਲਸਿਲਾ ਪੂਰਾ ਸਾਲ ਅਲੱਗ- ਅਲੱਗ ਥਾਵਾ ਤੇ ਚਲਦਾ ਰਹਿੰਦਾ ਹੈ। ਨਿਰੰਕਾਰੀ ਮਿਸ਼ਨ ਦੇ ਨਾਂ ਤੇ ਖ਼ੂਨ ਦਾ ਵਰਲਡ ਰਿਕਾਰਡ ਇਤਿਹਾਸ ਵਿੱਚ ਦਰਜ ਹੈ। ਆਪ ਜੀ ਨੇ 36 ਸਾਲ ਮਿਸ਼ਨ ਦੀ ਰਹਿਨੁਮਾਈ ਕੀਤੀ। ਆਪ ਜੀ ਨੇ ਜੋ ਮਾਨਵਤਾ ਲਈ, ਮਨੁੱਖ ਨੂੰ ਮਨੁੱਖ ਦੇ ਨੇੜੇ ਲਿਆਉਣ ਲਈ, ਸੰਸਾਰ ਵਿੱਚੋ ਨਫ਼ਰਤ, ਵੈਰ, ਵਿਰੋਧ ਦੇ ਖ਼ਾਤਮੇ ਲਈ ਜੋ ਕਾਰਜ ਕੀਤੇ ਉਹ ਭੁਲਾਏ ਨਹੀਂ ਜਾ ਸਕਦੇ। 'ਗਲੋਬਲ ਵਾਰਮਿੰਗ' (ਧਰਤੀ ਦਾ ਵੱਧਦਾ ਤਾਪਮਾਨ) ਦਾ ਖ਼ਤਰਾ ਜੋ ਪੂਰੇ ਦੇਸ਼ ਤੇ ਮੰਡਰਾ ਰਿਹਾ ਹੈ, ਨੂੰ ਦੂਰ ਕਰਨ ਲਈ ਪੂਰੇ ਹਿੰਦੁਸਤਾਨ 'ਚ ਆਪਣੇ ਪੈਰੋਕਾਰਾ ਨੂੰ ਰੁੱਖ ਲਗਾਉਣ ਦਾ ਆਦੇਸ਼ ਦਿੱਤਾ ਤੇ ਪ੍ਰਧਾਨ ਮੰਤਰੀ ਦੀ ਸਵੱਛ ਭਾਰਤ ਮੁਹਿੰਮ ਵਿੱਚ ਵੀ ਭਰਪੂਰ ਯੋਗਦਾਨ ਪਾਇਆ। ਆਪ ਜੀ ਦੇ ਜਨਮ ਦਿਨ ਵਾਲੇ ਦਿਨ ਮਿਸ਼ਨ ਦੇ ਪੈਰੋਕਾਰ ਹਰ ਪਿੰਡ, ਸ਼ਹਿਰ ਵਿੱਚੋ ਸੜਕਾ ਤੇ ਪਈ ਗੰਦਗੀ ਸਾਫ਼ ਕਰਦੇ ਹਨ ਤੇ ਸਰਕਾਰੀ ਹਸਪਤਾਲ, ਸਕੂਲ, ਰੇਲਵੇ ਸਟੇਸ਼ਨਾ ਤੇ ਵੀ ਇਸਦੇ ਨਾਲ-ਨਾਲ ਵੱਡੇ ਪੱਧਰ ਤੇ ਸਫ਼ਾਈ ਕੀਤੀ ਜਾਦੀ ਹੈ ਤੇ ਯੋਗ ਥਾਵਾ ਦੇਖ ਕੇ ਰੁੱਖ ਵੀ ਲਗਾਏ ਜਾਦੇ ਹਨ। ਜਿਸ ਦੀ ਸ਼ਲਾਘਾ ਸਾਡੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੀ ਕਰ ਚੱਕੇ ਹਨ ਤੇ ਸੰਤ ਨਿਰੰਕਾਰੀ ਚੈਰੀਟੇਬਲ ਫਾਉਡੇਸ਼ਨ ਦੇ ਮੈਂਬਰਾ ਨੂੰ ਮਸ਼ਹੂਰ ਕਮੇਡੀਅਨ ਕਪਿਲ ਸ਼ਰਮਾ ਦੇ ਸ਼ੋਅ ਵਿੱਚ ਬੁਲਾ ਕੇ ਸਨਮਾਨਿਤ ਕੀਤਾ ਗਿਆ। ਕਿਸੇ ਪ੍ਰਕਾਰ ਦੀਆਂ ਕੁਦਰਤੀ ਆਫਤਾ, ਭੂਚਾਲ, ਸੁਨਾਮੀ, ਹੜ ਆਦਿ ਆਏ ਤੇ ਉਥੇ ਵੀ ਆਪ ਜੀ ਦੇ ਪੈਰੋਕਾਰਾ ਨੇ ਮਨੁੱਖਤਾ ਦੀ ਭਲਾਈ ਲਈ ਦਿਨ ਰਾਤ ਇੱਕ ਕਰ ਦਿੱਤਾ। ਆਪ ਜੀ ਨੇ ਜਾਤਾਂ-ਪਾਤਾ ਨੂੰ ਖ਼ਤਮ ਕਰਨ ਲਈ, ਨਸ਼ਿਆ ਤੋਂ ਦੂਰ ਰਹਿਣ ਦੀ ਪ੍ਰੇਰਨਾ, ਦਾਜ-ਦਹੇਜ ਤੇ ਸਮਾਜ ਦੇ ਜਿੰਨੇ ਵੀ ਕੋਹੜ ਸਨ ਉਹਨਾਂ ਨੂੰ ਆਪਣੇ ਉਪਦੇਸ਼ਾਂ ਰਾਹੀ ਮਾਨਵ ਜੀਵਨ ਚੋ ਕੱਢਣ ਦਾ ਉਪਰਾਲਾ ਕੀਤਾ। ਆਪ ਜੀ ਦਾ ਵਿਅਕਤੀਤਵ ਸਾਰੇ ਸੰਸਾਰ ਵਿੱਚ ਇੰਨਾ ਚਮਕਿਆ ਕਿ ਆਪ ਜੀ ਨੂੰ 27 ਯੂਰਪੀਅਨ ਦੇਸ਼ਾ ਵਿੱਚ ਦੀ ਪਾਰਲੀਮੈਂਟ ਨੇ ਉਚੇਚੇ ਤੌਰ ਤੇ ਇੰਗਲੈਂਡ ਵਿਖੇ ਸਨਮਾਨਿਤ ਕੀਤਾ ਤੇ ਉਥੇ ਆਪ ਜੀ ਦੁਆਰਾ ਕੀਤੇ ਜਾ ਰਹੇ ਮਾਨਵ ਹਤੈਸ਼ੀ ਕਾਰਜਾ ਕਰਕੇ ਆਪ ਜੀ ਤੋ ਭਾਸ਼ਣ ਰਾਹੀ ਮਾਰਗ ਦਰਸ਼ਨ (ਸੇਧ) ਲਿਆ ਗਿਆ। ਆਪ ਜੀ ਨੂੰ ਵਿਸੇ ਤੌਰ ਤੇ ਸੰਯੁਕਤ ਰਾਸ਼ਟਰ (ਯੂ.ਐ.ੳ) ਦਾ ਮੁੱਖ ਸਲਾਹਕਾਰ ਵੀ ਬਣਾਇਆ ਗਿਆ। ਇਹਨਾਂ ਗੁਣਾ ਕਾਰਨ ਜਿਹੜਾ ਵੀ ਇਨਸਾਨ ਉਹਨਾਂ ਦੇ ਨੇੜੇ ਆਇਆ ਉਹ ਉਹਨਾਂ ਦਾ ਹੀ ਹੋ ਕੇ ਰਹਿ ਗਿਆ। ਅੱਜ ਵੀ ਆਪ ਜੀ ਦੇ ਬਣਾਏ ਸਿਧਾਤ ਜਿਵੇ ਭਗਤੀ ਤੇ ਸਿਆਸਤ ਦਾ ਕੋਈ ਮੇਲ ਨਹੀਂ ਇਸ ਲਈ ਆਪ ਜੀ ਦੁਆਰਾ ਲਿਖਤੀ ਰੂਪ ਵਿੱਚ ਦਿੱਤਾ ਫਰਮਾਨ ਕਿ ਇਹ ਮਿਸ਼ਨ ਮਨੁੱਖਤਾ ਦਾ ਮਿਸ਼ਨ ਹੈ ਇਹ ਸਭ ਰਾਜਸੀ ਪਾਰਟੀਆ, ਧਰਮਾ, ਜਾਤਾ ਤੇ ਹਰੇਕ ਵਰਗ ਦੇ ਲੋਕਾਂ ਦਾ ਸਨਮਾਨ ਕਰਦਾ ਹੈ। ਮਿਸ਼ਨ ਕਿਸੇ ਵੀ ਪਾਰਟੀ ਦਾ ਸਮੱਰਥਨ ਨਹੀਂ ਕਰਦਾ। ਮੱਤਦਾਨ ਕਰਨਾ ਸਭ ਦਾ ਆਪਣਾ-ਆਪਣਾ ਅਧਿਕਾਰ ਹੈ। ਹਮੇਸ਼ਾ ਮਿਸ਼ਨ ਦੀ ਸਾਫ- ਸੁਥਰੀ ਛਵੀ ਨੇ ਹੀ ਪੂਰੀ ਦੁਨਿਆ ਵਿੱਚ ਮਿਸ਼ਨ ਦਾ ਪ੍ਰਚਾਰ ਕੀਤਾ ਹੈ। ਆਪ ਜੀ ਪੂਰਾ ਜੀਵਨ ਮਨੁੱਖਤਾ ਦੀ ਭਲਾਈ ਲਈ ਕੰਮ ਕਰਦੇ ਹੋਏ ਅੰਤ ਆਪ ਜੀ ਨੇ 62 ਸਾਲ ਦੀ ਉਮਰ ਭੋਗਦੇ ਹੋਏ 13 ਮਈ 2016 ਨੂੰ ਕਨੇਡਾ ਵਿੱਚ ਸੜਕ ਦੁਰਘਟਨਾ ਵਿੱਚ ਨਸਵਰ ਸਰੀਰ ਤਿਆਗ ਦਿੱਤਾ ਤੇ ਆਪ ਜੀ ਦਾ ਛੋਟਾ ਦਮਾਦ ਅਵਨੀਤ ਸ਼ੇਤੀਆ ਵੀ ਆਪਣੀ ਪਰਿਵਾਰਿਕ ਯਾਤਰਾ ਪੂਰੀ ਕਰ ਗਏ। ਆਪ ਜੀ ਪੈਰੋਕਾਰਾ ਸਮੇਤ ਪੂਰੀ ਦੁਨਿਆ ਤੇ ਉਸ ਸਮੇਂ ਸੋਗ ਦੀ ਲਹਿਰ ਦੌੜ ਗਈ ਤੇ ਹਰ ਅੱਖ ਨਮ ਹੋਈ। ਇਸ ਸਭ ਨੂੰ ਅੱਜ ਵੀ ਇੰਟਰਨੈਟ (ਗੂਗਲ) ਤੇ ਦੇਖਿਆ ਜਾ ਸਕਦਾ ਹੈ। ਆਪ ਜੀ ਨੇ 36 ਸਾਲ ਦਿਨ- ਰਾਤ ਮਨੁੱਖਤਾ ਦੀ ਨਿਸ਼ਕਾਮ ਸੇਵਾ ਕੀਤੀ ਤੇ ਕਦੇ ਵੀ ਆਪਣੇ ਸੁੱਖ, ਅਰਾਮ ਤੇ ਪਰਿਵਾਰ ਦੀ ਪਰਵਾਹ ਨਾ ਕੀਤੀ। ਉਹਨਾਂ ਦੇ ਮਨ ਅੰਦਰ ਇੱਕ ਚਾਅ ਤੇ ਟੀਚਾ ਸੀ ਕਿ ਪੂਰਾ ਸੰਸਾਰ ਇੱਕ ਗਲੋਬਲ ਵਿਲਅਜ ਬਣ ਜਾਏ ਅਤੇ ਕਿਸੇ ਨਾਲ ਜਾਤ- ਪਾਤ, ਨਸਲ, ਭਾਸ਼ਾ, ਰੰਗ, ਧਰਮ, ਸੰਸਕ੍ਰਿਤੀਆ ਤੇ ਅਮੀਰੀ- ਗਰੀਬੀ ਦੇ ਅਧਾਰ ਤੇ ਕੋਈ ਵਿਤਕਰਾ ਨਾ ਹੋਵੇ। ਇਸ ਸੰਕਲਪ ਨੂੰ ਪੂਰਾ ਕਰਨ ਲਈ ਆਪ ਜੀ ਨੇ ਆਪਣੀ ਜ਼ਿੰਦਗੀ ਦਾ ਇੱਕ-ਇੱਕ ਪਲ ਮਨੁੱਖਤਾ ਦੇ ਲੇਖੇ ਲਾ ਦਿੱਤਾ। ਆਪ ਜੀ ਦਾ ਨਾਅਰਾ ਸੀ ਦਿਵਾਰ ਰਹਿਤ ਸੰਸਾਰ। ਬਾਬਾ ਜੀ ਦੁਆਰਾ ਦਿੱਤੀਆ ਸਿੱਖਿਆਵਾ ਕਾਰਨ ਉਹ ਹਮੇਸ਼ਾ ਸਾਡੇ ਦਿਲਾ ਵਿੱਚ ਜਿਉਦੇ ਰਹਿਣਗੇ। ਆਉ ਅਸੀ ਉਹਨਾ ਦਾ ਫਰਮਾਨ 'ਕੁਝ ਵੀ ਬਣੋ ਮੁਬਾਰਕ ਹੈ, ਪਰ ਪਹਿਲਾ ਇਨਸਾਨ ਬਣੋ' ਨੂੰ ਸੱਚਮੁਚ ਆਪਣੇ ਜੀਵਨ ਵਿੱਚ ਮੰਨ ਸਕੀਏ।

# 6 ਟਿਪਸ ਦੇ ਜ਼ਰੀਏ ਦਿਓ ਖੁਦ ਨੂੰ ਯੂਨੀਕ ਲੁਕ

ਯੂਨੀਕ ਲੁਕ ਹਰੇਕ ਮੌਸਮ ਦੇ ਹਿਸਾਬ ਨਾਲ ਤਹਿ ਕੀਤੀ ਜਾਂਦੀ ਹੈ। ਲੜਕੀਆਂ ਅਤੇ ਔਰਤਾਂ ਖੁਦ ਨੂੰ ਯੂਨੀਕ ਲੁਕ ਦੇਣ ਵਿਚ ਕੋਈ ਕਸਰ ਬਾਕੀ ਨਹੀਂ ਛੱਡਣਾ ਚਾਹੁੰਦੀਆਂ। ਫੈਸ਼ਨ ਟਿਪਸ ਦੇ ਨਾਲ ਨਾਲ ਕੁਝ ਗੱਲਾਂ ਦਾ ਖਿਆਲ ਰੱਖਣਾ ਬੇਹੱਦ ਜ਼ਰੂਰੀ ਹੁੰਦਾ ਹੈ। ਇਹਨਾਂ ਗੱਲਾਂ ਨੂੰ ਫੈਮਿਨਾ ਰੀਡਰਸ ਨੇ ਮਾਧੁਰੀ ਸੈਂਗਰ ਦੇ ਨਾਲ ਸ਼ੇਅਰ ਕੀਤਾ। ਇਹਨਾਂ ਖਾਸ ਟਿਪਸ ਦੇ ਜ਼ਰੀਏ ਤੁਸੀਂ ਵੀ ਕੁਝ ਫੈਸ਼ਨ ਟਿਪਸ ਬਾਰੇ ਜਾਣ ਸਕਦੋ ਹੋ।

**ਲੌਂਗ ਕੈਪ ਨਾਲ ਲੁਕ**

ਹਰ ਵਾਰ ਮੰਕੀ ਕੈਪ ਸਟਾਈਲ ਸਰਦੀਆਂ ਵਿਚ ਪ੍ਰਸਿੱਧ ਹੁੰਦਾ ਹੈ, ਪਰ ਇਸ ਵਾਰ ਲੌਂਗ ਕੈਪ ਲਗਾਵਾਂਗੀ। ਇਸ ਨਾਲ ਕਾਫੀ ਫੈਸ਼ਨੇਬਲ ਲੁਕ ਆਉਂਦਾ ਹੈ ਅਤੇ ਠੰਡ ਵੀ ਨਹੀਂ ਲੱਗਦੀ। ਮੈਂ ਇਸ ਵਾਰ ਲੌਂਗ ਕੈਪ ਦੇ ਲਈ ਕਾਫੀ ਆਨਲਾਈਨ ਸਾਈਟ ਚੈਕ ਕੀਤੀ ਹੈ। ਇੱਥੇ ਕਈ ਕਿਸਮ ਦੀਆਂ ਵਰਾਇਟੀਆਂ ਮਿਲ ਰਹੀਆਂ ਹਨ। ਲੌਂਗ ਕੈਪ ਵਿਚ ਕਾਰਟੂਨ ਕੈਪ ਤੋਂ ਲੈ ਕੇ ਹੈਂਗਿੰਗ ਕੈਪ ਹੁੰਦਾ ਜੋ ਦੇਖਣ ਵਿਚ ਕਾਫੀ ਚੰਗਾ ਲੱਗ ਰਿਹਾ ਹੈ। ਇਸ ਸਰਦੀ ਵਿਚ ਲੌਂਗ ਕੈਪ ਪਾਵਾਂਗੀ, ਜਿਸ ਨਾਲ ਲੁਕ ਆ ਸਕੇ।

**–ਅਕਾਂਕਸ਼ਾ**



ਸਰਦੀ ਆਉਂਦੇ ਹੀ ਸਿਰਫ ਕੱਪੜਿਆਂ 'ਤੇ ਹੀ ਕਈ ਹੋਰ ਸਮਾਨਾਂ ਬਾਰੇ ਵੀ ਧਿਆਨ ਦੇਣ ਦੀ ਲੋੜ ਹੁੰਦੀ ਹੈ। ਇਸ ਵਿਚ ਕੋਲਡ ਕ੍ਰੀਮ ਦਾ ਖਾਸ ਖਿਆਲ ਰੱਖਣਾ ਹੁੰਦਾ ਹੈ। ਇਸ ਵਿਚ ਵੀ ਕਈ ਵਰਾਇਟੀਆਂ ਹਨ, ਜਿਵੇਂ ਲਾਈਟ ਕ੍ਰੀਮ ਅਤੇ ਹਾਰਡ ਕੋਲਡ ਕ੍ਰੀਮ। ਇਸ ਵਿਚੋਂ ਜੋ ਵੀ ਤੁਹਾਡੀ ਬਾਡੀ ਨੂੰ ਸੂਟ ਕਰੇ ਉਸਨੂੰ ਵਿੰਟਰ ਕਿਟ ਵਿਚ ਸ਼ਾਮਲ ਕਰ ਲਓ। ਨਾਲ ਹੀ ਬਾਡੀ ਲੋਸ਼ਨ ਦੀ ਵੀ ਜ਼ਰੂਰਤ ਹੁੰਦੀ ਹੈ। ਕਿਉਂਕਿ ਸਰ-ਦੀਆਂ ਵਿਚ ਸਕਿਨ ਦਾ ਡ੍ਰਾਈ ਹੋਣਾ ਲੁਕ ਖਰਾਬ ਕਰ ਸਕਦਾ ਹੈ।

**– ਮਾਧੁਰੀ ਚੌਬੇ**

ਮਾਲ ਅਤੇ ਬਾਜ਼ਾਰਾਂ ਵਿਚ ਸਵੈਟਰ ਅਤੇ ਜੈਕਟ ਹੁੰਦੇ ਹਨ ਪਰ ਮੇਰਾ ਵਿਚਾਰ ਹੈ ਕਿ ਹੈਂਡਸਮ ਸਵੈਟਰ ਇਕ ਅਲੱਗ ਲੁਕ ਦਿੰਦੇ ਹਨ। ਇਸ ਵਾਰ ਮੈਂ ਆਪਣੇ ਪਤੀ ਅਤੇ ਆਪਣੇ ਬੱਚਿਆਂ ਲਈ ਸਵੈਟਰ ਤਿਆਰ ਕਰਵਾਉਣ ਵਾਲੀ ਹੈ। ਇਸ ਦੇ ਲਈ ਆਪਣੀ ਪਸੰਦ ਦਾ ਵੂਲਨ ਵੀ ਲਿਆਉਣ ਵਾਲੀ ਹੈ। ਇਹ ਵੀ ਕਾਫੀ ਯੂਨੀਕ ਵਾਲੇ ਹੁੰਦੇ ਹਨ। ਇਹਨਾਂ ਦੀ ਖਾਸੀਅਤ ਹੁੰਦੀ ਹੈ ਕਿ ਇਹ ਗਰਮ ਵੀ ਹੁੰਦੇ ਹਨ ਅਤੇ ਇਕ ਵਾਸ਼ ਵਿਚ ਖਰਾਬ ਵੀ ਨਹੀਂ ਹੁੰਦੇ।

**– ਮਨੀਸ਼ਾ**

ਊਨੀ ਕੱਪੜਿਆਂ ਦੇ ਨਾਲ ਹੀ ਅਸੈਸਰੀਜ਼ ਦਾ ਵੀ ਖਾਸ ਖਿਆਲ ਰੱਖਣਾ ਜ਼ਰੂਰ ਹੈ। ਬੇਸ਼ੱਕ ਹੀ ਤੁਹਾਡੇ ਪੁਲਓਵਰਸ ਇੰਨੇ ਹੈਵੀ ਨਾ ਹੋਣ ਪਰ ਅਸੈਸਰੀਜ਼ ਕੈਰੀ ਕਰਨ 'ਤੇ ਖਾਸ ਹੋ ਜਾਂਦਾ ਹੈ। ਇਸ ਵਾਰ ਮਾਰਕੀਟ ਵਿਚ ਮੈਂ ਵੂਲਨ ਅਸੈਸਰੀਜ਼ ਦੇਖੀਆਂ ਹਨ, ਜੋ ਵੂਲ ਨਾਲ ਤਿਆਰ ਕੀਤੀਆਂ ਗਇਆਂ ਸਨ। ਇਹ ਇਸ ਵਾਰ ਕਾਫੀ ਯੂਨੀਕ ਆਈਟਮਾਂ ਮਾਰਕੀਟ ਵਿਚ ਆਈਆਂ ਹਨ। ਬੱਚਿਆਂ ਤੋਂ ਲੈ ਕੇ ਕਾਲਜ ਗੋਇੰਗ ਲੜਕੀਆਂ 'ਤੇ ਖੂਬ ਫੱਬ ਵੀ ਰਹੀਆਂ ਹਨ। ਇਸ ਵਾਰ ਇਸਨੂੰ ਹੀ ਵਾਰਡਰੋਬ ਵਿਚ ਸ਼ਾਮਲ ਕਰਨ ਵਾਲੀ ਹਾਂ।

**–ਅਨੁਭਾ**

ਸਰਦੀਆਂ ਆਉਂਦੇ ਹੀ ਕੱਪੜਿਆਂ ਤੇ ਸਾਰਿਆਂ ਦਾ ਘਿਆਨ ਹੁੰਦਾ ਹੈ, ਪਰ ਸਿਹਤ ਦਾ ਧਿਆਨ ਵੀ ਰੱਖਣਾ ਉਨਾ ਹੀ ਜ਼ਰੂਰੀ ਹੈ। ਸਰ-ਦੀਆਂ ਵਿਚ ਸਭ ਤੋਂ ਪਹਿਲਾਂ ਫਰਿਜ਼ ਤੋਂ ਵਾਟਰ ਬੋਤਲਾਂ ਅਲੱਗ ਕਰਾਂਗੀ।ਮੈਨੂੰ ਡਾਈਟ ਵੀ ਬਦਲਣੀ ਹੋਵੇਗੀ, ਜਿਸ ਵਿਚ ਗਰਮ ਚੀਜ਼ਾਂ 'ਤੇ ਜ਼ਿਆਦਾ ਜ਼ੋਰ ਹੋਵੇਗਾ। ਸ਼ੁਰੂ ਦੀ ਠੰਡ ਸਭ ਤੋਂ ਪਹਿਲਾਂ ਵਾਰ ਕਰਦੀ ਹੈ ਅਤੇ ਬਿਮਾਰ ਕਰਦੀ ਹੈ। ਇਸਦਾ ਧਿਆਨ ਰੱਖਣਾ ਵੀ ਜ਼ਰੂਰੀ ਹੈ। ਕਈ ਲੜਕੀਆਂ ਵਿਆਹ ਵਿਚ ਬਿਨਾਂ ਸਵੈਟਰ ਜਾਣਾ ਪਸੰਦ ਕਰਦੀਆਂ ਹਨ ਪਰ ਇਹ ਗਲਤ ਹੈ।

# ਹਮੇਸ਼ਾ ਸਕਾਰਾਤਮਕ ਰਹਿਣ ਨਾਲ ਮਿਲੇਗੀ ਸਫਲਤਾ


'ਨਰ ਹੋ ਨਾ ਨਿਰਾਸ਼ ਕਰੋ ਮਨ ਕੋ' ਇਹ ਕਵਿਤਾ ਤੁਸੀਂ ਜ਼ਰੂਰ ਸੁਣੀ ਜਾਂ ਪੜ੍ਹੀ ਹੋਵੇਗੀ। ਗੱਲ ਕੇਵਲ ਇੰਨੀ ਹੈ ਕਿ ਕਦੀ ਵੀ ਆਪਣੇ ਮਨ ਨੂੰ ਨਿਰਾਸ਼ ਨਹੀਂ ਕਰਨਾ ਚਾਹੀਦਾ। ਜੀਵਨ ਵਿਚ ਉਤਾਰ ਚੜ੍ਹਾਅ ਤਾਂ ਆਉਣਗੇ ਹੀ। ਰਾਤ ਦੀ ਗੱਲ ਦਿਨ ਅਤੇ ਦਿਨ ਤੋਂ ਬਾਅਦ ਰਾਤ ਹੁੰਦੀ ਹੀ ਹੈ। ਜਿਵੇਂ ਸਰੀਰ ਕਦੀ ਬਿਮਾਰ ਰਹਿੰਦਾ ਹੈ ਅਤੇ ਕਦੀ ਸਿਹਤਮੰਦ। ਮਨ ਵਿਚ ਕਦੀ ਸੁੱਖ ਹੁੰਦਾ ਹੈ ਅਤੇ ਕਦੀ ਦੁੱਖ। ਯੁੱਧ ਵਿਚ ਕਦੀ ਜਿੱਤ ਮਿਲਦੀ ਹੈ ਅਤੇ ਕਦੀ ਹਾਰ। ਵਪਾਰ ਵਿਚ ਕਦੀ ਲਾਭ ਹੁੰਦਾ ਹੈ ਅਤੇ ਕਦੀ ਹਾਨੀ। ਸਮਾਜ ਵਿਚ ਕਦੀ ਮਾਣ ਮਿਲਦਾ ਹੈ ਅਤੇ ਕਦੀ ਅਪਮਾਨ। ਇਹ ਹੀ ਸੰਸਾਰ ਦਾ ਨਿਯਮ ਹੈ।

ਇਹਨਾਂ ਦੋਵੇਂ ਪੱਖਾਂ ਨੂੰ ਚੰਗੀ ਤਰ੍ਹਾਂ ਜਾਨਣ ਦੀ ਲੋੜ ਹੁੰਦੀ ਹੈ ਪਰ ਦੇਖਿਆ ਜਾਂਦਾ ਹੈ ਕਿ ਜਦੋਂ ਸਾਡੇ ਨਾਲ ਚੰਗਾ-ਚੰਗਾ ਬੀਤਦਾ ਹੈ ਤਾਂ ਅਸੀਂ ਖੁਸ਼ ਹੁੰਦੇ ਹਾਂ ਅਤੇ ਜਦੋਂ ਉਲਟ ਘਅਨਾ ਹੋਵੇ ਤਾਂ ਅਸੀਂ ਪ੍ਰੇਸ਼ਾਨ ਹੋ ਜਾਂਦੇ ਹਾਂ। ਮਨ ਦੁਖੀ ਹੋਣ ਲੱਗਦਾ ਹੈ, ਜਿਸ ਕਾਰਨ ਸਾਡਾ ਮਨੋਬਲ ਘੱਟ ਹੋ ਜਾਂਦਾ ਹੈ ਅਤੇ ਅਸੀਂ ਕਿਸੇ ਵੀ ਮੁਕਾਮ ਤੇ ਅੱਗੇ ਨਹੀਂ ਵੱਧ ਪਾਉਂਦੇ।

ਇਸ ਗੱਲ ਨੂੰ ਸਮਝਣ ਦੀ ਜ਼ਰੂਰਤ ਹੈ ਕਿ ਕੋਈ ਵੀ ਸਮਾਂ ਹਮੇਸ਼ਾ ਦੇ ਲਈ ਇਕ ਜਿਹਾ ਨਹੀਂ ਰਹਿੰਦਾ। ਜਦੋਂ ਜੀਵਨ ਵਿਚ ਪ੍ਰੀਖਿਆ ਦੀ ਘੜੀ ਹੋਵੇ ਤਾਂ ਮਜਬੂਤ ਬਣ ਕੇ ਖੜ੍ਹੇ ਰਹਿਣਾ ਹੈ, ਜਿਵੇਂ ਮਜਬੂਤ ਦਰਖਤ ਤੇਜ ਗਰਮੀ ਅਤੇ ਤੂਫਾਨ ਵਿਚ ਸ਼ਾਨ ਨਾਲ ਖੜ੍ਹਿਆ ਰਹਿੰਦਾ ਹੈ। ਉਲਟ-ਪ੍ਰਸਥਿਤੀਆਂ ਵਿਚ ਆਪਣੀ ਮਜਬੂਤੀ ਦਿਖਾਉਣ ਦਾ ਸਮਾਂ ਮਿਲਦਾ ਹੈ ਕਿਉਂਕਿ ਜੋ ਉਲਟ ਪ੍ਰਸਥਿਤੀਆਂ ਨੂੰ ਅਨੁਕੂਲ ਬਣਾ ਲਵੇ, ਉਹੀ ਅੱਗੇ ਵਧਦਾ ਹੈ।

ਇਸ ਦੇ ਲਈ ਤੁਹਾਨੂੰ ਆਪਦੇ ਮਨ ਨੂੰ ਟ੍ਰੇਂਡ ਕਰਨਾ ਪਵੇਗਾ ਕਿ ਜੋ ਵੀ ਚੰਗਾ-ਮਾੜਾ ਹੋ ਰਿਹਾ ਹੈ, ਉਸਨੂੰ ਸਵੀਕਾਰ ਕਰਦੇ ਜਾਓ ਅਤੇ ਮਨ ਨੂੰ ਹਮੇਸ਼ਾ ਉਚੇ ਵਿਚਾਰਾਂ ਨਾਲ ਭਰ ਕੇ ਰੱਖਣਾ ਹੋਵੇਗਾ। ਜੇਕਰ ਮਨ ਕਦੀ ਨੈਗੇਟਿਵ ਵਿਚਾਰਾਂ ਨਾਲ ਘਿਰ ਵੀ ਜਾਵੇ ਤਾਂ ਇਕ ਵੱਡੇ ਵਿਚਾਰ ਨਾਲ ਮਨ ਨੂੰ ਉਪਰ ਉਠਾਉਣ ਦੀ ਜ਼ਰੂਰਤ ਹੁੰਦੀ ਹੈ।

ਅੱਗੇ ਵਧਣ ਦੇ ਲਈ ਨਿਰੰਤਰ ਉਤਸ਼ਾਹ, ਉਮੰਗ ਅਤੇ ਹੌਸਲੇ ਦੀ ਲੋੜ ਹੁੰਦੀ ਹੈ। ਇਸ ਕਰਕੇ ਭਰਪੂਰ ਉਤਸ਼ਾਹ ਦੇ ਨਾਲ ਦਿਨ ਦੀ ਸ਼ੁਰੂਆਤ ਕਰੋ। ਹਰ ਪ੍ਰਸਥਿਤੀ ਵਿਚ ਮਨ ਨੂੰ ਖੁਸ਼ ਰੱਖਣ ਦੀ ਕਲਾ ਸਿੱਖ ਕੇ ਜੀਵਨ ਦੇ ਹਰ ਪੜਾਅ ਨੂੰ ਬੜੀ ਆਸਾਨੀ ਅਤੇ ਉਤਸ਼ਾਹ ਦੇ ਨਾਲ ਜੀਆ ਜਾ ਸਕਦਾ ਹੈ।



ਮੁਸ਼ਕਿਲ ਦੌਰ ਵਿਚ ਜੇਕਰ ਅਸੀਂ ਆਪਣੇ ਮਨੋਬਲ ਨੂੰ ਬਣਾਈ ਰੱਖਾਂਗੇ ਤਾਂ ਇਸਦਾ ਮਤਲਬ ਹੈ ਕਿ ਸਾਨੂੰ ਜੀਵਨ ਜਿਊਣਾ ਆ ਗਿਆ।


L.A. MERCHANDISE
Whole Sale +Retail



ਇੰਡੀਆ ਤੋਂ Matterss ਸਸਤੇ ਰੇਟ 'ਤੇ ਪਹੁੰਚ ਚੁੱਕੀ ਹੈ।
ਯੂਬਾ ਸਿਟੀ ਦਾ ਸਭ ਤੋਂ ਵੱਡਾ ਗ੍ਰੋਸਰੀ ਸਟੋਰ
ਬਾਬਾ ਰਾਮਦੇਵ ਜੀ ਵੱਲੋਂ ਤਿਆਰ ਕੀਤੀਆਂ ਗਈਆਂ
ਸਾਰੀਆਂ ਦਵਾਈਆਂ ਸਾਡੇ ਕੋਲ ਮਿਲਦੀਆਂ ਹਨ।

* ਭਾਰਤੀ ਗ੍ਰੋਸਰੀ, ਕੱਪੜੇ, ਪੱਗਾਂ, ਰੁਮਾਲੇ, ਬਰਤਨ, ਤਾਜ਼ੀਆਂ ਸਬਜ਼ੀਆਂ,
* 220 ਅਤੇ 110 ਵੋਲਟ ਦਾ ਬਿਜਲੀ ਦਾ ਸਮਾਨ
* ਜੈਂਟਸ ਕਮੀਜ਼ਾਂ ਅਤੇ ਲੇਡੀਜ਼ ਸੂਟ ਸੇਲ 'ਤੇ ਹਨ।
* ਇੱਥੇ ਤਾਜ਼ਾ ਸਬਜ਼ੀਆਂ ਹਰ ਰੋਜ਼ ਮਿਲਦੀਆਂ ਹਨ।
* ਹਰ ਤਰ੍ਹਾਂ ਦੀ ਦਾਲ ਸੇਲ 'ਤੇ ਹੈ।

* ਇੰਡੀਆ ਤੋਂ Matterss ਸਸਤੇ ਰੇਟ 'ਤੇ ਪਹੁੰਚ ਚੁੱਕੀ ਹੈ।
* ਹਰ ਤਰ੍ਹਾਂ ਦੇ ਜੋੜਾਂ, ਮਾਸਪੇਸ਼ੀਆਂ ਦੇ ਦਰਦਾਂ ਦੀ ਦਵਾਈ ਸਾਡੇ ਕੋਲੋਂ ਮਿਲਦੀ ਹੈ।
* ਤੁਹਾਡੇ ਝੜਦੇ ਵਾਲਾਂ ਦੇ ਇਲਾਜ ਲਈ ਸਾਡੇ ਕੋਲ ਹਰਬਲ ਹੇਅਰ ਤੇਲ ਉਪਲਬਧ ਹੈ।
* ਸ਼ੂਗਰ ਦੇ ਮਰੀਜ਼ਾਂ ਲਈ ਕਰੇਲੇ ਦਾ ਜੂਸ ਇੱਥੋਂ ਖਰੀਦੋ।

LOOSE FABRICS, GROCERIES, BLANKETS, VEGETABLES
Toilet Water Pressure (Elite 2 Bio Bider)
A budget Friendly solution for your desire to feel exceptionally clean and reduce toilet paper waste
Only $ 39.99+Tax



Baksho Kaur Bisla Hardev Singh Bisla

500 N. Palora Ave. Yuba City, CA 95991
530-671-0439, Fax 530-822-0439 Cell- 530-844-3250



TANDOOR
Indian Restaurant
27167 Mission Blvd. Hayward, CA 95544




ਵਿਆਹ ਸ਼ਾਦੀ, ਬਰਥ-ਡੇ ਪਾਰਟੀ, ਐਨਵਰਸਰੀ ਜਾਂ ਹੋਰ ਕਿਸੇ ਵੀ ਕਿਸਮ ਦੀ ਕੈਟਰਿੰਗ ਲਈ ਸਦਾ ਸਾਨੂੰ ਯਾਦ ਰੱਖੋ

WE ARE SPECIALIST IN CATERING & SPECIAL ITEMS ARE AVAILABLE HERE :
FISH PAKORE, CHILLI CHICKEN, GOAT KARI, SHAHI PANEER, BUTTER CHICKEN, SWEETS, SNACKS AND MORE SPECIAL ITEMS.



ਕੇਟਰਿੰਗ ਦੇ ਮਾਹਿਰ, ਹਫਤੇ ਦੇ 7 ਦਿਨ ਉਪਲਬੱਧ
ਮੱਛੀ ਦੇ ਪਕੌੜਿਆਂ ਲਈ ਮਸ਼ਹੂਰ
BUFFET LUNCH 11:00 AM To 3:00 PM

We are open seven days 11 AM to 10 PM

Contact Us:
Ph. 510-885-1212
Fax. 510-885-1532




# ਰੇਖਾ ਤੋਂ ਸ਼ਰੁਤੀ ਹਾਸਨ ਤੱਕ

## ਬਿਨਾਂ ਵਿਆਹੀ ਮਾਂ ਦੀਆਂ ਲੜਕੀਆਂ ਹਨ ਇਹ ਅਭਿਨੇਤਰੀਆਂ

**ਵੈਟਰਨ ਅਭਿਨੇਤਰੀ ਰੇਖਾ ਦੀ ਸਵੈ ਜੀਵਨੀ 'ਰੇਖਾ: ਦਾ ਅਨਟੋਲਡ ਸਟੋਰੀ' ਅੱਜਕਲ੍ਹ ਚਰਚਾ ਵਿਚ ਹੈ। ਯਾਸੀਰ ਉਸਮਾਨ ਦੀ ਇਸ ਕਿਤਾਬ ਵਿਚ ਉਹਨਾਂ ਦੇ ਜੀਵਨ ਦੇ ਕਈ ਰਾਜ਼ ਖੋਲ੍ਹੇ ਗਏ ਹਨ। ਜਿਵੇਂ ਘੱਟ ਹੀ ਲੋਕ ਜਾਣਦੇ ਹਨ ਕਿ ਰੇਖਾ ਬਿਨਾਂ ਵਿਆਹੀ ਮਾਂ ਦੀ ਲੜਕੀ ਹੈ। ਰੇਖਾ ਦੀ ਮਾਂ ਪੁਸ਼ਪਾਵਲੀ ਤਮਿਲ ਅਤੇ ਤੇਲਗੂ ਫਿਲਮਾਂ ਦੀ ਅਭਿਨੇਤਰੀ ਸੀ। ਉਹਨਾਂ ਨੇ ਤਮਿਲ ਸਿਨੇਮਾ ਦੇ ਮੰਨੇ-ਪ੍ਰਮੰਨੇ ਐਕਟਰ ਸਵਰਗੀ ਜੈਮਨੀ ਗਣੇਸ਼ਨ ਦੇ ਨਾਲ ਕਈ ਫਿਲਮਾਂ ਕੀਤੀਆਂ ਸਨ ਅਤੇ ਇਸ ਦੌਰਾਨ ਦੋਵਾਂ ਦਾ ਅਫੇਅਰ ਹੋਇਆ ਸੀ। ਹਾਲਾਂਕਿ ਇਹਨਾਂ ਦਾ ਵਿਆਹ ਰੇਖਾ ਦੇ ਜਨਮ ਤੋਂ ਬਾਅਦ ਹੋਇਆ ਸੀ। ਇਸ ਜੋੜੇ ਦੀਆਂ ਦੋ ਬੇਟੀਆਂ ਹੋਈਆਂ ਰੇਖਾ ਅਤੇ ਰਾਧਾ।**





**ਸ਼ਰੁਤੀ ਹਾਸਨ**
**ਮਾਂਦਾ ਨਾਂ : ਸਾਰਿਕਾ**

ਅਭਿਨੇਤਰੀ ਸ਼ਰੁਤੀ ਹਾਸਨ ਸਾਊਥ ਦੇ ਸੁਪਰ ਹਿੱਟ ਐਕਟ ਕਮਲ ਹਾਸਨ ਅਤੇ ਸਾਰਿਕਾ ਦੀ ਲੜਕੀ ਹੈ। ਵਰਣਨਯੋਗ ਹੈ ਕਿ ਕਮਲ ਹਾਸਨ ਆਪਣੀ ਪਹਿਲੀ ਪਤਨੀ (ਵਾਣੀ) ਨਾਲ ਤਲਾਕ ਲੈਣ ਤੋਂ ਬਾਅਦ ਸਾਰਿਕਾ ਦੇ ਨਾਲ ਰਹਿਣ ਲੱਗੇ ਸਨ। ਕੁਝ ਸਮੇਂ ਬਾਅਦ ਹੀ ਸਾਰਿਕਾ ਦੇ ਗਰਭਵਤੀ ਹੋਣ ਦੀ ਗੱਲ ਸਾਹਮਣੇ ਆਈ। 28 ਜਨਵਰੀ 1986 ਨੂੰ ਸ਼ਰੁਤੀ ਹਾਸਨ ਦਾਜਨਮ ਹੋਇਆ। ਸ਼ਰੁਤੀ ਦੇ ਜਨਮ ਦੇ ਲੱਗਭੱਗ ਦੋ ਸਾਲ ਬਾਅਦ 1988 ਵਿਚ ਸਾਰਿਕਾ ਅਤੇ ਕਮਲ ਨੇ ਵਿਆਹ ਕੀਤਾ ਸੀ। ਸਾਲ 1991 ਵਿਚ ਸਾਰਿਕਾ ਨੇ ਆਪਣੀ ਦੂਜੀ ਲੜਕੀ ਅਕਸ਼ਰਾ ਨੂੰ ਜਨਮ ਦਿੱਤਾ। ਹਾਲਾਕਿ 2004 ਵਿਚ ਕਮਲ ਹਾਸਨ ਅਤੇ ਸਾਰਿਕਾ ਦਾ ਤਲਾਕ ਵੀ ਹੋ ਗਿਆ ਸੀ।



**ਮਸ਼ਾਬਾ ਗੁਪਤਾ**
**ਮਾਂਦਾ ਨਾਂ : ਨੀਨਾ ਗੁਪਤਾ**

ਬਾਲੀਵੁੱਡ ਦੀ ਮਸ਼ਹੂਰ ਡਿਜਾਇਨਰ ਮਸ਼ਾਬਾ ਗੁਪਤਾ ਅਭਿਨੇਤਰੀ ਨੀਨਾ ਗੁਪਤਾ ਦੀ ਲੜਕੀ ਹੈ। ਨੀਨਾ ਅਤੇ ਕ੍ਰਿਕਟਰ ਵਿਵੀਅਨ ਰਿਚਰਡਸ ਦਾ ਅਫੇਅਰ ਕਾਫੀ ਚਰਚਿਤ ਰਿਹਾ ਸੀ। ਰਿਲੇਸ਼ਨਸ਼ਿਪ ਦੀਆਂ ਖਬਰਾਂ ਦੇ ਵਿਚਕਾਰ ਨੀਨਾ ਦੇ ਗਰਭਵਤੀ ਹੋਣ ਦੀ ਗੱਲ ਸਾਹਮਣੇ ਆਈ। ਸਾਲ 1989 ਵਿਚ ਨੀਨਾ ਨੇ ਬੇਟੀ ਮਸ਼ਾਬਾ ਨੂੰ ਜਨਮ ਦਿੱਤਾ ਅਤੇ ਇਕੱਲਿਆਂ ਹੀ ਸਿੰਗਲ ਮਦਰ ਦੇ ਤੌਰ ਤੇ ਉਸਦੀ ਪਰਵਰਿਸ਼ ਕੀਤੀ।



**ਹਰਲੋ ਮੈਡੇਨ**
**ਮਾਂ ਦਾ ਨਾਂ : ਨਿਕੋਲ ਰਿਚੀ**

ਅਮਰੀਕਨ ਅਭਿਨੇਤਰੀ ਅਤੇ ਫੈਸ਼ਨ ਡਿਜਾਇਨਰ ਨਿਕੋ ਰਿਚੀ ਦੀ ਪ੍ਰੈਗਨੈਂਸੀ ਦੀਆਂ ਖਬਰਾਂ ਅਗਸਤ 2007 ਵਿਚ ਆਈਆਂ ਸਨ। ਜਨਵਰੀ 2008 ਵਿਚ ਨਿਕੋਲ ਅਤੇ ਉਹਨਾਂ ਦੇ ਲੰਮੇ ਸਮੇਂ ਤੋਂ ਬੁਆਏ ਫਰੈਂਡ ਰਾਕਰ ਜੋਇਲ ਮੈਡੇਨ ਦੀ ਬੇਟੀ ਹਰਲੋ ਦਾ ਜਨਮ ਹੋਇਆ ਸੀ। ਬੇਟੀ ਦੇ ਪੈਦਾ ਹੋਣ ਤੋਂ ਦੋ ਸਾਲ ਬਾਅਦ ਯਾਨਿ 2010 ਵਿਚ ਇਹਨਾਂ ਨੇ ਵਿਆਹ ਕੀਤਾ ਸੀ।



**ਨੋਰਾ ਜੋਨਸ**
**ਮਾਂ ਦਾ ਨਾਂ : ਸੂ ਜੋਨਸ**

ਅਮਰੀਕਨ ਸਿੰਗਰ, ਗੀਤ ਲੇਖਕ ਅਤੇ ਅਭਿਨੇਤਰੀ ਨੋਰਾ ਜੋਨਸ ਕਨਸਰਟ ਪ੍ਰੋਡਿਊਸਰ ਸੂ ਜੋਨਸ ਅਤੇ ਸਵਰਗੀ ਪੰਡਤ ਰਵੀ ਸ਼ੰਕਰ ਦੀ ਲੜਕੀ ਹੈ। ਪਹਿਲੀ ਪਤਨੀ ਤੋਂ ਅਲੱਗ ਹੋਣ ਦੇ ਬਾਅਦ ਰਵੀ ਸ਼ੰਕਰ ਦਾ ਅਫੇਅਰ ਸੂ ਜੋਨਸ ਨਾਲ ਚੱਲਿਆ। ਇਸ ਤੋਂ ਬਾਅਦ 1979 ਵਿਚ ਨੋਰਾ ਜੋਨਸ ਦਾ ਜਨਮ ਹੋਇਆ। ਵਰਣਨਯੋਗ ਹੈ ਕਿ ਰਵੀ ਸ਼ੰਕਰ ਅਤੇ ਸੂ ਨੇ ਕਦੀ ਵਿਆਹ ਨਹੀਂ ਕੀਤਾ ਸੀ। ਉਹ 1986 ਵਿਚ ਅਲੱਗ ਹੋ ਗਏ ਸਨ।



**ਨੌਰਥ ਵੈਸਟ ਮਾਂ ਦਾ ਨਾਂ: ਕਿਮ ਕਾਰਦੀਸ਼ੀਆ**

ਕਿਮ ਕਾਰਦੀਸ਼ੀਆ ਦੀ ਲੜਕੀ ਨੌਰਥ ਵੈਸਟ ਦਾ ਜਨਮ ਉਹਨਾਂ ਦੇ ਵਿਆਹ ਤੋਂ ਲੱਗਭੱਗ ਇਕ ਸਾਲ ਪਹਿਲਾਂ ਹੋਇਆ ਸੀ। ਰੀ-ਐਲਟੀ ਸ਼ੋਅ ਸਟਾਰ ਕਿਮ ਕਾਰਦੀਆ ਅਤੇ ਮਿਊਜ਼ੀਸ਼ੀਅਨ ਕੇਨੀਆ ਵੈਸਟ ਦੀ ਲੜਕੀ ਨੌਰਥ ਵੈਸਟ ਜੂਨ 2013 ਵਿਚ ਪੈਦਾ ਹੋਈ ਸੀ। ਬੇਟੀ ਦੇ ਜਨਮ ਤੋਂ ਲੱਗਭੱਗ ਇਕ ਸਾਲ ਬਾਅਦ 24 ਮਈ, 2014 ਨੂੰ ਉਹਨਾਂ ਨੇ ਵਿਆਹ ਕਰਵਾਇਆ ਸੀ।



**ਸੂਰੀ ਕਰੂਜ**
**ਮਾਂ ਦਾ ਨਾਂ: ਕੈਟੀ ਹੋਮਸ**

2005 ਵਿਚ ਹਾਲੀਵੁੱਡ ਐਕਟਰ ਟਾਮ ਕਰੂਜ਼ ਅਤੇ ਅਭਿਨੇਤਰੀ ਕੈਟੀ ਹੋਮਸ ਦੇ ਅਫੇਅਰ ਦੇ ਚਰਚੇ ਹੋਏ। ਅਪ੍ਰੈਲ 2006 ਵਿਚ ਇਹਨਾਂ ਦੀ ਲੜਕੀ ਸੂਰੀ ਦਾ ਜਨਮ ਹੋਇਆ। ਬੇਟੀ ਦੇ ਜਨਮ ਦੇ ਲੱਗਭੱਗ 7 ਮਹੀਨੇ ਬਾਅਦ ਯਾਨਿ ਨਵੰਬਰ, 2006 ਵਿਚ ਟਾਮ ਅਤੇ ਕੇਟੀ ਨੇ ਵਿਆਹ ਕੀਤਾ ਸੀ। ਹਾਲਾਂਕਿ 2012 ਵਿਚ ਇਹਨਾਂ ਦਾ ਤਲਾਕ ਹੋ ਗਿਆ ਸੀ।

# ਬੁਆਏ ਫਰੈਂਡ ਦੇ ਧੋਖੇ ਦਾ ਸ਼ਿਕਾਰ ਹੋਈ ਸੀ ਮਹਿਮਾ ਚੌਧਰੀ

ਬਾਲੀਵੁੱਡ ਅਭਿਨੇਤਰੀ ਮਹਿਮਾ ਚੌਧਰੀ ਨੇ ਬੰਗਾਲੀ ਥ੍ਰਿਲਰ ਮੂਵੀ 'ਡਾਰਕ ਚਾਕਲੇਟ' ਵਿਚ ਇੰਦਰਾਣੀ ਮੁਖਰਜੀ ਦਾ ਕਿਰਦਾਰ ਪਲੇਅ ਕੀਤਾ ਹੈ। ਇਹ ਫਿਲਮ ਸ਼ੀਨ ਬੋਰਾ ਮਰਡਲ ਕੇਸ ਤੇ ਆਧਾਰਿਤ ਹੈ। ਫਿਲਮ ਪ੍ਰਮੋਸ਼ਨ ਦੇ ਦੌਰਾਨ ਮਹਿਮਾ ਚੌਧਰੀ ਨੇ ਦੱਸਿਆ ਕਿ ਲੀਏਂਡਰ ਪੇਸ ਨੇ ਉਹਨਾਂ ਨੂੰ ਧੋਖਾ ਦਿੱਤਾ; ਸੀ। ਉਹ ਇਕ ਚੰਗੇ ਟੈਨਿਸ ਖਿਡਾਰੀ ਹਨ ਪਰ ਬਤੌਰ ਇਨਸਾਨ ਬਿਲਕੁਲ ਵੀ ਚੰਗੇ ਨਹੀਂ ਹਨ। ਮੈਨੂੰ ਜਦੋਂ ਪਤਾ ਲੱਗਿਆ ਕਿ ਉਹਨਾਂ ਦੇ ਆਸ ਪਾਸ ਕੋਈ ਹੋਰ ਹੈ ਤਾਂ ਮੈਂ ਹੈਰਾਨ ਰਹਿ ਗਈ। ਉਹਨਾਂ ਦੇ ਜਾਣ ਨਾਲ ਮੇਰੇ ਜੀਵਨ ਵਿਚ ਕੋਈ ਫਰਕ ਨਹੀਂ ਪਿਆ ਬਲਕਿ ਹੁਣ ਤਾਂ ਮੈ 'ਹੋਰ ਜ਼ਿਆਦਾ ਮਚਿਓਰ ਹੋ ਗਈ ਹਾਂ। ਮਹਿਮਾ ਨੇ ਕਿਹਾ- ਲੀਏਂਡਰ ਨੇ ਜੋ ਉਹਨਾਂ ਦੇ ਨਾਲ ਕੀਤਾ, ਉਹੀ ਉਹ ਆਪਣੀ ਮੌਜੂਦਾ ਪਤਨੀ ਰਿਆ ਪਿਲੈ ਦੇ ਨਾਲ ਵੀ ਕਰਨਗੇ। ਵਰਣਨਯੋਗ ਹੈ ਕਿ ਮਹਿਮਾ ਚੌਧਰੀ ਨੇ 2006 ਵਿਚ ਮੁੰਬਈ ਦੇ ਆਰਕੀਟੈਕਟ ਬਾਬੀ ਮੁਖਰਜੀ ਨਾਲ ਵਿਆਹ ਕੀਤਾ ਅਤੇ ਵਿਆਹ ਦੇ ਕੁਝ ਹੀ ਮਹੀਨਿਆਂ ਬਾਅਦ ਹੀ ਉਹਨਾਂ ਨੇ ਲੜਕੀ ਨੂੰ ਜਨਮ ਦਿੱਤਾ। ਕਹਿੰਦੇ ਹਨ ਕਿ ਮਹਿਮਾ ਵਿਆਹ ਤੋਂ ਪਹਿਲਾਂ ਹੀ ਪ੍ਰੈਗਨੈਂਟ ਹੋ ਗਈ ਸੀ। ਹਾਲਾਂਕਿ ਬਾਅਦ ਵਿਚ 2013 ਵਿਚ ਬਾਬੀ



ਅਤੇ ਮਹਿਮਾ ਅਲੱਗ ਹੋ ਗਏ। ਮਹਿਮਾ ਚੌਧਰੀ ਮੁਤਾਬਕ ਸਿੰਗਲ ਮਦਰ ਹੋਣ ਦੇ ਕਾਰਨ ਉਹਨਾਂ ਨੂੰ ਬੇਟੀ ਆਰੀਆਨਾ ਦੀ ਦੇਖਭਾਲ ਕਰਨੀ ਪੈਂਦੀ ਸੀ, ਜਿਸ ਕਾਰਨ ਉਹ ਫਿਲਮਾਂ ਵਿਚ ਨਹੀਂ ਆ ਸਕੀ। ਇਸ ਕਰਕੇ ਉਹਨਾਂ ਨੇ ਟੀ. ਵੀ. ਸ਼ੋਅ ਵਿਚ ਜੱਜ ਬਣਨ ਅਤੇ ਸ਼ੋਅ ਰੂਮਾਂ ਦੇ ਰਿਬਨ ਕੱਟਣ ਵਰਗੇ ਕੰਮ ਕੀਤੇ, ਜੋ ਮੇਰੇ ਲਈ ਕਾਫੀ ਕਨਵੀਨੀਐਂਟ ਵੀ ਸਨ।

### ਵਿਆਹ ਦਾ ਪਲਾਨ ਕਰਨ ਬਾਅਦ ਲਿਆਂਗੀ ਤਲਾਕ

ਮਹਿਮਾ ਦੇ ਮੁਤਾਬਕ ਅਲੱਗ ਰਹਿਣ ਦੇ ਬਾਵਜੂਦ ਹੁਣ ਤੱਕ ਉਹਨਾਂ ਨੇ ਤਲਾਕ ਲੈਣ ਦਾ ਫੈਸਲਾ ਨਹੀ 'ਕੀਤਾ ਹੈ। ਇਸ ਦਾ ਇਕ ਕਾਰਨ ਇਹ ਵੀ ਹੈ ਕਿ ਉਹਨਾਂ ਦੇ ਕੋਲ ਇਹਨਾਂ ਗੱਲਾਂ ਲਈ ਵਕਤ ਨਹੀਂ ਹੈ। ਵੈਸੇ ਵੀ ਮੈਂ ਤਲਾਕ ਉਦੋਂ ਲਿਆਂਗੀ ਜਦੋਂ ਮੈਂ ਨਵੇਂ ਵਿਆਹ ਬਾਰੇ ਪਲਾਨ ਕਰ ਲਵਾਂਗੀ।

ਵਰਣਨਯੋਗ ਹੈ ਕਿ ਮਹਿਮਾ ਚੌਧਰੀ ਨੇ ਬਾਬੀ ਮੁਖਰਜੀ ਨਾਲ ਵਿਆਹ ਕਰਨ ਤੋਂ ਪਹਿਲਾਂ ਕੁਝ ਵਕਤ ਤੱਕ ਟੈਨਿਸ ਪਲੇਅਰ ਲੀਏਂਡਰ ਪੇਸ ਨੂੰ ਡੇਟ ਕੀਤਾ ਸੀ। ਲੰਮੇ ਸਮੇਂ ਬਾਅਦ ਵੱਡੇ ਪਰਦੇ 'ਤੇ ਨਜ਼ਰ ਆਈ ਮਹਿਮਾ ਨੇ 1997 ਵਿਚ ਸ਼ਾਹਰੁਖ ਖਾਨ ਦੇ ਨਾਲ ਫਿਲਮ 'ਪਰਦੇਸ' ਵਿਚ ਕੰਮ ਕੀਤਾ ਸੀ। ਬਾਅਦ ਵਿਚ ਕੁਝ ਫਿਲਮਾਂ ਕਰਨ ਤੋਂ ਬਾਅਦ ਉਹਨਾਂ ਨੇ 2006 ਵਿਚ ਫਿਲਮ ਉਦਯੋਗ ਤੋਂ ਬ੍ਰੇਕ ਲੈ ਲਿਆ ਸੀ।

## ਸਾਹਿਤਕ ਪੈੜਾਂ- ਇਸ ਹਫਤੇ ਦੇ ਸ਼ਾਇਰ

### ਬੱਚੇ



ਗਲੀਆਂ ਦੇ ਵਿੱਚ ਰੁਲਦੇ ਬੱਚੇ,
ਇੱਥੇ ਕੱਖਾਂ ਸਾਵੇਂ ਤੁਲਦੇ ਬੱਚੇ।
ਤਨਾਂ ਤੋਂ ਨੰਗੇ ਨੇ,ਢਿੱਡਾਂ ਤੋਂ ਭੁੱਖੇ ਨੇ,
ਸੋਨੇ ਨਾਲੋਂ ਮਹਿੰਗੇ ਮੁਲ ਦੇ ਬੱਚੇ।
ਬੱਚੇ ਬੰਦ ਕਲੀਆਂ ਵਾਂਗ ਹੁੰਦੇ ਨੇ,
ਪਰ ਇਨ੍ਹਾਂ ਵਾਂਗ ਨਾ ਖੁਲ੍ਹਦੇ ਬੱਚੇ।
ਇਨ੍ਹਾਂ ਦੇ ਬੁੱਲ੍ਹਾਂ ਤੋਂ ਹਾਸੇ ਗਾਇਬ ਨੇ,
ਹੰਝੂ ਵਹਾਣਾ ਨਾ ਭੁਲਦੇ ਬੱਚੇ।
ਵਧੀਆ ਚੀਜ਼ਾਂ ਇਹ ਕਿੱਥੋਂ ਲੈਣ,
ਘਟੀਆ ਚੀਜ਼ਾਂ ਦੇ ਡੁਲ੍ਹਦੇ ਬੱਚੇ।
ਪਤਾ ਨਹੀਂ ਉਹ ਕਦ ਜਾਗਣਗੇ,
ਜਿਨ੍ਹਾਂ ਦੇ ਥਾਂ,ਥਾਂ ਰੁਲਦੇ ਬੱਚੇ।

**– ਮਹਿੰਦਰ ਮਾਨ**
91-99158-03554

### ਪਾਵਰਕਾਮ ਦੀ ਪਾਵਰ



ਆਸ ਬੱਝੀ ਹੈ ਜ਼ਖਮ ਪਹਿਚਾਨਣੇ ਦੀ
ਹਾਕਮ ਧਿਰ ਵੱਲੋਂ ਮਾਰੇ ਹੋਏ ਨਸ਼ਤਰਾਂ ਦੇ।

'ਸ਼ੀਸ਼ਾ' ਮੋਹਰੇ ਦਾ ਉਨ੍ਹਾਂ ਨੂੰ ਦਿਸਣ ਲੱਗਾ
ਕਾਰੇ ਕਰੇ ਸੀ ਜਿਨ੍ਹਾਂ ਨੇ ਤਸ਼ਕਰਾਂ ਦੇ।

ਜਥੇਦਾਰ ਜੋ ਫੋਨਾਂ 'ਤੇ ਦਬਕਦੇ ਸੀ
ਹੁਣ ਲਾਗੇ ਵੀ ਜਾਂਦੇ ਨਾ ਦਫਤਰਾਂ ਦੇ।

ਗਿਆਰਾਂ ਮਾਰਚ ਦੀ ਨਹੀਂ ਉਡੀਕ ਕੀਤੀ
ਤੇਵਰ ਬਦਲ ਗਏ ਹੁਣੇ ਈ ਅਫਸਰਾਂ ਦੇ।

ਹਾਲੇ ਹੋਇਆ ਐਲਾਨ ਨਾ 'ਹਾਰ ਗਏ' ਆ
'ਉਤਲਾ ਡਰ' ਅਗਾਊਂ ਲਾਹ ਸੁੱਟਿਆ ਈ।

'ਪਾਵਰਕਾਮ' ਨੇ ਪਾਵਰ ਹੁਣ ਵਰਤ ਕੇ ਤੇ
ਮੀਟਰ ਕੋਲਿਆਂ ਵਾਲੀ ਦਾ ਪੁੱਟਿਆ ਈ!

**-ਤਰਲੋਚਨ ਸਿੰਘ ਦੁਪਾਲਪੁਰ**
001-408-915-1268

### ਗੀਤ

ਦੋ ਕੱਪੜੇ ਸੀ ਲੈ ਕੇ ਆਇਆ ਮੈਂ,
ਇਸ ਦੇਸ਼ ਨੂੰ ਮਿੱਤਰ ਬਣਾਇਆ ਮੈਂ,
ਸੋਹਣਾ ਜੀਵਨ ਤੇ ਹੱਸਦੇ ਸੋਹਣੇ ਯਾਰ।
ਹੋਰ ਕੀ ਲੈਣਾ ਮੱਕਿਉਂ ਪਰੇ ਉਜਾੜ।



ਮੁੱਦਤ ਤੋਂ ਮਿਹਨਤ ਕਰਦਾ ਹਾਂ,
ਨਿੱਤ ਪੈਰ ਅੱਗੇ ਨੂੰ ਧਰਦਾ ਹਾਂ,
ਨਾਲੇ ਕਵਿਤਾ ਦਾ ਇਜ਼ਹਾਰ।
ਹੋਰ ਕੀ ਲੈਣਾ .....।

ਸਾਰੀ ਧਰਤੀ ਭਾਗਾਂ ਵਾਲੀ ਏ,
ਬੰਦਾ ਆਉਂਦਾ ਬਣਕੇ ਸਵਾਲੀ ਏ,
ਹੋਵੇ ਪਤਝੜ ਚਾਹੇ ਬਹਾਰ।
ਹੋਰ ਕੀ ਲੈਣਾ .....।

ਰੱਬ ਨੇ ਸੋਹਣਾ ਵਕਤ ਲੰਘਾਇਆ ਹੈ,
ਆਸਾਂ ਨੂੰ ਬੂਰ ਪਾਇਆ ਹੈ,
ਚਾਹੇ ਹੌਲੀ ਹੈ ਰਫ਼ਤਾਰ।
ਹੋਰ ਕੀ ਲੈਣਾ .....।

ਧੰਦੇ ਜ਼ਿੰਦਗੀ ਦੇ ਕਮਲ ਮੁੱਕਣੇ ਨਾ,
ਮੰਜ਼ਿਲ 'ਤੇ ਸਾਰੇ, ਕਮਲ ਢੁੱਕਣੇ ਨਾ,
ਚਲਦਾ ਸਾਹਾਂ ਦਾ ਵਪਾਰ।
ਹੋਰ ਕੀ ਲੈਣਾ ਮੱਕਿਉਂ ਪਰੇ ਉਜਾੜ।

**– ਕਮਲ ਬੰਗਾ ਸੈਕਰਾਮੈਂਟੋ**
916-897-8570

### ਆਕੜ ਹੀ ਬੜੀ

ਤੇਰੇ ਵਿੱਚ ਤਾਂ ਆਕੜ ਹੀ ਬੜੀ ਆ..
ਨੀ ਹਰਨਾਮ ਕੁਰੇ..



ਤੇਰੀ ਤਾਂਹੀ ਲਗਦਾ ਅੱਖ ਖੜੀ ਆ..
ਨੀ ਹਰਨਾਮ ਕੁਰੇ..

ਮੈਂ ਹੀ ਸਾਊ ਨਾ ਕੁਸਕਾਂ ਤੇਰੇ ਅੱਗੇ ਜ਼ਰਾ..
ਗੱਲ ਗੱਲ ਤੇ ਲਾਈ ਗਾਲਾਂ ਦੀ ਝੜੀ ਆ..
ਨੀ ਹਰਨਾਮ ਕੁਰੇ..

ਮੈਂ ਹੀ ਦਿਨ ਕੱਟੀਂ ਜਾਵਾਂ ਨਿੰਵ ਨਿੰਵਕੇ..
ਮਾਲਾ ਮੈਂ ਤਾਂ ਤੂੰ ਹੀ ਤੂੰ ਹੀ ਵਾਲੀ ਫੜੀ ਆ..
ਨੀ ਹਰਨਾਮ ਕੁਰੇ..

ਲੁੱਟ ਲਵੇਂ ਤੂੰ ਮਹੀਨਾ ਚੜਨ ਸਾਰ ਹੀ..
ਕੰਮ ਵਾਲੀ ਮੇਡ ਦੁਆਲੇ ਮੇਰੇ ਖ਼ੜੀ ਆ..
ਨੀ ਹਰਨਾਮ ਕੁਰੇ..

ਸਾਰਿਆਂ ਨੇ ਲੈ ਲੈ ਸਵਾਦ ਪੜਨਾ ਹੈ..
ਸਾਨੂੰ ਕਿਹੜਾ ਮਿਲਣਾ ਸਾਗ ਜਾਂ ਕੜੀ ਆ..
ਨੀ ਹਰਨਾਮ ਕੁਰੇ..

ਐਂਵੇ ਸੱਚ ਮੰਨਕੇ ਨਾ ਗੁੱਸਾ ਕਰ ਜਾਂਵੀ..
ਤੇਰੇ ਹੱਸਣ ਲਈ ਕਹਾਣੀ ਇਹ ਘੜੀ ਆ..
ਨੀ ਹਰਨਾਮ ਕੁਰੇ..

**ਹਰਦੀਪ ਬਿਰਦੀ**
91-90416-00900

### ਜ਼ਿੰਦਗੀ



ਇਹ ਜ਼ਿੰਦਗੀ ਬੜੀ ਅਨੋਖੀ ਏ,
ਨਿੱਤ ਨਵੇਂ ਹੀ ਰੰਗ ਦਿਖਾਉਂਦੀ ਏ।
ਕਦੀ ਸੇਜ ਸਜਾਵੇ ਫੁੱਲਾਂ ਦੀ,
ਕਦੀ ਕੰਡਿਆਂ ਉਤੇ ਸਲਾਉਂਦੀ ਏ।
ਕਦੀ ਅੰਬਰੀਂ ਪੀਂਘਾਂ ਪਾ ਲੈਂਦੀ,
ਕਦੀ ਧਰਤੀ ਉਤੇ ਪਟਕਾਉਂਦੀ ਏ।
ਕਦੀ ਸੁਪਨੇ ਵੇਖੇ ਮਹਿਲਾਂ ਦੇ,
ਕਦੀ ਝੁੱਗੀ ਵਿਚ ਬਿਠਾਉਂਦੀ ਏ।
ਖਾਬਾਂ ਵਿਚ ਚੰਦ ਨੂੰ ਛੂਹ ਆਵਾਂ,
ਅੱਖ ਖੁੱਲੇ ਤਾਂ ਪਛਤਾਉਂਦੀ ਏ।
ਜਦੋਂ ਹੁੰਦੀ ਗੁੱਡੀ ਅੰਬਰਾਂ 'ਤੇ,
ਫਿਰ ਰਤਾ ਵੀ ਨਾ ਘਬਰਾਉਂਦੀ ਏ।
ਕਦੀ ਬਣ ਕੇ ਬੱਦਲੀ ਸਾਵਣ ਦੀ,
ਖੁਸ਼ੀਆਂ ਦਾ ਮੀਂਹ ਵਰਸਾਉਂਦੀ ਏ।
ਜੋ ਚਿੱਤ-ਚੇਤੇ ਵੀ ਨਹੀਂ ਹੁੰਦਾ,
ਕਦੀ ਐਸਾ ਵੀ ਰਾਗ ਸੁਣਾਉਂਦੀ ਏ।
ਤੁਰੇ ਵਾਂਗ ਸਮੁੰਦਰੀ ਲਹਿਰਾਂ ਦੇ,
ਰੁਕਣਾ ਨਾ ਕਦੀ ਸਿਖਾਉਂਦੀ ਏ।
ਤੂੰ ਸਿੱਖ 'ਕੁਲਵਿੰਦਰ' ਜ਼ਿੰਦਗੀ ਤੋਂ,
ਕਦਮ-ਕਦਮ ਤੇ ਜੋ ਪੜ•ਉਂਦੀ ਏ।
'ਮਹਿਕ' ਮੁੜ ਨਾ ਦੇਖ ਪਿਛਾਂਹ ਨੂੰ ਤੂੰ,
ਗਈ ਜ਼ਿੰਦਗੀ ਮੁੜ ਨਾ ਆਉਂਦੀ ਏ।

**-ਕੁਲਵਿੰਦਰ ਕੌਰ ਮਹਿਕ,**
**ਮੁਹਾਲੀ**

# ਦਿਲ ਨਿੱਜਰ ਦੀ ਕਾਵਿ ਪੁਸਤਕ 'ਦਿਲ ਦਰਿਆ ਦੇ ਵਹਿਣ' ਪੰਜਾਬੀ ਯੂਨੀਵਰਸਿਟੀ ਪਟਿਆਲਾ ਵਿਖੇ ਰਿਲੀਜ਼












**ਪਟਿਆਲਾ (ਬਿਊਰੋ)–** ਬੀਤੇ ਦਿਨੀਂ 18 ਜਨਵਰੀ 2017 ਨੂੰ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਭਾਸ਼ਾ ਵਿਕਾਸ ਵਿਭਾਗ ਦੀ 'ਪੰਜਾਬੀ ਭਾਸ਼ਾ, ਸਾਹਿਤ ਤੇ ਸੱਭਿਆਚਾਰ ਅਜੋਕੇ ਗਿਆਨ ਵਿਗਿਆਨ ਅਤੇ ਤਕਨਾਲੌਜੀ ਦੇ ਸੰਦਰਭ 'ਚ ਵਿਸ਼ੇ 'ਤੇ ਕਰਵਾਈ ਗਈ ਸਾਲਾਨਾ ਅੰਤਰ ਰਾਸ਼ਟਰੀ ਕਾਨਫਰੰਸ ਮੌਕੇ ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੇ ਵਾਈਸ ਚਾਂਸਲਰ ਡਾ. ਜਸਪਾਲ ਸਿੰਘ ਵੱਲੋਂ ਦਲਬੀਰ ਸਿੰਘ ਦਿਲ ਨਿੱਜਰ ਦੀ ਕਾਵਿ ਪੁਸਤਕ 'ਦਿਲ ਦਰਿਆ ਦੇ ਵਹਿਣ' ਵੈਲੀਡਿਕਟਰੀ ਸੈਸ਼ਨ ਮੌਕੇ ਉਚੇਚੇ ਤੌਰ 'ਤੇ ਰਿਲੀਜ਼ ਕੀਤੀ ਗਈ। ਪੁਸਤਕ ਰਿਲੀਜ਼ ਦੀ ਇਸ ਰਸਮ ਵਿਚ ਵਾਈਸ ਚਾਂਸਲਰ ਡਾ. ਜਸਪਾਲ ਸਿੰਘ ਤੋਂ ਇਲਾਵਾ ਡਾ. ਮੋਹਨ ਸਿੰਘ ਤਿਆਗੀ, ਡਾ. ਦੀਪਕ ਮਨਮੋਹਨ ਸਿੰਘ, ਡਾ. ਸਤੀਸ਼ ਕੁਮਾਰ ਵਰਮਾ, ਡਾ. ਮਾਨ ਸਿੰਘ ਢੀਂਡਸਾ, ਡਾ. ਕੰਵਲ ਜਸਮਿੰਦਰਪਾਲ ਸਿੰਘ, ਡਾ. ਹਰਜੋਧ ਸਿੰਘ, ਡਾ. ਬਲਜੀਤ ਕੌਰ ਸੇਖੋਂ, ਡਾ. ਅਮਰਜੀਤ ਕੌਰ, ਡਾ. ਸਰਬਜਿੰਦਰ ਸਿੰਘ, ਪ੍ਰੋ. ਪਰਮਜੀਤ ਕੌਰ ਅਤੇ ਡਾ. ਬਲਰਾਜ ਸਿੰਘ ਹਾਜ਼ਰ ਸਨ। ਇੱਥੇ ਇਹ ਗੱਲ ਜ਼ਿਕਰਯੋਗ ਹੈ ਕਿ ਪੰਜਾਬੀ ਸਾਹਿਤ ਸਭਾ, ਕੈਲੇਫੋਰਨੀਆ ਦੇ ਪ੍ਰਧਾਨ ਅਤੇ ਉਘੇ ਸ਼ਾਇਰ ਦਲਬੀਰ ਸਿੰਘ 'ਦਿਲ ਨਿੱਜਰ' ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਭਾਸ਼ਾ ਵਿਕਾਸ ਵਿਭਾਗ ਵੱਲੋਂ ਵਿਸ਼ੇਸ਼ ਸੱਦੇ 'ਤੇ ਇਸ ਅੰਤਰ ਰਾਸ਼ਟਰੀ ਕਾਨਫਰੰਸ ਵਿਚ ਸ਼ਿਰਕਤ ਕਰਨ ਲਈ ਪਹੁੰਚੇ ਹੋਏ ਸਨ। ਉਨ੍ਹਾਂ ਨੇ ਇਸ ਕਾਨਫਰੰਸ ਦੇ ਇਕ ਪ੍ਰਧਾਨਗੀ ਸੈਸ਼ਨ ਵਿਚ ਵਿਦੇਸ਼ਾਂ ਵਿਚ ਪੰਜਾਬੀ ਭਾਸ਼ਾ ਸਾਹਿਤ ਅਤੇ ਸੱਭਿਆਚਾਰ ਦੀ ਸਥਿਤੀ ਬਾਰੇ ਬੋਲਦਿਆਂ ਕਈ ਮਹੱਤਵਪੂਰਨ ਨੁਕਤੇ ਦਰਸ਼ਕਾਂ ਨਾਲ ਸਾਂਝੇ ਕੀਤੇ।

ਉਹਨਾਂ ਆਖਿਆ ਕਿ ਉਹਨਾਂ ਨੂੰ ਪੰਜਾਬੀ ਹੋਣ ਤੇ ਮਾਣ ਹੈ ਤੇ ਪੰਜਾਬੀਆਂ ਨੇ ਆਪਣੀ ਸਖਤ ਮਿਹਨਤ ਅਤੇ ਘਾਲਣਾ ਸਦਕਾ ਪੂਰੀ ਦੁਨੀਆਂ 'ਚ ਆਪਣਾ ਨਾਂ ਬਣਾਇਆ ਹੈ। ਉਨ੍ਹਾਂ ਨੇ ਦੱਸਿਆ ਕਿ ਕੈਲੇਫੋਰਨੀਆ ਦੀਆਂ ਪੰਜਾਬੀ ਸਾਹਿਤ ਸਭਾਵਾਂ, ਅਖਬਾਰ ਅਤੇ ਸਮਾਜ ਸੇਵੀ ਸੰਸਥਾਵਾਂ ਪੰਜਾਬੀ ਮਾਤ ਭਾਸ਼ਾ ਦੇ ਪ੍ਰਚਾਰ ਤੇ ਪ੍ਰਸਾਰ ਲਈ ਤਨੋਂ ਮਨੋਂ ਯਤਨਸ਼ੀਲ ਹਨ। ਇਹੀ ਕਾਰਨ ਹੈ ਕਿ ਅਮਰੀਕਾ ਵਿਚ ਵੱਖ-ਵੱਖ ਥਾਵਾਂ ਤੇ ਪੰਜਾਬੀ ਭਾਸ਼ਾ ਵਿਚ ਜ਼ਿਕਰਯੋਗ ਸਾਹਿਤ ਰਚਨਾ ਹੋ ਰਹੀ ਹੈ। ਇਸ ਸੈਸ਼ਨ ਵਿਚ ਪੰਜਾਬੀ ਭਾਸ਼ਾ ਵਿਕਾਸ ਵਿਭਾਗ ਦੇ ਮੁਖੀ ਡਾ. ਬਲਜੀਤ ਕੌਰ ਸੇਖੋਂ ਅਤੇ ਡਾ. ਜਸਪਾਲ ਸਿੰਘ ਵੱਲੋਂ ਦਿਲ ਨਿੱਜਰ ਦਾ ਵਿਸ਼ੇਸ਼ ਸਨਮਾਨ ਕੀਤਾ ਗਿਆ। ਇਸ ਦੇ ਨਾਲ ਹੀ ਮਿਤੀ 25 ਜਨਵਰੀ 2017 ਨੂੰ ਇਸ ਪੁਸਤਕ ਦਾ ਗੌਰਮਿੰਟ ਐਜੂਕੇਸ਼ਨ ਕਾਲਜ, ਪਟਿਆਲਾ ਵਿਖੇ ਇਕ ਭਰਵਾਂ ਲੋਕ ਅਰਪਣ ਸਮਾਰੋਹ ਕੀਤਾ ਗਿਆ।

ਇਸ ਸਮਾਰੋਹ ਦੇ ਪ੍ਰਧਾਨਗੀ ਮੰਡਲ ਵਿਚ ਕਾਲਜ ਦੇ ਪ੍ਰਿੰਸੀਪਲ ਡਾ. ਐਸ. ਕੇ. ਕੌਸ਼ਿਕ, ਡਾ. ਕੰਵਰ ਜਸਮਿੰਦਰਪਾਲ ਸਿੰਘ, ਡਾ. ਮਾਨ ਸਿੰਘ ਢੀਂਡਸਾ ਅਤੇ ਡਾ. ਮੋਹਨ ਸਿੰਘ ਤਿਆਗੀ ਸ਼ਾਮਲ ਹੋਏ। ਸਮਾਗਮ ਦੀ ਸ਼ੁਰੂਆਤ ਸਮੇਂ ਡਾ. ਐਸ. ਕੇ. ਕੌਸ਼ਿਕ ਨੇ ਦਲਬੀਰ ਸਿੰਘ 'ਦਿੱਲ ਨਿੱਜਰ' ਨੂੰ ਕਾਲਜ ਦੇ ਸਟਾਫ ਅਤੇ ਵਿਦਿਆਰਥੀਆਂ ਵੱਲੋਂ ਜੀ ਆਇਆਂ ਆਖਿਆ। ਇਸ ਉਪਰੰਤ ਡਾ. ਮੋਹਨ ਤਿਆਗੀ ਨੇ ਦਲਵੀਰ ਸਿੰਘ 'ਦਿੱਲ ਨਿੱਜਰ' ਦੀ ਸ਼ਖਸੀਅਤ ਅਤੇ ਉਹਨਾਂ ਦੀਆਂ ਕੈਲੇਫੋਰਨੀਆ ਵਿਚ ਸਾਹਿਤਕ ਸਰਗਰਮੀਆਂ ਬਾਰੇ ਸੰਖੇਪ ਜਾਣ-ਪਛਾਣ ਕਰਵਾਈ। ਆਪਣੇ ਭਾਸ਼ਣ ਵਿਚ ਡਾ. ਮਾਨ ਸਿੰਘ ਢੀਂਡਸਾ ਨੇ ਦਿੱਲ ਨਿੱਜਰ ਦੀ ਕਾਵਿ ਪੁਸਤਕ 'ਦਿਲ ਦਰਿਆ ਦੇ ਵਹਿਣ' ਬਾਰੇ ਗੱਲਬਾਤ ਕਰਦਿਆਂ ਦਿਲ ਦੀ ਪ੍ਰਗੀਤਕ ਸ਼ਾਇਰ ਦੀ ਭਰਪੂਰ ਸ਼ਲਾਘਾ ਕੀਤੀ। ਇਸ ਤੋਂ ਬਾਅਦ ਦਿਲ ਨਿੱਜਰ ਦੀ ਨਵੀਂ ਕਾਵਿ-ਪੁਸਤਕ ਕਾਲਜ ਦੇ ਅਧਿਆਪਕਾਂ ਅਤੇ ਵਿਦਿਆਰਥੀਆਂ ਨੂੰ ਲੋਕ ਅਰਪਣ ਕੀਤੀ ਗਈ। ਇਸ ਮੌਕੇ ਦਿਲ ਨਿੱਜਰ ਨੇ ਕਾਲਜ ਦੇ ਵਿਦਿਆਰਥੀਆਂ ਨੂੰ ਆਪਣੀਆਂ ਚੋਣਵੀਆਂ ਰਚਨਾਵਾਂ ਤਰੁੰਨਮ ਸੁਣਾ ਕੇ ਭਰਵੀਂ ਦਾਦ ਹਾਸਲ ਕੀਤੀ। ਇਸ ਸਮਾਗਮ ਵਿਚ ਕਾਲਜ ਦੇ ਅਧਿਆਪਕਾਂ ਅਤੇ ਵਿਦਿਆਰਥੀਆਂ ਨੇ ਦਿਲ ਨਿੱਜਰ ਤੋਂ ਉਹਨਾਂ ਦੀ ਸਾਹਿਤ ਰਚਨਾ ਅਤੇ ਪਰਵਾਸੀ ਜੀਵਨ ਬਾਰੇ ਕਈ ਮਹੱਤਵਪੂਰਨ ਸਵਾਲ ਵੀ ਪੁੱਛੇ। ਇਸ ਮੌਕੇ ਦਿਲ ਨਿੱਜਰ ਨੇ ਅਧਿਆਪਕਾਂ ਅਤੇ ਵਿਦਿਆਰਥੀਆਂ ਨਾਲ ਆਪਣੇ ਵਿਚਾਰ ਸਾਂਝੇ ਕਰਦਿਆਂ ਕਿਹਾ ਕਿ ਉਹ ਆਪਣੀ ਪੰਜਾਬ ਫੇਰੀ ਤੋਂ ਬਹੁਤ ਖੁਸ਼ ਹਨ।

ਉਨ੍ਹਾਂ ਨੂੰ ਹਰ ਥਾਂ ਰੱਜਵਾਂ ਪਿਆਰ ਸਤਿਕਾਰ ਮਿਲਿਆ ਹੈ ਤੇ ਉਹ ਭਵਿੱਖ ਵਿਚ ਵੀ ਇਹ ਸਾਹਿਤਕ ਆਦਾਨ-ਪ੍ਰਦਾਨ ਕਰਦੇ ਰਹਿਣਗੇ। ਅਧਿਆਪਕਾਂ ਅਤੇ ਵਿਦਿਆਰਥੀਆਂ ਦੀ ਭਰਵੀਂ ਹਾਜ਼ਰੀ ਕਾਰਨ ਇਹ ਸਮਾਗਮ ਬੜਾ ਯਾਦਗਾਰੀ ਹੋ ਨਿੱਬੜਿਆ। ਇਸ ਮੌਕੇ ਕਾਲਜ ਦੇ ਪ੍ਰਿੰਸੀਪਲ ਅਤੇ ਸਟਾਫ ਵੱਲੋਂ ਦਿਲ ਨਿੱਜਰ ਨੂੰ ਇਕ ਯਾਦਗਾਰੀ ਚਿੰਨ੍ਹ ਸਨਮਾਨ ਵਜੋਂ ਭੇਂਟ ਕੀਤਾ ਗਿਆ। ਸਮਾਗਮ ਦੇ ਅੰਤ ਤੇ ਉੱਘੇ ਲੇਖਕ ਅਤੇ ਕਾਲਜ ਦੇ ਅਧਿਆਪਕ ਡਾ. ਕੰਵਰ ਜਸਮਿੰਦਰਪਾਲ ਸਿੰਘ ਵੱਲੋਂ ਦਿਲ ਨਿੱਜਰ ਅਤੇ ਬਾਹਰੋਂ ਆਏ ਵਿਦਵਾਨਾਂ ਦਾ ਉਚੇਚੇ ਤੌਰ ਤੇ ਧੰਨਵਾਦ ਕੀਤਾ।


**– ਡਾ. ਮੋਹਨ ਤਿਆਗੀ**


ਪੰਜਾਬੀ ਫੈਸ਼ਨ ਦਾ ਨੰਬਰ ਵਨ ਸਟੋਰ
Kash FABRICS
ਸਾਡੀ ਸਪੈਸ਼ਲਟੀ
* ਵਿਆਹ ਸ਼ਾਦੀ ਲਈ ਡਿਜ਼ਾਈਨਰ ਲਹਿੰਗੇ ਤੇ ਸੂਟ ਅਤੇ ਨਾਲ ਡਿਜ਼ਾਈਨਰ ਮੈਚਿੰਗ ਜਿਊਲਰੀ
* ਖੁੱਲ੍ਹਾ ਕੱਪੜਾ, ਵਧੀਆ ਤੋਂ ਵਧੀਆ ਸਾੜੀਆਂ ਤੇ ਡਿਜ਼ਾਈਨਰ ਸੂਟ, ਦਰਜਨਾਂ ਰੰਗਾਂ ਵਿਚ ਪੱਗੜੀਆਂ ਸਾਡੇ ਤੋਂ ਖਰੀਦੋ।
* ਸਾਡੇ ਕੋਲ ਹਿੰਦੀ, ਪੰਜਾਬੀ ਅਤੇ ਉਰਦੂ ਦੇ ਸੰਗੀਤ, ਡਰਾਮਿਆਂ ਅਤੇ ਫਿਲਮਾਂ ਦੀਆਂ ਸੀਡੀਆਂ-ਵੀਡੀਓ ਤੇ ਡੀ. ਵੀ. ਡੀ. ਦੀ ਬਹੁਤ ਵੱਡੀ ਕੁਲੈਕਸ਼ਨ ਹੈ।
* ਕੈਲੀਫੋਰਨੀਆ ਤੋਂ ਬਾਹਰ ਰਹਿੰਦੇ ਗਾਹਕਾਂ ਲਈ ਸਾਮਾਨ ਅਸੀਂ ਯੂ. ਪੀ. ਐਸ. ਰਾਹੀਂ ਤੁਰੰਤ ਭੇਜ ਸਕਦੇ ਹਾਂ।
Appointments & Walk-Ins Welcome
Tuesday - Sunday: 11 AM - 8 PM
Threading Salon
Specializing in:
Eyebrow Threading .... $5
Full Face Threading, Facial,
Unique Mehndi Designs,
Natural Henna for Hair
KASH FABRICS
ONE STOP SHOPPING CENTRE
29576 Mission Blvd, Hayward, CA 94544
Tel: (510) 538-1138, Fax: (510) 538-4737
www.Kashfabrics.com
ਕਸ਼ਮੀਰ ਸਿੰਘ ਧੁੱਗਾ ਅਤੇ ਗੁਰਜੀਤ ਕੌਰ ਧੁੱਗਾ
Like us on Facebook | Follow us on Instagram


INDIA BAZAAR
Jai Ram Gaught
Harjit Gaught (Happy)
INDIAN, PAKISTANI & FIJJIAN GROCERIES
WE ARE OPEN
7 DAYS A WEEK
9:00am to 8:30pm
RENT DVDS & BUY CLOTHES
ENJOY YOUR DAY WITH HOPES
WE ACCEPT FOOD STAMPS
CALL TO HAPPY
Cell: (415) 706-7027
Ph: (209) 478-0285
Fax: (209) 477-3206
ਸਾਡੇ ਕੋਲ ਏਅਰਲਾਈਨ ਟਿਕਟਾਂ ਵੀ ਉਪਲੱਬਧ ਹਨ।
EVERY SATURDAY & SUNDAY SPECIAL DISCOUNT ON GROCERIES
1304-E HAMMER LANE, SUITE 12, STOCKTON CA, 95210
EMAIL: indiabazaar08@yahoo.com


Raja
SWEETS & CATERING
AUTHORIZED CATERER FOR
MAJOR 5-STAR HOTELS
ITEMS SERVING
All Kinds of Sweets | Snacks
Chaat Stall | North Indian Cuisine
Fluda Kulfi Stall | On Site Tandoor
CATERING SERVICE
Wedding Ceremonies | Receptions
Birthday Parties | Corporate Events
Religious Gatherings
Picnics/Bar-B-Que
ADDITIONAL SERVICE
Warmers | Chaffing Dishes
China & Silverware
Linen Rental | Waiters
Bartenders
CONTACT US:
RAJA SWEETS & CATERING
WORK (510) 489-9100
CELL (510) 715-1619
Email: msbains@rajasweets.com
www.rajasweets.com
Find us on facebook
Follow us on Twitter
rajasweetsandcatering
rajasweets


INDIA MARKET
INDIA MARKET
SWEETS & SPICES
CHAAT PAPDI, SAMOSA, CHAAT, PANI PURI
DAHI VADA, BHEL PURI CHAAT
CHAAT PLATE
ONLY FOR $2.99
ਤਾਜ਼ੀਆਂ ਸਬਜ਼ੀਆਂ ਅਤੇ ਗਰੋਸਰੀ ਲਈ ਸੇਵਾ ਦਾ ਮੌਕਾ ਦਿਓ
WE HAVE LARGEST COLLECTION FOR INDIAN FIJIAN & PAKISTANI GROCERY
MUSIC, FABRIC ARTIFICIAL JEWELRY, SWEETS, FRESH VEGETABLES & MORE..
ਕਸ਼ਮੀਰ ਸਿੰਘ ਹੀਰਾ
ਬਰਿੰਦਰ ਬੰਗੜ
Super Eyebrow Threading Now Open
Eyebrow Threading & Henna Tattoo
7 times, Get 8th one free!
Inside India Market
SACRAMENTO
5203 EKLHORN BLVD
SACRAMENTO CA 95842
916- 338-5511
WALK INS WELCOME
ROSEVILLE
1265 PLEASANT GROVE BLVD.
# 100 ROSEVILLE, CA 95747
916- 786-7666
Cell : 916-338-5511
Email: IndiaMarketRoseville@gmail.com




## ਬੇਗਮਪੁਰਾ ਸਹਰ ਕੋ ਨਾਉ॥ ਦੂਖੁ ਅੰਦੋਹੁ ਨਹੀਂ ਤਿਹਿ ਠਾਉ॥

ਸ੍ਰੀ ਗੁਰੂ ਰਵਿਦਾਸ ਸਭਾ ਫਰਿਜ਼ਨੋ (ਕੈਲੇਫੋਰਨੀਆ) ਵੱਲੋਂ ਸ੍ਰੀ ਗੁਰੂ ਰਵਿਦਾਸ ਜੀ ਦਾ ਪ੍ਰਕਾਸ਼ ਦਿਹਾੜਾ 5 ਮਾਰਚ 2017 (ਦਿਨ ਐਤਵਾਰ) ਨੂੰ ਪੂਰਨ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਇਆ ਜਾ ਰਿਹਾ ਹੈ। ਸਮੂਹ ਸਾਧ ਸੰਗਤ ਨੂੰ ਬੇਨਤੀ ਹੈ ਕਿ ਇਸ ਦਿਨ ਗੁਰੂ ਘਰ ਹਾਜ਼ਰੀਆਂ ਭਰ ਕੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ। ਸ੍ਰੀ ਗੁਰੂ ਰਵਿਦਾਸ ਸਭਾ ਫਰਿਜ਼ਨੋ ਇਸ ਨੇਕ ਕਾਰਜ ਲਈ ਵਧਾਈ ਦੀ ਪਾਤਰ ਹੈ।

ਆਓ ਆਪਾਂ ਸਾਰੇ ਆਪਣੀ ਜ਼ਿੰਦਗੀ ਦੇ ਹਰ ਕਿਸਮ ਦੇ ਰੁਝੇਵਿਆਂ 'ਚੋਂ ਵਕਤ ਕੱਢਦੇ ਹੋਏ 5 ਮਾਰਚ (ਦਿਨ ਐਤਵਾਰ) ਨੂੰ ਸ੍ਰੀ ਗੁਰੂ ਰਵਿਦਾਸ ਟੈਂਪਲ, (ਸੈਂਟਰਲ ਵੈਲੀ) ਫਰਿਜ਼ਨੋ 5025 S. CHERY AVE., FRESNO (CALIFORNIA) 93706 ਵਿਖੇ ਹਾਜ਼ਰੀਆਂ ਭਰਦੇ ਹੋਏ ਸਤਿਗੁਰੂ ਦਾ ਆਸ਼ੀਰਵਾਦ ਪ੍ਰਾਪਤ ਕਰੀਏ ਅਤੇ ਗੁਰੂ ਰੂਪੀ ਸੰਗਤ ਦੇ ਦੀਦਾਰ-ਏ-ਦਰਸ਼ਨ ਕਰਦੇ ਹੋਏ ਪਹੁੰਚ ਰਹੇ ਰਾਗੀ ਜਥਿਆਂ, ਕਥਾ ਵਾਚਕ ਅਤੇ ਬੁਲਾਰਿਆਂ ਦੇ ਸ਼ਬਦ ਗਾਇਨ, ਕਥਾ ਅਤੇ ਵਿਚਾਰਾਂ ਨੂੰ ਸਰਵਣ ਕਰੀਏ ਜੀ।

ਕਮਿਊਨਿਟੀ ਦੇ ਨਿਸ਼ਕਾਮ ਸੇਵਕ, ਪੰਜਾਬੀ ਬੋਲੀ ਅਤੇ ਪੰਜਾਬੀ ਸਭਿਆਚਾਰ ਦਾ ਸੱਚਾ ਸੇਵਾਦਾਰ ਮੋਮੀ ਪਰਿਵਾਰ

DAYS INN | Holiday Inn EXPRESS HOTEL & SUITES | momi

**Holidayinn Express, DAYS INN and MOMI HOSPITALITY INVESTMENT**

**ਕੈਲੀਫੋਰਨੀਆ ਦੇ ਮਾਲਕ**



ਖੱਬੇ ਤੋਂ ਸੱਜੇ:- ਸੁਰਜੀਤ ਮੋਮੀ, ਲਾਲੀ ਮੋਮੀ, ਹਰਮਿੰਦਰ ਮੋਮੀ, ਰਾਜਿੰਦਰ ਮੋਮੀ (ਚੇਅਰਮੈਨ, ਸ੍ਰੀ ਗੁਰੂ ਰਵਿਦਾਸ ਸਭਾ ਫਰਿਜ਼ਨੋ) ਅਤੇ ਪ੍ਰੇਮ ਸੋਢੀ ਮੋਮੀ

# MOMI BROTHERS

## ਅਤੇ ਸਮੂਹ ਮੋਮੀ ਪਰਿਵਾਰ